ਬੁੱਧਵਾਰ, 31 ਦਸੰਬਰ, 2025
17 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 211

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • WEDNESDAY, 31 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਖਾਲਿਦਾ ਜ਼ਿਆ ਦਾ ਦੇਹਾਂਤ



**ਢਾਕਾ** : ਬੰਗਲਾਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਅਤੇ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਚੇਅਰਪਰਸਨ ਖਾਲਿਦਾ ਜ਼ਿਆ ਦਾ ਲੰਬੀ ਬਿਮਾਰੀ ਤੋਂ ਬਾਅਦ ਮੰਗਲਵਾਰ ਸਵੇਰੇ ਦਿਹਾਂਤ ਹੋ ਗਿਆ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ 80 ਸਾਲਾ ਜ਼ੀਆ ਨੇ ਢਾਕਾ ਦੇ ਐਵਰਕੇਅਰ ਹਸਪਤਾਲ ਵਿੱਚ ਸਵੇਰੇ ਕਰੀਬ 6 ਵਜੇ ਆਖਰੀ ਸਾਹ ਲਿਆ, ਜਿਸ ਦੀ ਪੁਸ਼ਟੀ ਉਨ੍ਹਾਂ ਦੇ ਨਿੱਜੀ ਡਾਕਟਰ ਪ੍ਰੋਫੈਸਰ ਏਜ਼ੈਡਐਮ ਜ਼ਾਹਿਦ ਹੁਸੈਨ ਨੇ ਕੀਤੀ ਹੈ। ਉਨ੍ਹਾਂ ਦੇ ਸਨਮਾਨ ਵਿੱਚ ਮੁੱਖ ਸਲਾਹਕਾਰ ਮੁਹੰਮਦ ਯੂਨੁਸ ਨੇ ਦੇਸ਼ ਵਿੱਚ ਤਿੰਨ ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਖਾਲਿਦਾ ਜ਼ਿਆ ਤਿੰਨ ਵਾਰ ਦੇਸ਼ ਦੀ ਪ੍ਰਧਾਨ ਮੰਤਰੀ ਬਣੀ।

## ਸ਼ਕੁਨੀ ਦਾ ਚੇਲਾ ਬੰਗਾਲ ਦੌਰੇ 'ਤੇ : ਮਮਤਾ ਬੈਨਰਜੀ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਸ਼ਕੁਨੀ ਦਾ ਚੇਲਾ ਦੁਸ਼ਾਸਨ ਬੰਗਾਲ ਵਿੱਚ ਜਾਣਕਾਰੀ ਜੁਟਾਉਣ ਆਇਆ ਹੈ। ਜਿਉਂ ਹੀ ਚੋਣਾਂ ਆਉਂਦੀਆਂ ਹਨ, ਦੁਸ਼ਾਸਨ ਤੇ ਦੁਰਯੋਧਨ ਦਿਖਾਈ ਦੇਣ ਲੱਗਦੇ ਹਨ। ਭਾਜਪਾ ਕਹਿ ਰਹੀ ਹੈ ਕਿ ਘੁਸਪੈਠ ਰੋਕਣ ਲਈ ਤਾਰ ਲਾਉਣ ਵਾਸਤੇ ਮਮਤਾ ਬੈਨਰਜੀ ਨੇ ਜ਼ਮੀਨ ਨਹੀਂ ਦਿੱਤੀ ਤਾਂ ਫਿਰ ਪੈਟਰਾਪੋਲ ਤੇ ਅੰਡਾਲ ਵਿੱਚ ਜ਼ਮੀਨ ਕਿਸ ਨੇ ਦਿੱਤੀ? ਬਾਂਕੁਰਾ ਵਿੱਚ ਇੱਕ ਪ੍ਰੋਗਰਾਮ ਵਿੱਚ ਮਮਤਾ ਨੇ ਕਿਹਾ ਕਿ ਭਾਜਪਾ ਕਹਿੰਦੀ ਹੈ ਕਿ ਘੁਸਪੈਠੀਏ ਸਿਰਫ ਬੰਗਾਲ ਵਿੱਚ ਹੀ ਆਉਂਦੇ ਹਨ। ਜੇ ਇੰਜ ਹੈ ਤਾਂ ਕੀ ਪਹਿਲਗਾਮ ਵਿੱਚ ਹਮਲਾ ਤੁਸੀਂ ਕਰਾਇਆ ਸੀ? ਦਿੱਲੀ ਦੀ ਘਟਨਾ ਪਿੱਛੇ ਕੌਣ ਸੀ? ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੋਲਕਾਤਾ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਸੀ ਕਿ ਮਮਤਾ ਸਰਕਾਰ ਘੁਸਪੈਠ ਨਹੀਂ ਰੋਕ ਪਾ ਰਹੀ। ਭਾਜਪਾ ਸਰਕਾਰ ਬਣੀ ਤਾਂ ਇੱਥੇ ਪਰਿੰਦਾ ਵੀ ਪਰ ਨਹੀਂ ਮਾਰ ਸਕੇਗਾ।

## ਬੱਝ ਗਿਆ ਪ੍ਰਿਅੰਕਾ ਦਾ ਮੁੰਡਾ



**ਨਵੀਂ ਦਿੱਲੀ** : ਕਾਂਗਰਸ ਸਾਂਸਦ ਪ੍ਰਿਅੰਕਾ ਗਾਂਧੀ ਤੇ ਬਿਜ਼ਨਸਮੈਨ ਰਾਬਰਟ ਦੇ ਬੇਟੇ ਰੇਹਾਨ ਵਾਡਰਾ (25) ਦੀ ਸੱਤ ਸਾਲਾਂ ਤੋਂ ਸਹੇਲੀ ਚੱਲੀ ਆ ਰਹੀ ਅਵੀਵਾ ਬੇਗ ਨਾਲ ਠਾਕਾ ਹੋ ਗਿਆ ਹੈ ਤੇ ਕੁੜਮਾਈ ਦਾ ਜਸ਼ਨ ਕੁਝ ਦਿਨਾਂ ਤੱਕ ਰਾਜਸਥਾਨ ਦੇ ਰਣਥੰਬੋਰ ਵਿੱਚ ਹੋਣਾ ਹੈ। ਰੇਹਾਨ ਕੁਦਰਤ ਦੀ ਫੋਟੋਗ੍ਰਾਫੀ ਕਰਦਾ ਹੈ। ਲੰਡਨ ਵਿੱਚ ਪੜ੍ਹਿਆ ਰੇਹਾਨ ਸਿਆਸੀ ਪਰਵਾਰ ਵਿੱਚੋਂ ਹੋਣ ਦੇ ਬਾਵਜੂਦ ਜਨਤਕ ਜੀਵਨ ਤੋਂ ਆਮ ਕਰਕੇ ਦੂਰ ਹੀ ਰਹਿੰਦਾ ਹੈ। ਅਵੀਵਾ ਨੇ ਓ ਪੀ ਜਿੰਦਲ ਗਲੋਬਲ ਯੂਨੀਵਰਸਿਟੀ ਤੋਂ ਪੱਤਰਕਾਰੀ ਦਾ ਕੋਰਸ ਕੀਤਾ ਹੈ। ਉਹ ਵੀ ਫੋਟੋਗ੍ਰਾਫੀ ਦੀ ਸ਼ੌਕੀਨ ਹੈ। ਉਹ ਕੌਮੀ ਪੱਧਰ ਦੀ ਫੁੱਟਬਾਲ ਖਿਡਾਰਨ ਵੀ ਰਹਿ ਚੁੱਕੀ ਹੈ। ਉਸ ਦੀ ਮਾਂ ਨੰਦਿਤਾ ਬੇਗ ਇੰਟੀਰੀਅਰ ਡਿਜ਼ਾਈਨਰ ਤੇ ਪਿਤਾ ਇਮਰਾਨ ਬੇਗ ਬਿਜ਼ਨਸਮੈਨ ਹੈ।

## ਡੂੰਘੀ ਖੱਡ 'ਚ ਡਿੱਗੀ ਬੱਸ, 7 ਮੌਤਾਂ, 12 ਜ਼ਖਮੀ

**ਅਲਮੋੜਾ** : ਉੱਤਰਾਖੰਡ ਦੇ ਅਲਮੋੜਾ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਬੱਸ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਹਾਦਸੇ ਵਿੱਚ 7 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਡਰਾਈਵਰ ਸਮੇਤ 12 ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ। ਐੱਸ ਐੱਸ ਪੀ ਦੇਵੇਂਦਰ ਪਿੰਚਾ ਮੁਤਾਬਕ, ਇਹ ਹਾਦਸਾ ਭੀਕੀਆਸੈਣ ਇਲਾਕੇ ਵਿੱਚ ਉਸ ਵੇਲੇ ਵਾਪਰਿਆ, ਜਦੋਂ ਬੱਸ ਦੁਆਰਾਹਾਟ ਤੋਂ ਰਾਮਨਗਰ ਵੱਲ ਜਾ ਰਹੀ ਸੀ। ਬੱਸ ਵਿੱਚ ਕਰੀਬ 18 ਤੋਂ 19 ਸਵਾਰੀਆਂ ਮੌਜੂਦ ਸਨ। ਸੂਚਨਾ ਮਿਲਦੇ ਹੀ ਪੁਲਸ ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਬਚਾਅ ਕਾਰਜ ਸ਼ੁਰੂ ਕੀਤੇ ਅਤੇ ਜ਼ਖ਼ਮੀਆਂ ਨੂੰ ਖੱਡ ਵਿੱਚੋਂ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਤਰਸਿੱਕਾ** ਅੰਮ੍ਰਿਤਸਰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸਾਡੇ ਪੱਤਰਕਾਰ **ਤਰਸੇਮ ਸਿੰਘ ਸਾਧਪੁਰ** ਨਾਲ ਤਰਸੇਮ ਫੋਟੋ ਸਟੂਡੀਓ ਖੁਜਾਲਾ ਜਾਂ ਮੋਬਾਇਲ ਨੰਬਰ 99882-03163 'ਤੇ ਸੰਪਰਕ ਕੀਤਾ ਜਾ ਸਕਦਾ ਹੈ। -ਜਨਰਲ ਮੈਨੇਜਰ



ਸਤਿਕਾਰਤ ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਜਨਮ ਦਿਨ 'ਤੇ ਉਨ੍ਹਾਂ ਦੀ ਨਿੱਘੀ ਯਾਦ ਨੂੰ ਸਮਰਪਿਤ **ਮਾਨਸਾ** ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਆਤਮਾ ਸਿੰਘ ਪਮਾਰ** ਨਾਲ ਮੋਬਾਇਲ 89680-56200 'ਤੇ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ


# ਪੰਜਾਬ ਅਸੰਬਲੀ ਵੱਲੋਂ 'ਜੀ ਰਾਮ ਜੀ' ਖਿਲਾਫ਼ ਮਤਾ ਪਾਸ

## ਨਵੇਂ ਕਾਨੂੰਨ ਖਿਲਾਫ ਹਰ ਪੱਧਰ 'ਤੇ ਲੜਾਂਗੇ, ਪਰਗਟ ਵੱਲੋਂ ਪ੍ਰਧਾਨ ਮੰਤਰੀ ਦੇ ਘਰ ਅੱਗੇ ਧਰਨਾ ਮਾਰਨ ਦਾ ਸੁਝਾਅ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਦੀ ਮਗਨਰੇਗਾ ਸਕੀਮ ਵਿੱਚ ਲਿਆਂਦੇ ਬਦਲਾਅ ਖਿਲਾਫ ਮੰਗਲਵਾਰ ਮਤਾ ਪਾਸ ਕੀਤਾ। ਇਸ ਮੌਕੇ ਭਾਜਪਾ ਦੇ ਦੋਵੇਂ ਵਿਧਾਇਕ ਗੈਰ-ਹਾਜ਼ਰ ਰਹੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨਿਆ ਕਿ ਪੰਜਾਬ ਸਰਕਾਰ ਨਵੇਂ ਕਾਨੂੰਨ ਖਿਲਾਫ ਹਰ ਪੱਧਰ 'ਤੇ ਲੜਾਈ ਕਰੇਗੀ, ਤਾਂ ਕਿ ਗਰੀਬਾਂ ਦੀ ਰੋਜ਼ੀ-ਰੋਟੀ ਨੂੰ ਸੁਰੱਖਿਅਤ ਕੀਤਾ ਜਾ ਸਕੇ।

ਵਿਧਾਨ ਸਭਾ ਨੇ ਵਿਸ਼ੇਸ਼ ਅਜਲਾਸ ਵਿੱਚ ਤਿੰਨ ਅਹਿਮ ਬਿੱਲਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਵਿੱਚ ਪੰਜਾਬ ਆਬਾਦੀ ਦੇਹ (ਮਾਲਕੀ ਰਿਕਾਰਡ) ਸੋਧ ਬਿੱਲ, ਭਾਰਤੀ ਸਟੈਂਪ (ਪੰਜਾਬ ਦੂਜੀ ਸੋਧ) ਬਿੱਲ ਅਤੇ ਪੰਜਾਬ ਲੈਂਡ ਰੈਵੇਨਿਊ (ਸੋਧ) ਬਿੱਲ-2025 ਸ਼ਾਮਲ ਹਨ। ਬਿੱਲ ਪਾਸ ਹੋਣ ਮਗਰੋਂ ਸਦਨ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।

ਅਜਲਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਦੇ ਨਾਲ ਸ਼ੁਰੂ ਹੋਇਆ।

ਮੁੱਖ ਮੰਤਰੀ ਭਗਵੰਤ ਮਾਨ ਦਾ ਭਾਸ਼ਣ ਸ਼ੁਰੂ ਹੋਣ ਮੌਕੇ ਸਦਨ 'ਚ ਹੰਗਾਮਾ ਵੀ ਹੋਇਆ। ਸੁਖਪਾਲ ਖਹਿਰਾ ਨੇ ਸਮਾਂ ਨਾ ਦਿੱਤੇ ਜਾਣ 'ਤੇ ਵਿਰੋਧ ਕੀਤਾ। ਹੰਗਾਮੇ ਕਾਰਨ ਕਾਰਵਾਈ 'ਚ ਕਰੀਬ 20 ਮਿੰਟ ਵਿਘਨ ਪਿਆ ਰਿਹਾ। ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਹੁਕਮਾਂ 'ਤੇ ਖਹਿਰਾ ਨੂੰ ਸਦਨ 'ਚੋਂ ਬਾਹਰ ਕੱਢ ਦਿੱਤਾ ਗਿਆ। ਇਸ ਮੌਕੇ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਨੂੰ ਵੀ ਬਾਹਰ ਕੱਢ ਦਿੱਤਾ ਗਿਆ।

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸਰਕਾਰੀ ਮਤੇ 'ਤੇ ਬੋਲਦਿਆਂ ਕਿਹਾ ਕਿ ਸਦਨ 'ਚ ਇਕੱਲੇ ਮਤੇ ਪਾਸ ਕਰਨ ਨਾਲ ਗੱਲ ਨਹੀਂ ਬਣੇਗੀ, ਦਿੱਲੀ 'ਚ ਪ੍ਰਧਾਨ ਮੰਤਰੀ ਦੇ ਦਫਤਰ ਤੇ ਘਰ ਅੱਗੇ ਧਰਨਾ ਦੇਣਾ ਪਵੇਗਾ। ਉਨ੍ਹਾ ਕਿਹਾ ਕਿ ਆਪ ਸਰਕਾਰ ਅਗਵਾਈ ਕਰੇ ਤੇ ਕਾਂਗਰਸ ਦੇ ਸਾਰੇ ਵਿਧਾਇਕ ਸਾਥ ਦੇਣਗੇ। ਉਨ੍ਹਾ ਕਿਹਾ ਕਿ ਅਸਲ 'ਚ ਕੇਂਦਰ ਸਰਕਾਰ ਇਸ ਬਦਲਾਅ ਦੇ ਰਾਹੀਂ ਸਕੀਮ ਨੂੰ ਖਤਮ ਕਰਨ ਜਾ ਰਹੀ ਹੈ।

ਇਸ ਤੋਂ ਪਹਿਲਾਂ ਮਗਨਰੇਗਾ ਦੀ ਥਾਂ ਲਿਆਂਦੇ 'ਜੀ ਰਾਮ ਜੀ' ਕਾਨੂੰਨ ਖਿਲਾਫ ਅਜਲਾਸ ਵਿੱਚ ਆਮ ਆਦਮੀ ਪਾਰਟੀ ਦੇ



ਵਿਧਾਇਕ ਮਗਨਰੇਗਾ ਕਾਮਿਆਂ ਦੀਆਂ ਦਰਖਾਸਤਾਂ ਲੈ ਕੇ ਪਹੁੰਚੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਵੱਖ-ਵੱਖ ਵਿਧਾਇਕਾਂ ਨੇ ਕਿਹਾ ਕਿ ਜੀ ਰਾਮ ਜੀ ਕਾਨੂੰਨ ਲਿਆ ਕੇ ਕੇਂਦਰ ਸਰਕਾਰ ਮਜ਼ਦੂਰਾਂ ਅਤੇ ਪੱਛੜੇ ਵਰਗ ਦੇ ਲੋਕਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਨਾਂ ਦਾ ਰੁਜ਼ਗਾਰ ਖੋਹ ਰਹੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਦੇਵ ਮਾਨ ਅਤੇ ਕੁਲਜੀਤ ਰੰਧਾਵਾ ਦਰਖਾਸਤਾਂ ਦੀ ਪੰਡ ਸਮੇਤ ਵਿਧਾਨ ਸਭਾ ਦੇ ਬਾਹਰ ਪੁੱਜੇ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਦਨ 'ਚ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਪੰਜਾਬ 'ਚ ਪਿਛਲੀਆਂ ਸਰਕਾਰਾਂ ਸਮੇਂ ਮਗਨਰੇਗਾ ਸਕੀਮ 'ਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਕਰਾਈ ਜਾਵੇ। ਅਰੋੜਾ ਨੇ ਕਿਹਾ ਕਿ ਗਿੱਦੜਬਾਹਾ, ਮੁਕਤਸਰ ਤੇ ਅਬੋਹਰ ਦੇ ਇਲਾਕੇ 'ਚ ਵੱਡੇ ਘਪਲੇ ਹੋਏ ਹਨ, ਜਿਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਗੁਜਰਾਤ, ਮੱਧ ਪ੍ਰਦੇਸ਼ ਤੇ ਬਿਹਾਰ 'ਚ ਹੋਏ ਘਪਲਿਆਂ ਦਾ ਜ਼ਿਕਰ ਕੀਤਾ।

ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਸਦਨ 'ਚ ਸਰਕਾਰੀ ਮਤੇ ਦਾ ਵਿਰੋਧ ਕਰਦਿਆਂ ਮਗਨਰੇਗਾ ਸਕੀਮ 'ਚ ਕੀਤੇ ਬਦਲਾਅ ਨੂੰ ਮਜ਼ਦੂਰ ਪੱਖੀ ਦੱਸਿਆ। ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹਾਲੇ ਤੱਕ 7000 ਪਿੰਡਾਂ 'ਚ ਸੋਸ਼ਲ ਆਡਿਟ ਨਹੀਂ ਕਰਾਇਆ। ਇਸ ਦਾ ਵਿਰੋਧ ਕਰਦਿਆਂ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਦੇ ਪੈਸੇ ਰੋਕ ਰੱਖੇ ਹਨ।

ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਸਦਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ 'ਤੇ ਇਤਰਾਜ਼ ਜਤਾਇਆ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਕੀਤੀ ਟਿੱਪਣੀ ਅਪਮਾਨਜਨਕ ਹੈ। ਗਿਆਸਪੁਰਾ ਨੇ 'ਮੋਦੀ ਦੀ ਧੌਣ 'ਤੇ ਗੋਡਾ ਰੱਖਾਂਗੇ' ਸ਼ਬਦ ਦਾ ਇਸਤੇਮਾਲ ਕੀਤਾ ਸੀ। ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸਦਨ ਵਿੱਚ ਮਗਨਰੇਗਾ ਸਕੀਮ 'ਚ ਕੇਂਦਰ ਸਰਕਾਰ ਵੱਲੋਂ ਕੀਤੇ ਬਦਲਾਅ ਦੇ ਮਾਮਲੇ 'ਤੇ ਸਰਕਾਰੀ ਮਤਾ ਪੇਸ਼ ਕੀਤਾ ਗਿਆ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਨਵੇਂ ਬਦਲਾਅ ਕਰਕੇ ਦਲਿਤ ਤੇ ਮਜ਼ਦੂਰ ਵਿਰੋਧੀ ਫੈਸਲਾ ਕੀਤਾ ਹੈ। ਸਦਨ ਸਿਫਾਰਸ਼ ਕਰਦਾ ਹੈ ਕਿ ਪੰਜਾਬ ਸਰਕਾਰ ਇਸ ਮੁੱਦੇ ਨੂੰ ਕੇਂਦਰ ਕੋਲ ਉਠਾਏ, ਤਾਂ ਜੋ ਮਜ਼ਦੂਰਾਂ ਦੀ ਰੋਜ਼ੀ-ਰੋਟੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

## ਕੇਂਦਰੀ ਮੰਤਰੀ ਸ਼ਿਵਰਾਜ ਚੌਹਾਨ ਭੜਕੇ

**ਭੋਪਾਲ** : ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਵਿਧਾਨ ਸਭਾ ਵੱਲੋਂ 'ਵਿਕਸਤ ਭਾਰਤ-ਜੀ ਰਾਮ ਜੀ' ਐਕਟ ਵਿਰੁੱਧ ਮਤਾ ਪਾਸ ਕਰਨ ਲਈ ਬੁਲਾਏ ਗਏ ਵਿਸ਼ੇਸ਼ ਅਜਲਾਸ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਇਹ ਭਾਰਤ ਦੇ ਸੰਘੀ ਢਾਂਚੇ ਦੀ ਮੂਲ ਭਾਵਨਾ ਦੇ ਖਿਲਾਫ ਹੈ।

ਚੌਹਾਨ ਨੇ ਦੱਸਿਆ ਕਿ ਲੋਕ ਸਭਾ ਵਿੱਚ ਇਸ ਬਿੱਲ 'ਤੇ ਅੱਠ ਘੰਟੇ ਤੋਂ ਵੱਧ ਚਰਚਾ ਹੋਈ ਸੀ, ਪਰ ਵਿਰੋਧੀ ਧਿਰ ਨੇ ਉਸ ਵੇਲੇ ਸਿਰਫ ਹੰਗਾਮਾ ਕੀਤਾ ਅਤੇ ਹੁਣ ਵਿਧਾਨ ਸਭਾ ਰਾਹੀਂ ਸੰਵਿਧਾਨਕ ਸਿਧਾਂਤਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾ ਸਵਾਲ ਚੁੱਕਿਆ ਕਿ ਜਦੋਂ ਇਹ ਕਾਨੂੰਨ ਪੇਂਡੂ ਵਿਕਾਸ ਅਤੇ ਰੁਜ਼ਗਾਰ ਨੂੰ ਮਜ਼ਬੂਤੀ ਦਿੰਦਾ ਹੈ, ਤਾਂ ਪੰਜਾਬ ਸਰਕਾਰ ਇਸ ਦਾ ਵਿਰੋਧ ਕਰਕੇ ਕੀ ਸਾਬਤ ਕਰਨਾ ਚਾਹੁੰਦੀ ਹੈ।

## ਦੁੱਖਾਂ ਦੀ ਪੰਡ



**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਵਿਧਾਇਕ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਵਿੱਚ ਮਨਰੇਗਾ ਮਜ਼ਦੂਰਾਂ ਵੱਲੋਂ ਲਿਖੇ ਲੱਖ ਤੋਂ ਵੱਧ ਪੱਤਰ ਲੈ ਕੇ ਪਹੁੰਚੇ। ਇਹ ਪੱਤਰ ਉਨ੍ਹਾਂ ਮਿਹਨਤਕਸ਼ ਪਰਵਾਰਾਂ ਦੇ ਦਰਦ ਅਤੇ ਸੰਘਰਸ਼ ਦੀ ਦਾਸਤਾਨ ਬਿਆਨ ਕਰਦੇ ਹਨ, ਜੋ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਤਹਿਤ ਕੰਮ ਕਰਕੇ ਆਪਣਾ ਗੁਜ਼ਾਰਾ ਚਲਾਉਂਦੇ ਹਨ। ਪੰਜਾਬ ਸਰਕਾਰ ਨੇ ਇਨ੍ਹਾਂ ਪੱਤਰਾਂ ਨੂੰ ਸਿਰਫ਼ ਵਿਧਾਨ ਸਭਾ ਵਿੱਚ ਪੇਸ਼ ਕਰਨ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਨ੍ਹਾਂ ਨੂੰ ਸਿੱਧੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਾਉਣ ਦਾ ਸੰਕਲਪ ਲਿਆ ਹੈ। ਇਸ ਦਾ ਮਕਸਦ ਕੇਂਦਰ ਸਰਕਾਰ ਨੂੰ ਮਜ਼ਦੂਰਾਂ ਦੀ ਅਸਲ ਹਾਲਤ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਜਲਦ ਹੱਲ ਦੀ ਮੰਗ ਕਰਨਾ ਹੈ। ਪੰਜਾਬ ਦੇ ਮਨਰੇਗਾ ਮਜ਼ਦੂਰ ਕਈ ਗੰਭੀਰ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਭ ਤੋਂ ਵੱਡੀ ਸਮੱਸਿਆ ਮਜ਼ਦੂਰੀ ਦੀ ਅਦਾਇਗੀ ਵਿੱਚ ਹੋਣ ਵਾਲੀ ਦੇਰੀ ਹੈ, ਜਿਸ ਕਰਕੇ ਗਰੀਬ ਪਰਵਾਰਾਂ ਦੀ ਰੋਜ਼ੀ-ਰੋਟੀ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੀ ਹੈ। ਇਸ ਤੋਂ ਇਲਾਵਾ ਕਈ ਮਜ਼ਦੂਰਾਂ ਨੂੰ ਸਮੇਂ ਸਿਰ ਕੰਮ ਨਹੀਂ ਮਿਲ ਪਾਉਂਦਾ, ਜਿਸ ਕਰਕੇ ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਫੰਡ ਸਮੇਂ ਸਿਰ ਜਾਰੀ ਨਾ ਕਰਨ ਕਰਕੇ ਯੋਜਨਾ ਦਾ ਅਮਲ ਕਮਜ਼ੋਰ ਪੈਂਦਾ ਹੈ ਅਤੇ ਮਜ਼ਦੂਰਾਂ ਨੂੰ ਭਾਰੀ ਪਰੇਸ਼ਾਨੀ ਝੱਲਣੀ ਪੈਂਦੀ ਹੈ। ਇਹ ਮੁਹਿੰਮ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਦੀ ਇੱਕ ਰਣਨੀਤਕ ਪਹਿਲ ਹੈ, ਤਾਂ ਜੋ ਮਨਰੇਗਾ ਫੰਡ ਸਮੇਂ ਸਿਰ ਜਾਰੀ ਹੋਣ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ।

## ਮਹਿਲਾ ਮਜ਼ਦੂਰ ਦੀ ਚਿੱਠੀ



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇੱਕ ਮਹਿਲਾ ਮਨਰੇਗਾ ਵਰਕਰ ਚਰਨਜੀਤ ਕੌਰ ਦੀ ਭਾਵੁਕ ਚਿੱਠੀ ਪੜ੍ਹੀ, ਜਿਸ ਵਿੱਚ ਹਜ਼ਾਰਾਂ ਪੇਂਡੂ ਮਜ਼ਦੂਰਾਂ ਦੇ ਡਰ ਨੂੰ ਉਜਾਗਰ ਕੀਤਾ ਗਿਆ ਸੀ। ਚਰਨਜੀਤ ਕੌਰ ਨੇ ਚਿੱਠੀ ਵਿੱਚ ਚਿੰਤਾ ਪ੍ਰਗਟਾਈ ਕਿ ਬਦਲਦੇ ਨਿਯਮਾਂ ਅਤੇ ਕੇਂਦਰੀਕ੍ਰਿਤ ਪਿੰਡਾਂ ਦੀਆਂ ਸੂਚੀਆਂ ਕਾਰਨ ਬੱਚੇ ਸਿੱਖਿਆ ਤੋਂ ਅਤੇ ਬਜ਼ੁਰਗ ਦਵਾਈਆਂ ਤੋਂ ਵਾਂਝੇ ਰਹਿ ਜਾਣਗੇ। ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਸਕੀਮ ਦਾ ਕੇਂਦਰੀਕਰਨ ਕਰਕੇ ਅਤੇ ਮੋਬਾਇਲ-ਆਧਾਰਤ ਗੁੰਝਲਦਾਰ ਹਾਜ਼ਰੀ ਪ੍ਰਣਾਲੀ ਲਾਗੂ ਕਰਕੇ ਕੰਮ ਦੀ ਉਸ 'ਗਾਰੰਟੀ' ਨੂੰ ਖੋਹ ਰਹੀ ਹੈ, ਜੋ ਕਦੇ ਪੇਂਡੂ ਜੀਵਨ ਦਾ ਆਧਾਰ ਸੀ।

## ਨਵੇਂ ਸਾਲ 'ਤੇ ਥਾਣਿਆਂ 'ਚ ਫ੍ਰੀ ਐਂਟਰੀ

**ਚੰਡੀਗੜ੍ਹ** : ਨਵੇਂ ਸਾਲ 2026 ਦੇ ਸਵਾਗਤ ਅਤੇ 31 ਦਸੰਬਰ ਦੀ ਰਾਤ ਨੂੰ ਲੈ ਕੇ ਪੰਜਾਬ ਪੁਲਸ ਨੇ ਸੂਬੇ ਦੇ ਲੋਕਾਂ ਲਈ ਇੱਕ ਬਹੁਤ ਹੀ ਦਿਲਚਸਪ ਅਤੇ ਨਿਵੇਕਲਾ ਸੱਦਾ ਪੱਤਰ ਜਾਰੀ ਕੀਤਾ ਹੈ। ਪੰਜਾਬ ਪੁਲਸ ਵੱਲੋਂ ਸੋਸ਼ਲ ਮੀਡੀਆ 'ਤੇ ਇੱਕ ਖਾਸ ਪੋਸਟ ਸਾਂਝੀ ਕੀਤੀ ਗਈ ਹੈ, ਜਿਸ ਵਿੱਚ ਪੁਲਸ ਨੇ ਹਲਕੇ-ਫੁਲਕੇ ਅੰਦਾਜ਼ ਵਿੱਚ ਸ਼ਰਾਰਤੀ ਅਨਸਰਾਂ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ। ਪੰਜਾਬ ਪੁਲਸ ਵੱਲੋਂ ਜਾਰੀ ਇਸ ਵਿਸ਼ੇਸ਼ ਪੋਸਟ ਵਿੱਚ ਲਿਖਿਆ ਗਿਆ ਹੈ ਕਿ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਅਮਨ-ਸ਼ਾਂਤੀ ਬਣਾਈ ਰੱਖਣ ਲਈ ਪੁਲਸ ਵੱਲੋਂ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਗਏ ਹਨ। ਇਸ ਨਿਵੇਕਲੇ ਸੱਦਾ ਪੱਤਰ ਵਿੱਚ ਪੰਜਾਬ ਪੁਲਸ ਨੇ 'ਵਿਸ਼ੇਸ਼ ਆਫਰਾਂ' ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਜੇ ਕੋਈ




ਵਿਅਕਤੀ ਨਵੇਂ ਸਾਲ ਦੀ ਰਾਤ ਸ਼ਰਾਬ ਪੀ ਕੇ ਗੱਡੀ ਚਲਾਉਂਦਾ, ਜਨਤਕ ਥਾਵਾਂ 'ਤੇ ਹੰਗਾਮਾ ਕਰਦਾ, ਸੜਕਾਂ 'ਤੇ ਲੜਾਈ-ਝਗੜਾ ਕਰਦਾ ਜਾਂ ਕਾਨੂੰਨ ਵਿਵਸਥਾ ਨੂੰ ਭੰਗ ਕਰਦਾ ਪਾਇਆ ਗਿਆ, ਤਾਂ ਉਸ ਲਈ ਉਨ੍ਹਾਂ ਕੋਲ ਕੁਝ ਖਾਸ ਤੋਹਫ਼ੇ ਹਨ। ਪੱਤਰ ਵਿੱਚ ਵਿਅੰਗਮਈ ਲਹਿਜ਼ੇ ਵਿੱਚ ਦੱਸਿਆ ਗਿਆ ਹੈ ਕਿ ਅਜਿਹੇ ਲੋਕਾਂ ਨੂੰ 'ਸਿਟੀ ਪੁਲਸ ਸਟੇਸ਼ਨ ਵਿੱਚ ਮੁਫ਼ਤ ਐਂਟਰੀ' ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਾਨੂੰਨ ਤੋੜਨ ਵਾਲਿਆਂ ਨੂੰ ਪੁਲਸ ਵੱਲੋਂ 'ਸਪੈਸ਼ਲ ਟਰੀਟਮੈਂਟ' (ਖਾਸ ਇਲਾਜ) ਮਿਲੇਗਾ ਅਤੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਪੰਜਾਬ ਪੁਲਸ ਨੇ ਆਮ ਨਾਗਰਿਕਾਂ ਦੀ ਸੁਰੱਖਿਆ ਦਾ ਭਰੋਸਾ ਦਿੰਦੇ ਹੋਏ ਇਹ ਵੀ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਤੁਹਾਡੀ ਨਵੇਂ ਸਾਲ ਦੀ ਰਾਤ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਤੁਰੰਤ 112 ਨੰਬਰ ਡਾਇਲ ਕਰਕੇ ਪੁਲਸ ਨੂੰ ਸੂਚਿਤ ਕੀਤਾ ਜਾ ਸਕਦਾ ਹੈ।

## ਬੰਗਲਾਦੇਸ਼ 'ਚ ਇੱਕ ਹੋਰ ਹਿੰਦੂ ਦਾ ਕਤਲ

**ਢਾਕਾ** : ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਹਿੰਦੂ ਅੰਸਾਰ ਮੈਂਬਰ, ਬਜੇਂਦਰ ਬਿਸਵਾਸ (40), ਦਾ ਉਸ ਦੇ ਹੀ ਸਾਥੀ ਵੱਲੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਇੱਕ ਸਵੈਟਰ ਫੈਕਟਰੀ ਵਿੱਚ ਵਾਪਰੀ। ਬੰਗਲਾਦੇਸ਼ ਹਿੰਦੂ ਬੋਧ ਈਸਾਈ ਏਕਤਾ ਕੌਂਸਲ ਦੇ ਕਾਰਜਕਾਰੀ ਸਕੱਤਰ ਜਨਰਲ ਮਨਿੰਦਰ ਨਾਥ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਮ੍ਰਿਤਕ ਬਜੇਂਦਰ ਬਿਸਵਾਸ ਸਿਲਹਟ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਚਸ਼ਮਦੀਦਾਂ ਮੁਤਾਬਕ, ਮੁਲਜ਼ਮ ਅੰਸਾਰ ਮੈਂਬਰ ਨੋਮਨ ਮਿਆ ਅਤੇ ਬਜੇਂਦਰ ਇਕੱਠੇ ਬੈਠੇ ਸਨ, ਜਦੋਂ ਨੋਮਨ ਨੇ ਅਚਾਨਕ ਆਪਣੀ ਸ਼ਾਟਗਨ ਬਜੇਂਦਰ ਦੀ ਪੱਟ 'ਤੇ ਰੱਖ ਕੇ ਕਿਹਾ, "ਕੀ ਮੈਂ ਗੋਲੀ ਚਲਾਵਾਂ?" ਅਤੇ ਫ਼ਾਇਰ ਕਰ ਦਿੱਤਾ। ਗੰਭੀਰ ਜ਼ਖ਼ਮੀ ਹਾਲਤ ਵਿੱਚ ਬਜੇਂਦਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਨੋਮਨ ਮਿਆ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ ਤੋਂ ਪਹਿਲਾਂ ਦੋਵਾਂ ਵਿਚਾਲੇ ਕਿਸੇ ਵਿਵਾਦ ਦੀ ਗੱਲ ਸਾਹਮਣੇ ਨਹੀਂ ਆਈ ਹੈ, ਪੁਲੀਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਕਤਲ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

## ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੰਗਲਵਾਰ ਸਦਨ ਨੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ, ਜਿਸ ਨਾਲ ਜਬਰ-ਜ਼ੁਲਮ ਵਿਰੁੱਧ ਡਟਣ ਦੀ ਪੰਜਾਬ ਦੀ ਮਹਾਨ ਵਿਰਾਸਤ ਦਾ ਦ੍ਰਿੜ੍ਹ ਪ੍ਰਗਟਾਵਾ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਸਦਨ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਸਦਨ ਨੇ ਮਾਤਾ ਗੁਜਰੀ ਜੀ, ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ ਅਤੇ ਦੀਵਾਨ ਟੋਡਰ ਮੱਲ ਜੀ ਤੇ ਹੋਰ ਸ਼ਹੀਦਾਂ ਨੂੰ ਵੀ ਯਾਦ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਮਹਾਨ ਕੁਰਬਾਨੀਆਂ ਨੇ ਸਾਨੂੰ ਜਬਰ-ਜ਼ੁਲਮ • ਬਾਕੀ ਸਫਾ 2 'ਤੇ

## ਜੰਗਾਂ ਦੀ ਬਜਾਏ ਗਰੀਬੀ ਨਾਲ ਲੜਿਆ ਜਾਵੇ : ਗੁਤੇਰੇਸ

**ਸੰਯੁਕਤ ਰਾਸ਼ਟਰ** : ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਤੇਰੇਸ ਨੇ ਸਾਲ 2026 ਲਈ ਆਪਣਾ ਨਵਾਂ ਸਾਲ ਦਾ ਸੰਦੇਸ਼ ਪਹਿਲੀ ਵਾਰ ਹਿੰਦੀ ਅਤੇ ਉਰਦੂ ਸਮੇਤ 11 ਪ੍ਰਮੁੱਖ ਭਾਸ਼ਾਵਾਂ ਵਿੱਚ ਜਾਰੀ ਕਰਕੇ ਇੱਕ ਨਵਾਂ ਇਤਿਹਾਸ ਰਚਿਆ ਹੈ। ਇਸ ਮੌਕੇ ਉਨ੍ਹਾਂ ਨੇ ਦੁਨੀਆ ਭਰ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਤਰਜੀਹਾਂ ਨੂੰ ਦਰੁਸਤ ਕਰਨ ਅਤੇ 'ਵਿਨਾਸ਼' (ਜੰਗਾਂ) ਦੀ ਬਜਾਏ 'ਵਿਕਾਸ' 'ਤੇ ਨਿਵੇਸ਼ ਕਰਨ। ਗੁਤੇਰੇਸ ਨੇ ਚਿੰਤਾ ਪ੍ਰਗਟਾਈ ਕਿ ਜਿੱਥੇ ਕਰੋੜਾਂ ਲੋਕ ਮਾਨਵੀ ਸਹਾਇਤਾ ਲਈ ਤਰਸ ਰਹੇ ਹਨ, ਉੱਥੇ ਹੀ ਦੁਨੀਆ ਭਰ ਵਿੱਚ ਫੌਜੀ ਖ਼ਰਚਾ 2.7 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ, ਜੋ ਕਿ ਪੂਰੇ ਅਫਰੀਕਾ ਮਹਾਂਦੀਪ ਦੀ ਜੀ ਡੀ ਪੀ ਦੇ ਬਰਾਬਰ ਹੈ। ਹਿੰਦੀ ਭਾਸ਼ਾ ਨੂੰ ਸੰਯੁਕਤ ਰਾਸ਼ਟਰ ਵਿੱਚ ਇਹ ਅਹਿਮ ਸਥਾਨ ਮਿਲਣਾ ਭਾਰਤ ਲਈ ਵੱਡੀ ਪ੍ਰਾਪਤੀ ਹੈ। ਗੁਤੇਰੇਸ ਨੇ ਆਪਣੇ ਸੰਦੇਸ਼ ਦੇ ਅੰਤ ਵਿੱਚ ਜ਼ੋਰ ਦੇ ਕੇ ਕਿਹਾ ਕਿ ਇੱਕ ਸੁਰੱਖਿਅਤ ਦੁਨੀਆ ਉਦੋਂ ਹੀ ਬਣ ਸਕਦੀ ਹੈ ਜਦੋਂ ਅਸੀਂ ਗਰੀਬੀ ਨਾਲ ਲੜਨ 'ਤੇ ਜ਼ਿਆਦਾ ਅਤੇ ਜੰਗਾਂ 'ਤੇ ਘੱਟ ਖ਼ਰਚ ਕਰਾਂਗੇ।

## ਮਾਮਲਾ ਲਾਪਤਾ ਸਰੂਪਾਂ ਦਾ ਨਹੀਂ, ਪ੍ਰਬੰਧਕੀ ਹੇਰਾਫੇਰੀ ਦਾ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਇਸ ਮਾਮਲੇ ਵਿੱਚ 16 ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਪਹਿਲਾਂ ਹੀ ਸਖ਼ਤ ਕਾਰਵਾਈ ਕੀਤੀ ਜਾ ਚੁੱਕੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮਾਮਲਾ ਸਰੂਪਾਂ ਦੇ ਲਾਪਤਾ ਹੋਣ ਦਾ ਨਹੀਂ, ਬਲਕਿ ਪ੍ਰਬੰਧਕੀ 'ਹੇਰਾਫੇਰੀ' ਦਾ ਸੀ। ਉਨ੍ਹਾ ਅਦਾਲਤੀ ਦਸਤਾਵੇਜ਼ਾਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਖ਼ੁਦ ਸਰਕਾਰ ਪਹਿਲਾਂ ਅਦਾਲਤ ਵਿੱਚ ਇਹ ਮੰਨ ਚੁੱਕੀ ਹੈ ਕਿ



ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ ਲੈਣ ਦੇ ਪੂਰੀ ਤਰ੍ਹਾਂ ਸਮਰੱਥ ਹੈ, ਪਰ ਹੁਣ ਅਚਾਨਕ ਪੁਲਸ ਕੇਸ ਦਰਜ ਕਰਨਾ ਸਰਕਾਰ ਦੀ ਗਲਤ ਮਨਸ਼ਾ ਨੂੰ ਜ਼ਾਹਿਰ ਕਰਦਾ ਹੈ। ਧਾਮੀ ਨੇ ਸਰਕਾਰ 'ਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਕਰਮਚਾਰੀ ਨੂੰ ਬਚਾ ਨਹੀਂ ਰਹੀ, ਕਿਉਂਕਿ ਬਰਖ਼ਾਸਤ ਕੀਤੇ ਗਏ ਵਿਅਕਤੀਆਂ ਨਾਲ ਹੁਣ ਸੰਸਥਾ ਦਾ ਕੋਈ ਲੈਣ-ਦੇਣ ਨਹੀਂ ਹੈ। ਉਨ੍ਹਾ ਸਵਾਲ ਉਠਾਇਆ ਕਿ ਜੇਕਰ 22 ਹਜ਼ਾਰ ਕਰਮਚਾਰੀਆਂ ਵਾਲੀ ਵੱਡੀ ਸੰਸਥਾ ਦੇ ਪ੍ਰਬੰਧ ਵਿੱਚ ਕੋਈ ਖ਼ਾਮੀ ਆਉਂਦੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਸਿੱਖ ਸੰਸਥਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰੇ।

## ਯਾਤਰੀ ਨਾਲ ਕੁੱਟਮਾਰ ਮਾਮਲੇ 'ਚ ਪਾਇਲਟ ਗ੍ਰਿਫ਼ਤਾਰ

**ਨਵੀਂ ਦਿੱਲੀ** : ਦਿੱਲੀ ਪੁਲਸ ਨੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਸਵਾਰੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਏਅਰ ਇੰਡੀਆ ਐਕਸਪ੍ਰੈੱਸ ਦੇ ਇੱਕ ਆਫ਼-ਡਿਊਟੀ ਪਾਇਲਟ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਅਧਿਕਾਰੀ ਅਨੁਸਾਰ ਕੈਪਟਨ ਵੀਰੇਂਦਰ ਸੇਜਵਾਲ ਇਸ ਤੋਂ ਪਹਿਲਾਂ ਜਾਂਚ ਵਿੱਚ ਸ਼ਾਮਲ ਹੋਏ ਸਨ ਅਤੇ ਜਾਂਚ ਅਧਿਕਾਰੀ ਵੱਲੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ ਸੀ। ਜਾਂਚ ਦੌਰਾਨ ਕੇਸ ਦਰਜ ਕਰਨ ਤੋਂ ਬਾਅਦ ਸੰਬੰਧਤ ਸੀ ਸੀ ਟੀ ਵੀ ਫੁਟੇਜ ਇਕੱਠੀ ਕੀਤੀ ਗਈ ਅਤੇ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ, ਜਿਸ ਤੋਂ ਬਾਅਦ ਪੁੱਛਗਿੱਛ ਲਈ ਬੁਲਾਏ ਗਏ ਮੁਲਜ਼ਮ ਪਾਇਲਟ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੇਜਵਾਲ ਵਿਰੁੱਧ 19 ਦਸੰਬਰ ਨੂੰ ਟਰਮੀਨਲ 1 ਦੇ ਸੁਰੱਖਿਆ ਚੈੱਕ ਪੁਆਇੰਟ ਨੇੜੇ ਹੋਈ ਹਿੰਸਾ ਦੇ ਸੰਬੰਧ ਵਿੱਚ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 115 (ਸਵੈ-ਇੱਛਾ ਨਾਲ ਸੱਟ ਪਹੁੰਚਾਉਣਾ), 126 (ਗਲਤ ਤਰੀਕੇ ਨਾਲ ਰੋਕਣਾ) ਅਤੇ 351 (ਅਪਰਾਧਿਕ ਧਮਕੀ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਅੱਜ-ਨਾਮਾ

ਹੋਇਆ ਅਜਲਾਸ ਆ ਫੇਰ ਅਸੈਂਬਲੀ ਦਾ,
ਲੀਡਰਾਂ ਭਾਸ਼ਣ ਬੱਸ ਖੂਬ ਆ ਕਰੇ ਬੇਲੀ।
ਆਪਸੀ ਖਹਿਬੜ ਵੀ ਫੇਰ ਆ ਰਹੀ ਹੁੰਦੀ,
ਚੁਣ-ਚੁਣ ਦੋਸ਼ ਇੱਕ-ਦੂਜੇ 'ਤੇ ਧਰੇ ਬੇਲੀ।
ਤਲਖੀ ਛਾਂਟਣ ਵਿੱਚ ਰਹੇ ਨਾ ਕੋਈ ਪਿੱਛੇ,
ਕੋਈ ਨਹੀਂ ਦੂਜਿਆਂ ਤੋਂ ਕਦੀ ਹਰੇ ਬੇਲੀ।
ਆਪਣੀ ਧਿਰ ਜਦ ਸਮਝ ਰਹੇ ਖਾਸ ਸਾਰੇ,
ਜਿਹੜਾ ਵੀ ਵੇਖ ਲਉ ਪਰੇ ਸੋ ਪਰੇ ਬੇਲੀ।
ਮੂਹਰੇ ਕਿਸੇ ਦੇ ਕੋਈ ਨਹੀਂ ਘੱਟ ਲੱਗਦਾ,
ਹੁੰਦੀ ਤਾਂ ਅਕਲ ਦੀ ਗੱਲ ਆ ਘੱਟ ਬੇਲੀ।
ਜਿੱਤਿਆ ਜਾਪਣਗੇ ਸਾਰੇ ਅਜਲਾਸ ਪਿੱਛੋਂ,
ਮਿਲਣਗੇ ਮੁੱਛਾਂ ਨਾਲ ਚਾੜ੍ਹਦੇ ਵੱਟ ਬੇਲੀ।

-ਤੀਸ ਮਾਰ ਖਾਂ

## ਬੋਰਵੈੱਲਾਂ ਵਾਂਗ ਡੂੰਘਾ ਹੋ ਰਿਹਾ ਪੰਜਾਬ ਤੇ ਹਰਿਆਣਾ ਦਾ ਸੰਕਟ

**ਨਵੀਂ ਦਿੱਲੀ** : ਭਾਰਤ ਇਸ ਸਾਲ ਚੀਨ ਨੂੰ ਪਿੱਛੇ ਛੱਡ ਦੁਨੀਆ ਦੇ ਸਭ ਤੋਂ ਵੱਡੇ ਚੌਲ ਉਤਪਾਦਕ ਵਜੋਂ ਉੱਭਰਿਆ ਹੈ। ਦੇਸ਼ ਦੇ ਸਿਆਸਤਦਾਨਾਂ ਅਤੇ ਖੇਤੀਬਾੜੀ ਲਾਬੀ ਨੇ ਇਸ 'ਤੇ ਕਿਸਾਨਾਂ ਅਤੇ ਸਰਕਾਰ ਦੀਆਂ ਨਵੀਨਤਮ ਨੀਤੀਆਂ ਦੀ ਸ਼ਲਾਘਾ ਕੀਤੀ। ਭਾਰਤ ਨੇ ਪਿਛਲੇ ਇੱਕ ਦਹਾਕੇ ਵਿੱਚ ਬਰਾਮਦ ਕੀਤੇ ਜਾਣ ਵਾਲੇ ਚੌਲਾਂ ਦੀ ਮਾਤਰਾ ਨੂੰ ਲੱਗਭੱਗ ਦੁੱਗਣਾ ਕਰ ਦਿੱਤਾ ਹੈ ਅਤੇ ਪਿਛਲੇ ਵਿੱਤੀ ਸਾਲ ਵਿੱਚ ਸ਼ਿਪਮੈਂਟ 2 ਕਰੋੜ ਮੀਟ੍ਰਿਕ ਟਨ ਨੂੰ ਪਾਰ ਕਰ ਗਈ ਹੈ।

ਪਰ ਦੇਸ਼ ਦੇ ਖੇਤੀਬਾੜੀ ਦੇ ਗੜ੍ਹ ਮੰਨੇ ਜਾਣ ਵਾਲੇ ਇਲਾਕਿਆਂ ਵਿੱਚ ਬਹੁਤ ਸਾਰੇ ਚੌਲ ਉਤਪਾਦਕ ਕਿਸਾਨ ਬਹੁਤੇ ਖੁਸ਼ ਨਹੀਂ ਹਨ। ਕਿਸਾਨਾਂ, ਸਰਕਾਰੀ ਅਧਿਕਾਰੀਆਂ ਅਤੇ ਖੇਤੀ ਵਿਗਿਆਨੀਆਂ ਨਾਲ ਕੀਤੀ ਗਈ ਗੱਲਬਾਤ ਅਤੇ ਜ਼ਮੀਨੀ ਪਾਣੀ ਦੇ ਅੰਕੜਿਆਂ ਦੀ ਸਮੀਖਿਆ ਤੋਂ ਇਹ ਖੁਲਾਸਾ ਹੋਇਆ ਹੈ ਕਿ ਚੌਲਾਂ ਦੀ ਵੱਧ ਪਾਣੀ ਮੰਗਣ ਵਾਲੀ ਫਸਲ ਭਾਰਤ ਦੇ ਪਹਿਲਾਂ ਹੀ ਘੱਟ ਹੋ ਚੁੱਕੇ ਜਲ-ਭੰਡਾਰਾਂ ਨੂੰ ਗੈਰ-ਟਿਕਾਊ ਤਰੀਕੇ ਨਾਲ ਖਤਮ ਕਰ ਰਹੀ ਹੈ, ਜਿਸ ਨਾਲ ਕਿਸਾਨਾਂ ਨੂੰ ਲਗਾਤਾਰ ਡੂੰਘੇ ਬੋਰਵੈੱਲ ਕਰਨ ਲਈ ਭਾਰੀ ਕਰਜ਼ੇ ਲੈਣੇ ਪੈ ਰਹੇ ਹਨ।

ਚੌਲਾਂ ਦੀ ਫਸਲ ਲਈ ਗੜ੍ਹ ਮੰਨੇ ਜਾਂਦੇ ਪੰਜਾਬ ਅਤੇ ਹਰਿਆਣਾ ਵਿੱਚ 50 ਕਿਸਾਨਾਂ ਅਤੇ ਅੱਠ ਜਲ ਤੇ ਖੇਤੀਬਾੜੀ ਅਧਿਕਾਰੀਆਂ ਅਨੁਸਾਰ, ਇੱਕ ਦਹਾਕਾ ਪਹਿਲਾਂ ਜ਼ਮੀਨੀ ਪਾਣੀ 30 ਫੁੱਟ ਦੇ ਕਰੀਬ ਉਪਲੱਬਧ ਸੀ, ਪਰ ਪਿਛਲੇ ਪੰਜ ਸਾਲਾਂ ਵਿੱਚ ਪਾਣੀ ਕੱਢਣ ਦੀ ਰਫਤਾਰ ਤੇਜ਼ ਹੋਈ ਹੈ ਅਤੇ ਕਿਸਾਨਾਂ ਅਨੁਸਾਰ ਹੁਣ ਬੋਰਵੈੱਲ 80 ਤੋਂ 200 ਫੁੱਟ ਤੱਕ ਡੂੰਘੇ ਕਰਨੇ ਪੈ ਰਹੇ ਹਨ, ਜਿਸ ਦੀ ਪੁਸ਼ਟੀ ਸਰਕਾਰੀ ਅੰਕੜਿਆਂ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਖੋਜ ਦੁਆਰਾ ਵੀ ਕੀਤੀ ਗਈ ਹੈ।



ਹਰਿਆਣਾ ਦੇ 50 ਸਾਲਾ ਕਿਸਾਨ ਬਲਕਾਰ ਸਿੰਘ ਨੇ ਕਿਹਾ, "ਹਰ ਸਾਲ ਬੋਰਵੈੱਲ ਨੂੰ ਹੋਰ ਡੂੰਘਾ ਕਰਨਾ ਪੈਂਦਾ ਹੈ, ਇਹ ਬਹੁਤ ਮਹਿੰਗਾ ਹੁੰਦਾ ਜਾ ਰਿਹਾ ਹੈ।" ਇਸ ਦੇ ਨਾਲ ਹੀ, ਕਤਰ ਵਿੱਚ ਜਾਰਜਟਾਊਨ ਯੂਨੀਵਰਸਿਟੀ ਦੇ ਦੱਖਣੀ ਏਸ਼ੀਆਈ ਰਾਜਨੀਤੀ ਦੇ ਮਾਹਰ ਉਦੈ ਚੰਦਰਾ ਦਾ ਕਹਿਣਾ ਹੈ ਕਿ ਸਰਕਾਰੀ ਸਬਸਿਡੀਆਂ, ਜੋ ਚੌਲਾਂ ਦੀ ਖੇਤੀ ਨੂੰ ਉਤਸ਼ਾਹਤ ਕਰਦੀਆਂ ਹਨ, ਕਿਸਾਨਾਂ ਨੂੰ ਘੱਟ ਪਾਣੀ ਵਾਲੀਆਂ ਫਸਲਾਂ ਵੱਲ ਜਾਣ ਤੋਂ ਰੋਕਦੀਆਂ ਹਨ। ਇਨ੍ਹਾਂ ਸਬਸਿਡੀਆਂ, ਜਿਨ੍ਹਾਂ ਵਿੱਚੋਂ ਕੁਝ ਪਿਛਲੇ ਦਹਾਕਿਆਂ ਦੀ ਵਿਰਾਸਤ ਹਨ, ਜਦੋਂ ਭਾਰਤ ਆਪਣੀ ਵਧ ਰਹੀ ਆਬਾਦੀ ਨੂੰ ਭੋਜਨ ਦੇਣ ਲਈ ਸੰਘਰਸ਼ ਕਰ ਰਿਹਾ ਸੀ, ਵਿੱਚ ਚੌਲਾਂ ਲਈ ਰਾਜ-ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਸ਼ਾਮਲ ਹੈ, ਜੋ ਪਿਛਲੇ ਦਹਾਕੇ ਵਿੱਚ ਲੱਗਭੱਗ 70 ਫੀਸਦੀ ਵਧਿਆ ਹੈ। ਇਸ ਤੋਂ ਇਲਾਵਾ ਭਾਰੀ ਬਿਜਲੀ ਸਬਸਿਡੀਆਂ ਹਨ, ਜੋ ਖੇਤੀ ਲਈ ਪਾਣੀ ਕੱਢਣ ਨੂੰ ਉਤਸ਼ਾਹਤ ਕਰਦੀਆਂ ਹਨ। ਵਾਸ਼ਿੰਗਟਨ ਵਿੱਚ ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ ਦੇ ਅਵਿਨਾਸ਼ ਕਿਸ਼ੋਰ ਅਨੁਸਾਰ ਇਸ ਦਾ ਨਤੀਜਾ ਇਹ ਹੈ ਕਿ ਦੁਨੀਆ ਦੇ ਸਭ ਤੋਂ ਵੱਧ ਜਲ-ਤਣਾਅ ਵਾਲੇ ਦੇਸ਼ਾਂ ਵਿੱਚੋਂ ਇੱਕ (ਭਾਰਤ) ਕਿਸਾਨਾਂ ਨੂੰ ਕੀਮਤੀ ਜ਼ਮੀਨੀ ਪਾਣੀ ਦੀ ਭਾਰੀ ਮਾਤਰਾ ਕੱਢਣ ਲਈ ਪੈਸੇ ਦੇ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਖੇਤੀਬਾੜੀ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ ਅਜਿਹੇ ਉਪਾਅ ਸ਼ਾਮਲ ਸਨ, ਜੋ ਨਿੱਜੀ ਖੇਤਰ ਦੀ ਖਰੀਦ ਨੂੰ ਉਤਸ਼ਾਹਤ ਕਰਦੇ ਸਨ, ਪਰ ਇਸ ਨਾਲ ਇਹ ਡਰ ਪੈਦਾ ਹੋ ਗਿਆ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਤੇ ਅਨਾਜ ਦੀ ਖਰੀਦ ਘਟਾ ਸਕਦੀ ਹੈ, ਜਿਸ ਕਾਰਨ ਲੱਖਾਂ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਨੇ ਪੰਜ ਸਾਲ ਪਹਿਲਾਂ ਦੇਸ਼ ਨੂੰ ਰੋਕ ਦਿੱਤਾ ਸੀ ਅਤੇ ਮੋਦੀ ਨੂੰ ਪਿੱਛੇ ਹਟਣ ਲਈ ਮਜਬੂਰ ਕੀਤਾ ਸੀ। ਕਿਸ਼ੋਰ ਨੇ ਕਿਹਾ ਕਿ ਵਿਸ਼ਵ ਦੀ ਚੌਲ ਬਰਾਮਦਗੀ ਵਿੱਚ ਭਾਰਤ ਦਾ ਹਿੱਸਾ 40 ਫੀਸਦੀ ਹਿੱਸਾ ਹੈ, ਇਸ ਲਈ ਉਤਪਾਦਨ ਵਿੱਚ ਕੋਈ ਵੀ ਤਬਦੀਲੀ ਵਿਸ਼ਵ ਪੱਧਰ 'ਤੇ ਪ੍ਰਭਾਵ ਪਾਵੇਗੀ। ਇਸ ਤੋਂ ਇਲਾਵਾ ਭਾਰਤ ਆਪਣੀ ਘਰੇਲੂ ਆਬਾਦੀ (1.4 ਅਰਬ ਤੋਂ ਵੱਧ) ਨੂੰ ਖੁਆਉਣ ਦੀ ਲੋੜ ਤੋਂ ਕਿਤੇ ਵੱਧ ਚੌਲ ਉਗਾਉਂਦਾ ਹੈ। ਭਾਰਤ ਜਿੰਨੀ ਵੱਡੀ ਮਾਤਰਾ ਵਿੱਚ ਚੌਲ ਪੈਦਾ ਅਤੇ ਬਰਾਮਦ ਕਰਦਾ ਹੈ, ਉਹ ਇਸ ਨੂੰ ਵਿਸ਼ਵ ਵਪਾਰ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਦਿੰਦਾ ਹੈ, ਪਰ ਇਹ ਇੱਕ ਸਵਾਲ ਵੀ ਖੜ੍ਹਾ ਕਰਦਾ ਹੈ : ਕੀ ਦੇਸ਼ ਨੂੰ ਇੰਨੇ ਚੌਲ ਉਗਾਉਣੇ ਅਤੇ ਵੇਚਣੇ ਚਾਹੀਦੇ ਹਨ? ਜਿੱਥੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕਿਸਾਨ ਨਹਿਰੀ ਅਤੇ ਜ਼ਮੀਨੀ ਪਾਣੀ 'ਤੇ ਨਿਰਭਰ ਕਰਦੇ ਹਨ, ਉੱਥੇ ਹੀ ਪੰਜਾਬ ਅਤੇ ਹਰਿਆਣਾ, ਜੋ ਦੇਸ਼ ਦੇ ਪ੍ਰਮੁੱਖ ਚੌਲ ਉਤਪਾਦਕ ਹਨ, ਆਮ ਤੌਰ 'ਤੇ ਜ਼ਮੀਨੀ ਪਾਣੀ 'ਤੇ ਨਿਰਭਰ ਕਰਦੇ ਹਨ। ਇਹ ਨਿਰਭਰਤਾ ਇਨ੍ਹਾਂ ਦੋਵਾਂ ਰਾਜਾਂ ਦੇ ਚੌਲ ਉਤਪਾਦਕਾਂ ਨੂੰ ਜਲਵਾਯੂ ਪਰਿਵਰਤਨ • ਬਾਕੀ ਸਫਾ 2 'ਤੇ

## ਡਾ. ਕਮਲਜੀਤ ਸਿੰਘ ਟਿੱਬਾ ਵੱਲੋਂ ਅਨੁਵਾਦਿਤ ਪੁਸਤਕ 'ਗੀਤਾਂਜਲੀ' ਕੀਤੀ ਲੋਕ ਅਰਪਣ



**ਧੂਰੀ (ਮਨੋਹਰ ਸਿੰਘ ਸੱਗੂ)**-ਪੰਜਾਬੀ ਸਾਹਿਤ ਸਭਾ ਧਰਨਾਲਾ ਵੱਲੋਂ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਦੀ ਅਗਵਾਈ ਹੇਠ ਸਭਾ ਦੇ ਮੁੱਢਲੇ ਮੈਂਬਰ ਕਰਮ ਚੰਦ ਰਿਸ਼ੀ ਦੀ ਯਾਦ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ।ਡਾ: ਕਮਲਜੀਤ ਸਿੰਘ ਟਿੱਬਾ (ਧੂਰੀ) ਵੱਲੋਂ ਰਵਿੰਦਰ ਨਾਥ ਟੈਗੋਰ ਦੀ ਅਨੁਵਾਦਿਤ ਪੁਸਤਕ 'ਗੀਤਾਂਜਲੀ' ਪ੍ਰਬੰਧਕਾਂ ਵੱਲੋਂ ਲੋਕ ਅਰਪਣ ਕੀਤੀ ਗਈ।ਡਾ. ਕਮਲਜੀਤ ਸਿੰਘ ਟਿੱਬਾ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਇਸ ਗੀਤ ਸੰਗ੍ਰਹਿ 'ਚ ਰਵਿੰਦਰ ਨਾਥ ਟੈਗੋਰ ਦੇ ਕਾਵਿ ਨੂੰ ਗੀਤਾਂ ਰਾਹੀਂ ਪਾਠਕਾਂ ਦੇ ਸਨਮੁਖ ਲਿਆਂਦਾ ਗਿਆ ਹੈ, ਜਿਸ 'ਚੋਂ ਭਾਰਤ ਦੀ ਆਤਮਾ ਦੇ ਦਰਸ਼ਨ ਹੁੰਦੇ ਹਨ।ਸਮਾਗਮ 'ਚ ਬੂਟਾ ਸਿੰਘ ਚੌਹਾਨ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਰਾਮਪਾਲ ਸਿੰਘ ਸ਼ਾਹਪੁਰੀ, ਪ੍ਰਿੰਸੀਪਲ ਕਸ਼ਮੀਰ ਸਿੰਘ, ਦਰਸ਼ਨ ਗੁਰੂ, ਡਾ. ਉਜਾਗਰ ਸਿੰਘ ਮਾਨ ਨੇ ਵੀ ਵਿਚਾਰ ਪ੍ਰਗਟ ਕੀਤੇ।ਪੁਸਤਕ ਬਾਰੇ ਵੱਖ-ਵੱਖ ਸ਼ਖ਼ਸੀਅਤਾਂ ਦਾ ਕਹਿਣਾ ਹੈ ਕਿ ਡਾ. ਟਿੱਬਾ ਨੇ ਟੈਗੋਰ ਦੇ ਬੰਗਾਲੀ ਗੀਤਾਂ ਨੂੰ ਪੰਜਾਬੀ ਰੰਗ 'ਚ ਅਨੁਵਾਦ ਕੀਤਾ ਹੈ ਤੇ ਟੈਗੋਰ ਦੀਆਂ ਸੂਖਮ ਭਾਵਨਾਵਾਂ ਪੰਜਾਬੀ ਮੁਹਾਵਰੇ 'ਚ ਗੀਤਾਂ ਨੂੰ ਗੀਤਾਂ ਰਾਹੀਂ , ਭਾਵਨਾ ਦਾ ਭਾਵਨਾ 'ਚ ਅਨੁਵਾਦ ਕੇਵਲ ਡਾ. ਟਿੱਬਾ ਦੇ ਹਿੱਸੇ ਆਇਆ ਹੈ ਤੇ ਉਨ੍ਹਾਂ ਦੇ ਇਸ ਕਾਰਜ ਨੇ ਸਿੱਧ ਕਰ ਦਿੱਤਾ ਹੈ ਕਿ ਬੰਗਾਲ ਦੀ ਗੁਰ ਤੇ ਪੰਜਾਬ ਦਾ ਖੇਤ ਇੱਕ ਜਾਨ ਹਨ।ਡਾ: ਕਮਲਜੀਤ ਸਿੰਘ ਟਿੱਬਾ ਅਨੁਸਾਰ ਗੀਤਾਂ ਨੂੰ ਗੀਤਾਂ 'ਚ ਪੰਜਾਬੀ ਮੁਹਾਵਰੇ 'ਚ ਪੰਜਾਬੀ ਲਹਿਜ਼ੇ 'ਚ ਪਹਿਲੀ ਵਾਰ ਅਨੁਵਾਦਿਤ ਗੀਤਾਂ ਹੈ ਤੇ ਇਸ ਗੀਤ ਸੰਗ੍ਰਹਿ 'ਚ ਸ਼ਾਮਲ ਗੀਤਾਂ ਨੂੰ ਸੰਗੀਤ ਨਾਲ ਰਿਕਾਰਡ ਕਰਵਾਇਆ ਜਾਵੇਗਾ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਪੱਖੋਵਾਲ ਦੀ ਮੀਟਿੰਗ ਪ੍ਰਧਾਨ ਗੁਰਦੇਵ ਸਿੰਘ ਨਾਰੰਗਵਾਲ ਦੀ ਪ੍ਰਧਾਨਗੀ ਹੇਠ ਪਿੰਡ ਨਾਰੰਗਵਾਲ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਸਿੰਘ ਤੇ ਜ਼ਿਲ੍ਹਾ ਸੰਗਠਨ ਸਕੱਤਰ ਆਗੂ ਚਰਨਜੀਤ ਸਿੰਘ ਫੱਲੇਵਾਲ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕਰਨ ਦੀ ਸਬੰਧ ਵਿੱਚ ਤੇ ਬਿਜਲੀ ਬਿੱਲ 2025, ਬੀਜ ਬਿੱਲ ਤੇ ਮੁਕਤ ਵਪਾਰ ਸਮਝੌਤਾ ਰੱਦ ਕਰਾਉਣ ਤੇ ਮਨਰੇਗਾ ਕਾਨੂੰਨ ਨੂੰ ਰੱਦ ਕਰਨ ਦੀ ਵਿਰੋਧ ਵਿੱਚ ਝੰਡਾ ਮਾਰਚ ਕੀਤਾ ਜਾ ਰਿਹਾ ਹੈ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਜ਼ਿਲਾ ਹੈਡਕੁਆਰਟਰਾਂ ਤੇ ਸਾਰੀਆਂ ਜਥੇਬੰਦੀਆਂ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ, ਦੀ ਤਿਆਰੀ ਵਿੱਚ ਰੂਪ-ਰੇਖਾ ਬਣਾਈ ਗਈ। ਮੀਟਿੰਗ ਵਿੱਚ ਪਿੰਡ ਬਿਲਾਸਪੁਰ ਵਿਖੇ ਜੋ 145 ਸਾਲਾਂ ਉਥੇ ਦੀ ਕਿਸਾਨ ਕਾਬਜ਼ ਹਨ। ਉਨ੍ਹਾਂ ਤੇ ਸ਼੍ਰੋਮਣੀ ਕਮੇਟੀ ਵੱਲੋਂ ਧੱਕੇ ਨਾਲ ਕਬਜ਼ਾ ਵਾਰੰਟ ਲੈ ਕੇ ਆ ਰਹੇ ਹਨ। ਉਸ ਦਾ ਵਿਰੋਧ ਵੀ ਕੀਤਾ ਜਾਵੇਗਾ। ਹੜ੍ਹ ਪੀੜਤਾਂ ਨੂੰ ਮੁਆਵਜ਼ਾ ਨਾ ਮਿਲਣ ਤੇ ਸਿੱਧਵਾਂ ਬਲਾਕ ਦੇ ਪਿੰਡਾਂ ਨੂੰ ਮੁਆਵਜ਼ਾ ਦਵਾਉਣ ਲਈ ਵੀ ਰੂਪ-ਰੇਖਾ ਬਣਾਈ ਗਈ।

## ਭਾਜਪਾ ਵੱਲੋਂ ਬਠਿੰਡਾ ਦੇਹਾਤੀ ਤੋਂ ਅਹੁਦੇਦਾਰਾਂ ਦਾ ਐਲਾਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਜਪਾ ਵੱਲੋਂ ਸੂਬਾ ਤੇ ਜ਼ਿਲ੍ਹਾ ਪੱਧਰ 'ਤੇ ਪਾਰਟੀ ਦੇ ਮੁੱਢਲੇ ਢਾਂਚੇ ਦੀ ਮਜ਼ਬੂਤੀ ਲਈ ਜਥੇਬੰਦੀ ਦਾ ਵਿਸਥਾਰ ਕੀਤਾ ਜਾ ਰਿਹਾ ਹੈ।ਇਸੇ ਹੀ ਕੜੀ ਅਧੀਨ ਸੂਬਾ ਜਨਰਲ ਸਕੱਤਰ ਦਿਆਲ ਦਾਸ ਸੋਢੀ, ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਭਗਤਾ ਵੱਲੋਂ ਬਠਿੰਡਾ ਜ਼ਿਲ੍ਹਾ ਦਿਹਾਤੀ ਦੇ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ।ਉਕਤ ਸੂਚੀ ਅਨੁਸਾਰ ਲੰਮੇ ਸਮੇਂ ਤੋਂ ਪਾਰਟੀ ਪ੍ਰਤੀ ਸੇਵਾਵਾਂ ਨਿਭਾਅ ਰਹੇ ਭਾਰਤ ਭੂਸ਼ਨ ਜੈਨ ਫੂਲ ਨੂੰ ਘੱਟ ਗਿਣਤੀ ਮੋਰਚੇ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਪ੍ਰੀਤ ਸਿੰਘ ਮਲੂਕਾ ਨੇ ਭਾਰਤ ਭੂਸ਼ਨ ਜੈਨ ਨੂੰ ਸਨਮਾਨਤ ਕਰਦੇ ਹੋਏ ਵਧਾਈਆਂ ਦਿੱਤੀਆਂ।ਉਨ੍ਹਾਂ ਕਿਹਾ ਕਿ ਭਾਰਤ ਭੂਸ਼ਨ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਘੱਟ ਗਿਣਤੀਆਂ ਤੱਕ ਪਾਰਟੀ ਦੀਆਂ ਰਣਨੀਤੀਆਂ ਹਰ ਘਰ ਪਹੁੰਚਾਉਣ ਵਿੱਚ ਸਫਲ ਹੋਣਗੇ।

## ਕੇਂਦਰ ਵੱਲੋਂ ਮਨਰੇਗਾ ਦਾ ਭੋਗ ਪਾਉਣਾ ਲੋਕਾਂ ਨਾਲ ਵਿਸ਼ਵਾਸਘਾਤ : ਬਾਜ਼ੀਗਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਮਹਾਤਮਾ ਗਾਂਧੀ ਰੁਜ਼ਗਾਰ ਗਰੰਟੀ ਸਕੀਮ ਦਾ ਭੋਗ ਪਾ ਕੇ ਦੇਸ਼ ਦੇ ਕਰੋੜਾਂ ਦੀ ਗਿਣਤੀ 'ਚ ਗਰੀਬ ਤੇ ਮੱਧ ਵਰਗੀ ਲੋਕਾਂ ਨਾਲ ਵਿਸ਼ਵਾਸ ਘਾਤ ਕੀਤਾ ਗਿਆ ਹੈ, ਜਿਨ੍ਹਾਂ ਦੀ ਰੋਜ਼ੀ-ਰੋਟੀ ਇਸ ਸਕੀਮ ਦੇ ਸਹਾਰੇ ਚੱਲਦੀ ਸੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪੰਜਾਬ ਵਿਧਾਨ ਸਭਾ ਵਿੱਚ ਹਲਕੇ 'ਚੋਂ ਸੈਂਕੜਿਆਂ ਦੀ ਗਿਣਤੀ ਅੰਦਰ ਭਰ ਕੇ ਭੇਜੇ ਗਏ ਫਾਰਮ ਜਮ੍ਹਾਂ ਕਰਾਉਣ ਉਪਰੰਤ ਕੀਤਾ।ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮਨਰੇਗਾ ਸਕੀਮ ਤਹਿਤ ਜਿੱਥੇ ਪਿੰਡਾਂ ਵਿੱਚ ਵਿਕਾਸ ਦੇ ਨੂੰ ਹੁਲਾਰਾ ਮਿਲਦਾ ਸੀ, ਉੱਥੇ ਦੇ ਗਰੀਬ ਤੇ ਪਛੜੇ ਵਰਗਾਂ ਨਾਲ ਸੰਬੰਧਤ ਲੋਕਾਂ ਨੂੰ ਸਾਲਾਨਾ ਸੌ ਦਿਨ ਦਾ ਰੁਜ਼ਗਾਰ ਵੀ ਮਿਲਦਾ ਸੀ। ਇਨ੍ਹਾਂ ਦੀ ਵੀ ਰੋਜ਼ੀ-ਰੋਟੀ ਚਲਾਉਣ ਵਿੱਚ ਬੇਹੱਦ ਸਹਾਈ ਸਿੱਧ ਹੁੰਦਾ ਸੀ, ਪਰ ਬਦਕਿਸਮਤੀ ਦੀ ਗੱਲ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਧਰਮ ਦਾ ਲਾਹਾ ਲੈਣ ਦੇ ਨਾਂਅ ਉੱਤੇ ਮਨਰੇਗਾ ਸਕੀਮ ਦਾ ਭੋਗ ਪਾ ਕੇ ਇਸ ਨੂੰ ਜੀ ਰਾਮ ਜੀ ਦਾ ਨਾਂਅ ਦੇਣ ਲਈ ਚੱਕੇ ਤਰਥੱਲੇ ਵਰਤੇ ਜਾ ਰਹੇ ਹਨ।ਸਰਕਾਰਾਂ ਦਾ ਕੰਮ ਦੇਸ਼ ਤੇ ਰਾਜਾਂ ਦਾ ਵਿਕਾਸ ਕਰਨਾ ਹੁੰਦਾ, ਪਰ ਕੇਂਦਰ ਦੀ ਸੱਤਾ ਉੱਤੇ ਕਾਬਜ਼ ਭਾਜਪਾ ਧਰਮ ਦਾ ਪੱਤਾ ਖੇਡ ਕੇ ਸੱਤਾ ਉੱਤੇ ਕਾਬਜ਼ ਰਹਿਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਮਨਰੇਗਾ ਸਕੀਮ ਤਹਿਤ ਰਾਜਾਂ ਦਾ ਹਿੱਸਾ 10 ਫੀਸਦੀ ਸੀ ਜਦੋਂ ਕਿ ਹੁਣ ਕੇਂਦਰ ਸਰਕਾਰ ਵੱਲੋਂ ਰਾਜਾਂ ਦਾ ਹਿੱਸਾ ਵਧਾ ਕੇ 40 ਫ਼ੀਸਦੀ ਕਰ ਦਿੱਤਾ ਗਿਆ ਹੈ, ਜਿਸ ਕਰਕੇ ਪਹਿਲਾਂ ਤੋਂ ਹੀ ਆਰਥਿਕ ਤੰਗੀ ਨਾਲ ਜੂਝ ਰਹੇ ਸੂਬਿਆਂ 'ਚ ਵਿਕਾਸ ਕਾਰਜ ਠੱਪ ਹੋ ਕੇ ਰਹਿ ਜਾਣਗੇ।

## ਗੁਰਦੁਆਰਾ ਸਿੰਘ ਸਭਾ 'ਚ ਬੇਅਦਬੀ ਦੀ ਘਟਨਾ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ ਦੇ ਕਸਬਾ ਸਨੌਰ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਬੇਅਦਬੀ ਦੀ ਮੰਦਭਾਗੀ ਘਟਨਾ ਸਾਹਮਣੇ ਆਉਣ ਨਾਲ ਸਿੱਖ ਸੰਗਤ ਦੇ ਧਾਰਮਿਕ ਜਜ਼ਬਾਤਾਂ ਨੂੰ ਗਹਿਰਾ ਝਟਕਾ ਲੱਗਾ ਹੈ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਰੋਸ, ਗੁੱਸੇ ਅਤੇ ਦੁੱਖ ਦਾ ਮਾਹੌਲ ਬਣਿਆ ਹੋਇਆ ਹੈ।ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਗੜ੍ਹੀ ਨੇ ਗੁਰਦੁਆਰਾ ਸਿੰਘ ਸਭਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਘਟਨਾ ਦੀ ਤਿੱਖੀ ਨਿੰਦਾ ਕੀਤੀ। ਇਸ ਮੌਕੇ ਉਨ੍ਹਾਂ ਨਾਲ ਜਸਮੇਰ ਸਿੰਘ ਲਾਛੜੂ ਅਤੇ ਹੋਰ ਪ੍ਰਬੰਧਕ ਮੈਂਬਰ ਵੀ ਮੌਜੂਦ ਸਨ।ਸੁਰਜੀਤ ਸਿੰਘ ਗੜ੍ਹੀ ਨੇ ਸਪਸ਼ਟ ਕੀਤਾ ਕਿ ਕਸਬੇ ਦੇ ਇੱਕ ਮੁਹੱਲੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਪਾਠ ਲਈ ਲੈ ਕੇ ਜਾਇਆ ਗਿਆ ਸੀ। ਪਾਠ ਸਮਾਪਤੀ ਉਪਰੰਤ ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਮਰਿਆਦਾ ਅਨੁਸਾਰ ਸਤਿਕਾਰ ਸਹਿਤ ਸੰਬੰਧਿਤ ਗੁਰਦੁਆਰਾ ਵਿੱਚ ਲਿਆਇਆ ਗਿਆ, ਤਾਂ ਗੁਰੂ ਗ੍ਰੰਥ ਸਾਹਿਬ ਦੇ ਅੰਗ ਚਾਦਰ ਹੇਠ ਦਿੱਖ ਪਏ, ਜੋ ਸਿੱਖ ਮਰਿਆਦਾ ਦੀ ਸਿੱਧੀ ਉਲੰਘਣਾ ਹੈ।ਉਨ੍ਹਾਂ ਕਿਹਾ ਕਿ ਪ੍ਰਾਰੰਭਿਕ ਜਾਂਚ ਵਿੱਚ ਇਹ ਗੰਭੀਰ ਗੱਲ ਸਾਹਮਣੇ ਆਈ ਹੈ ਕਿ ਛੇ ਪਾਠੀ ਸਿੰਘਾਂ ਵਿੱਚੋਂ ਕਿਸੇ ਇੱਕ ਵੱਲੋਂ ਇਹ ਘਿਨੌਣੀ ਲਾਪਰਵਾਹੀ ਕੀਤੀ ਗਈ ਹੈ।ਸਨੌਰ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਛੇਆਂ ਪਾਠੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੁਰਜੀਤ ਸਿੰਘ ਗੜ੍ਹੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਕਿਸੇ ਵੀ ਕਿਸਮ ਦੀ ਬੇਅਦਬੀ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਜ਼ਰਾ ਵੀ ਢਿਲਾਈ ਨਾ ਵਰਤੀ ਜਾਵੇ ਅਤੇ ਦੋਸ਼ੀ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਮਨਰੇਗਾ ਕਾਨੂੰਨ ਨੂੰ ਬਹਾਲ ਕਰਵਾਉਣ ਲਈ ਐੱਸ ਡੀ ਐੱਮ ਨੂੰ ਮੰਗ ਪੱਤਰ




**ਸਮਰਾਲਾ (ਸੁਰਜੀਤ ਸਿੰਘ)**-ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ (ਸੀਟੂ) ਦੇ ਸੱਦੇ 'ਤੇ ਇੱਥੇ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਰੋਸ ਮਾਰਚ ਕਰਕੇ ਐਸ ਡੀ ਐਮ ਰਾਹੀਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਭੇਜਿਆ ਗਿਆ। ਸੀਟੂ ਪੰਜਾਬ ਦੇ ਸੂਬਾਈ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ ਦੇਣ ਲਈ, ਮਜ਼ਦੂਰਾਂ ਨੂੰ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੋਕਣ ਲਈ, ਮਨਰੇਗਾ ਕਾਨੂੰਨ ਜਿਹੜਾ ਮੰਗ ਦੇ ਅਧਾਰਤ ਘੱਟੋ ਘੱਟ 100 ਦਿਨਾਂ ਦੇ ਕੰਮ ਦੀ ਗਰੰਟੀ ਕਰਦਾ ਸੀ, ਨੂੰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਖ਼ਤਮ ਕਰਕੇ ਨਵਾਂ ਵੀ ਬੀ ਜੀ ਰਾਮ ਜੀ ਕਾਨੂੰਨ ਲਿਆਂਦਾ ਗਿਆ ਹੈ।ਜਿਸ ਵਿੱਚ ਕੰਮ ਦੀ ਕੋਈ ਗਰੰਟੀ ਨਹੀਂ ਭਾਵੇਂ ਕੇਂਦਰ ਸਰਕਾਰ ਨੇ ਮਜ਼ਦੂਰਾਂ ਨੂੰ ਬੁਧੂ ਬਣਾਉਣ ਲਈ ਕਿਹਾ ਹੈ ਕਿ 100 ਦਿਨ ਦੀ ਵਜਾਏ 125 ਦਿਨ ਕੰਮ ਦਿੱਤਾ ਜਾਵੇਗਾ, ਪਰੰਤੂ ਨਾਲ ਹੀ ਇਹ ਵੀ ਕਹਿ ਦਿੱਤਾ ਗਿਆ ਹੈ ਕਿ ਸਾਲ ਵਿੱਚ ਹਾੜ੍ਹੀ ਅਤੇ ਸਾਉਣੀ ਦੀ ਫ਼ਸਲ ਬੀਜਣ ਅਤੇ ਕੱਟਣ ਸਮੇਂ 60 ਦਿਨ ਮਨਰੇਗਾ ਮਜ਼ਦੂਰਾਂ ਨੂੰ ਕੋਈ ਵੀ ਕੰਮ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ, 4 ਲੇਬਰ ਕੋਡ, ਬਿਜਲੀ ਬਿੱਲ 2025, ਸੀਡ ਬਿੱਲ 2025 ਰੱਦ ਕੀਤੇ ਜਾਣ। ਮਨਰੇਗਾ ਮਜ਼ਦੂਰਾਂ ਨੂੰ 700 ਰੁਪਏ ਦਿਹਾੜੀ ਸਾਲ ਵਿੱਚ 200 ਦਿਨ ਕੰਮ, ਮਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਕੰਮ ਵਾਲੀ ਥਾਂ 'ਤੇ ਹੀ ਲਗਾਈ ਜਾਵੇ। ਮਨਰੇਗਾ ਮੁਲਾਜ਼ਮਾਂ ਨੂੰ ਪੱਕੇ ਮੁਲਾਜ਼ਮਾਂ ਵਾਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਮਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਕੰਮਾਂ ਦੀ ਬਕਾਇਆ ਪੇਮੈਂਟ ਦੀ ਅਦਾਇਗੀ ਕੀਤੀ ਜਾਵੇ, ਕੇਂਦਰ ਸਰਕਾਰ ਪਹਿਲਾਂ ਦੀ ਤਰ੍ਹਾਂ 90 ਪ੍ਰਤੀਸ਼ਤ ਦੀ ਅਦਾਇਗੀ ਕਰੇ ਕਿਉਂਕਿ ਪੰਜਾਬ ਦੀ ਸਰਕਾਰ ਪਹਿਲਾਂ ਹੀ 4 ਲੱਖ ਕਰੋੜ ਰੁਪਏ ਤੋਂ ਵਧੇਰੇ ਦੀ ਕਰਜ਼ਾਈ ਹੋਣ ਕਰਕੇ 40 ਪ੍ਰਤੀਸ਼ਤ ਦਾ ਵਾਧੂ ਭਾਰ ਚੁੱਕਣ ਦੇ ਸਮਰੱਥ ਨਹੀਂ। ਜੇਕਰ ਅਜਿਹਾ ਹੁੰਦਾ ਹੈ ਤਾਂ ਮਨਰੇਗਾ ਮਜ਼ਦੂਰ ਬੇਰੁਜ਼ਗਾਰੀ ਦੀ ਭੱਠੀ ਵਿੱਚ ਝੋਕ ਦਿੱਤੇ ਜਾਣਗੇ। ਇਸ ਲਈ ਮਨਰੇਗਾ ਕਾਨੂੰਨ 2005 ਨੂੰ ਬਹਾਲ ਕਰਕੇ ਮਜ਼ਦੂਰਾਂ ਦੀ ਰੋਟੀ ਰੋਜ਼ੀ ਦੀ ਰਾਖੀ ਕੀਤੀ ਜਾਵੇ। ਜੇਕਰ ਕੇਂਦਰ ਸਰਕਾਰ ਨੇ ਮਜ਼ਦੂਰਾਂ-ਕਿਸਾਨਾਂ-ਮੁਲਾਜ਼ਮਾਂ ਦੀ ਆਵਾਜ਼ ਨੂੰ ਨਜ਼ਰਅੰਦਾਜ਼ ਕੀਤਾ ਤਾਂ ਸਾਂਝੇ ਸੰਘਰਸ਼ ਦਾ ਆਗਾਜ਼ ਕੀਤਾ ਜਾਵੇਗਾ। ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਸਾਥੀ ਸਿਕੰਦਰ ਬਖ਼ਸ਼ ਮੰਡ ਚੌਂਤਾ, ਸੂਬਾਈ ਸਕੱਤਰ ਬੀਬੀ ਹਰਪ੍ਰੀਤ ਕੌਰ ਸਮਸ਼ਪੁਰ, ਗੁਰਮੀਤ ਕੌਰ ਰੂਪਾ, ਸੂਬਾ ਕਮੇਟੀ ਮੈਂਬਰ ਹਰੀ ਰਾਮ ਭੱਟੀ, ਕਰਮਜੀਤ ਭੌਰਲਾ, ਹਰਜਿੰਦਰ ਸਿੰਘ (ਜਿੰਦੀ) ਸਲੇਮਪੁਰ, ਨਗਰ ਕੌਂਸਲ ਸਮਰਾਲਾ ਦੇ ਸਾਬਕਾ ਪ੍ਰਧਾਨ ਸਾਥੀ ਭਜਨ ਸਿੰਘ, ਦਲਵਾਰਾ ਸਿੰਘ ਬੌਂਦਲੀ ਭਰਾਤਰੀ ਜੱਥੇਬੰਦੀ ਜੰਗਲਾਤ ਵਰਕਰ ਯੂਨੀਅਨ ਦੇ ਆਗੂ ਸਾਥੀ ਜਗਵੀਰ ਸਿੰਘ ਨਾਗਰਾ ਨੇ ਭਰਾਤਰੀ ਸੰਦੇਸ਼ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਨਿਰਮਲ ਸਿੰਘ (ਨਿੰਮਾ) ਮੁਗਲੇਵਾਲ ਅਤੇ ਗੁਰਬਚਨ ਸਿੰਘ ਖੇੜਾ, ਰਾਮ ਸਿੰਘ ਭੌਰਲਾ ਵੀ ਹਾਜ਼ਰ ਸਨ।

## ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਮਹੀਨਾਵਾਰ ਪ੍ਰੋਗਰਾਮ ਦੌਰਾਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਦੀ ਸ਼ਹਾਦਤ ਅਤੇ ਉਨ੍ਹਾਂ ਦਾ ਜੀਵਨ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨੈਤਿਕ ਕਦਰਾਂ-ਕੀਮਤਾਂ, ਨਿਡਰਤਾ ਅਤੇ ਸੱਚ ਦੇ ਮਾਰਗ 'ਤੇ ਦ੍ਰਿੜਤਾ ਦਾ ਸ਼ਕਤੀਸ਼ਾਲੀ ਸੰਦੇਸ਼ ਦਿੰਦਾ ਹੈ।ਬੁਲਾਰਿਆਂ ਨੇ ਆਖਿਆ ਕਿ ਛੋਟੀ ਉਮਰ ਵਿੱਚ ਸਾਹਿਬਜ਼ਾਦਿਆਂ ਨੇ ਧਰਮ, ਸੱਚ, ਮਨੁੱਖਤਾ ਤੇ ਨਿਆਂ ਦੀ ਰੱਖਿਆ ਲਈ ਸਰਵਉੱਚ ਕੁਰਬਾਨੀ ਦਿੱਤੀ, ਜਿਸ ਨਾਲ ਪੂਰੇ ਸੰਸਾਰ ਨੂੰ ਅਸਾਧਾਰਨ ਹਿੰਮਤ, ਦ੍ਰਿੜਤਾ ਤੇ ਕੁਰਬਾਨੀ ਨਾਲ ਪ੍ਰੇਰਿਤ ਕੀਤਾ। ਬੁਲਾਰਿਆਂ ਨੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇ ਇਤਿਹਾਸਕ ਅਤੇ ਅਧਿਆਤਮਿਕ ਮਹੱਤਵ ਨੂੰ ਉਜਾਗਰ ਕੀਤਾ ਤੇ ਸਮਾਜ ਨੂੰ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣਾਉਣ ਦੀ ਅਪੀਲ ਕੀਤੀ।

# ਡੀ ਸੀ, ਮੇਅਰ ਤੇ ਨਿਗਮ ਕਮਿਸ਼ਨਰ ਦੇ ਹੁਕਮਾਂ 'ਤੇ ਸ਼ਹਿਰ 'ਚ ਨਜਾਇਜ਼ ਕਬਜ਼ਿਆਂ 'ਤੇ ਵੱਡੀ ਕਾਰਵਾਈ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਨੂੰ ਸੁਚੱਜਾ ਬਣਾਉਣ ਅਤੇ ਆਮ ਲੋਕਾਂ ਨੂੰ ਨਜਾਇਜ਼ ਕਬਜ਼ਿਆਂ ਕਾਰਨ ਪੈਦਾ ਹੋ ਰਹੀਆਂ ਮੁਸ਼ਕਲਾਂ ਤੋਂ ਰਾਹਤ ਦਿਵਾਉਣ ਲਈ ਲਾਹੌਰੀ ਗੇਟ, ਆਰੀਆ ਸਮਾਜ ਅਤੇ ਨਾਭਾ ਗੇਟ ਵਿਖੇ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਗਈ।ਇਹ ਕਾਰਵਾਈ ਡਿਪਟੀ ਕਮਿਸ਼ਨਰ, ਨਗਰ ਨਿਗਮ ਦੇ ਮੇਅਰ ਅਤੇ ਨਿਗਮ ਕਮਿਸ਼ਨਰ ਦੇ ਸਪਸ਼ਟ ਹੁਕਮਾਂ ਅਨੁਸਾਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਅਮਲ ਵਿੱਚ ਲਿਆਂਦੀ ਗਈ।ਨਗਰ ਨਿਗਮ ਦੇ ਅਧਿਕਾਰੀ ਵਿਸ਼ਾਲ ਵਰਮਾ ਨੇ ਸਪਸ਼ਟ ਕੀਤਾ ਹੈ ਕਿ ਰੇਹੜੀ ਵਾਲਿਆਂ ਦਾ ਲਾਇਸੰਸ ਤੁਰ ਫਿਰ ਕੇ ਵੇਚਣ ਲਈ ਬਣਿਆ ਹੁੰਦਾ ਹੈ ਨਾ ਕਿ ਇੱਕ ਜਗਾ ਤੇ ਪੱਕੇ ਤੌਰ 'ਤੇ ਖੜ੍ਹ ਕੇ ਨਜਾਇਜ਼ ਕਬਜ਼ਾ ਕਰਨ ਲਈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਨਜਾਇਜ਼ ਕਬਜ਼ਿਆਂ ਕਾਰਨ ਸੜਕਾਂ, ਗਲੀਆਂ ਅਤੇ ਸਰਕਾਰੀ ਜਗ੍ਹਾਵਾਂ 'ਤੇ ਆਵਾਜਾਈ ਵਿੱਚ ਰੁਕਾਵਟਾਂ ਪੈਦਾ ਹੋ ਰਹੀਆਂ ਸਨ, ਜਿਸ ਨਾਲ ਆਮ ਲੋਕਾਂ ਨੂੰ ਰੋਜ਼ਾਨਾ ਖੱਜਲ-ਖੁਆਰੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।ਉਨ੍ਹਾਂ ਸਪਸ਼ਟ ਕੀਤਾ ਕਿ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਸੁਵਿਧਾ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੇ ਕਬਜ਼ਿਆਂ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਆਦਾਤਰ ਰੇਹੜੀ ਵਾਲਿਆਂ ਵਲੋਂ ਲੰਮੇ ਸਮੇਂ ਤੋਂ ਨਿਗਮ ਫੀਸ ਨਾ ਭਰਨ 'ਤੇ ਵੀ ਇਸ ਕਾਰਵਾਈ ਨੂੰ ਅੰਜਾਮ ਦਿਤਾ ਗਿਆ ਹੈ।ਇਸ ਕਾਰਵਾਈ ਤਹਿਤ ਖਾਸ ਤੌਰ 'ਤੇ ਲਾਹੌਰੀ ਗੇਟ ਇਲਾਕੇ ਵਿੱਚ ਨਜਾਇਜ਼ ਤੌਰ 'ਤੇ ਕੀਤੇ ਗਏ ਕਬਜ਼ੇ ਹਟਾਏ ਗਏ।ਇਹ ਕਾਰਵਾਈ ਸੈਕਟਰੀ ਸੁਰਜੀਤ ਸਿੰਘ ਚੀਮਾ ਅਤੇ ਸੁਪਰਡੈਂਟ ਦਰਪਣ ਕੁਮਾਰ ਦੀ ਰਹਿਨੁਮਾਈ ਹੇਠ ਅਮਲ ਵਿੱਚ ਲਿਆਂਦੀ ਗਈ।ਕਾਰਵਾਈ ਦੌਰਾਨ ਨਗਰ ਨਿਗਮ ਟੀਮ ਨੇ ਨਜਾਇਜ਼ ਕਬਜਿਆਂ ਨੂੰ ਹਟਾ ਕੇ ਸਰਕਾਰੀ ਜਗ੍ਹਾ ਨੂੰ ਖਾਲੀ ਕਰਵਾਇਆ। ਇਸ ਮੌਕੇ ਵਿਸ਼ਾਲ ਵਰਮਾ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਨੇ ਸਰਕਾਰੀ ਜਗ੍ਹਾ 'ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਉਨ੍ਹਾਂ ਨੂੰ ਪਹਿਲਾਂ ਹੀ ਚੇਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਆਪਣੀ ਮਰਜ਼ੀ ਨਾਲ ਕਬਜ਼ੇ ਹਟਾ ਲੈਣ, ਨਹੀਂ ਤਾਂ ਨਿਗਮ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਨਿਗਮ ਵਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਦਾ ਸਹਿਯੋਗ ਕਰਨ ਅਤੇ ਕਿਸੇ ਵੀ ਤਰ੍ਹਾਂ ਦੇ ਨਜਾਇਜ਼ ਕਬਜ਼ੇ ਨਾ ਕਰਨ। ਉਨ੍ਹਾਂ ਕਿਹਾ ਕਿ ਪਟਿਆਲਾ ਨੂੰ ਸਾਫ਼, ਸੁੰਦਰ ਅਤੇ ਸੁਵਿਧਾਜਨਕ ਸ਼ਹਿਰ ਬਣਾਉਣ ਲਈ ਇਹ ਕਾਰਵਾਈਆਂ ਲਾਜ਼ਮੀ ਹਨ ਅਤੇ ਪ੍ਰਸ਼ਾਸਨ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਵਚਨਬੱਧ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵੱਲੋਂ ਸੱਤ ਦਿਨਾ ਐੱਨ ਐੱਸ ਐੱਸ ਕੈਂਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਆਯੋਜਿਤ ਸੱਤ ਦਿਨਾਂ ਦੇ ਰਾਸ਼ਟਰੀ ਸੇਵਾ ਯੋਜਨਾ (ਐਨ ਐੱਸ ਐੱਸ) ਕੈਂਪ ਸਫਲਤਾਪੂਰਵਕ ਸੰਪੰਨ ਹੋਏ। ਇਨ੍ਹਾਂ ਕੈਂਪਾਂ ਦਾ ਸਮਾਪਨ ਇੱਕ ਵੈਲਿਡਿਕਟਰੀ ਸਮਾਗਮ ਨਾਲ ਹੋਇਆ, ਜਿਸ ਦੌਰਾਨ ਆਤਮ-ਚਿੰਤਨ, ਅਨੁਭਵ ਸਾਂਝੇ ਕਰਨ ਅਤੇ ਸਮੁਦਾਇਕ ਸੇਵਾ ਦੇ ਅਹਿਮ ਪਹਿਲੂਆਂ ਉੱਤੇ ਚਰਚਾ ਕੀਤੀ ਗਈ। ਕੈਂਪਾਂ ਦਾ ਮੁੱਖ ਉਦੇਸ਼ ਵਿਦਿਆਰਥੀ ਸਵੈਛਿਕ ਸੇਵਕਾਂ ਵਿੱਚ ਸਮਾਜਿਕ ਜ਼ਿੰਮੇਵਾਰੀ, ਨੇਤ੍ਰਿਤਵ ਗੁਣ ਅਤੇ ਨਾਗਰਿਕ ਚੇਤਨਾ ਦਾ ਵਿਕਾਸ ਕਰਨਾ ਸੀ।ਡਾ. ਹਰਨੀਤ ਬਿਲਿੰਗ, ਪ੍ਰੋਗਰਾਮ ਕੋਆਰਡੀਨੇਟਰ, ਐਨ ਐੱਸ ਐੱਸ ਨੇ ਜਾਣਕਾਰੀ ਦਿੱਤੀ ਕਿ ਇਹ ਸੱਤ ਦਿਨਾਂ ਦੇ ਕੈਂਪ ਯੂਨੀਵਰਸਿਟੀ ਦੀਆਂ ਪੰਜ ਐਨ ਐੱਸ ਐੱਸ ਇਕਾਈਆਂ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤੇ ਗਏ। ਇਨ੍ਹਾਂ ਵਿੱਚ ਫੈਕਲਟੀ ਆਫ਼ ਮੈਡੀਕਲ ਸਾਇੰਸਿਜ਼, ਫੈਕਲਟੀ ਆਫ਼ ਬੇਸਿਕ ਐਂਡ ਐਪਲਾਇਡ ਸਾਇੰਸਿਜ਼, ਫੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫ਼ਾਰਮੇਸ਼ਨ ਸਾਇੰਸਿਜ਼, ਫੈਕਲਟੀ ਆਫ਼ ਲੀਗਲ ਸਟਡੀਜ਼ ਅਤੇ ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਸ਼ਾਮਲ ਸਨ। ਡਾ. ਸੁਮਨਪ੍ਰੀਤ ਕੌਰ, ਡਾ. ਸੁਪਰੀਤ ਬਿੰਦਰਾ, ਪ੍ਰੋਗਰਾਮ ਅਫ਼ਸਰ, ਐਨ ਐੱਸ ਐੱਸ ਇਕਾਈ, ਫੈਕਲਟੀ ਆਫ਼ ਮੈਡੀਕਲ ਸਾਇੰਸਿਜ਼ ਨੇ ਦੱਸਿਆ ਕਿ ਉਨ੍ਹਾਂ ਦੀ ਇਕਾਈ ਦੇ ਸਵੈਛਿਕ ਸੇਵਕਾਂ ਵੱਲੋਂ ਲੰਗਰ ਤਿਆਰ ਕਰਨ ਅਤੇ ਵਰਤਾਉਣ, ਜੋੜਾ ਘਰ ਪ੍ਰਬੰਧ, ਗੁਰਦੁਆਰਾ ਸਾਹਿਬ ਦੇ ਪ੍ਰੰਗਣ ਵਿੱਚ ਸਫ਼ਾਈ, ਭੀੜ ਪ੍ਰਬੰਧਨ ਅਤੇ ਬਜ਼ੁਰਗਾਂ, ਬੱਚਿਆਂ ਅਤੇ ਵਿਸ਼ੇਸ਼ ਯੋਗਤਾ ਵਾਲੇ ਵਿਅਕਤੀਆਂ ਦੀ ਸਹਾਇਤਾ ਵਰਗੀਆਂ ਸੇਵਾਵਾਂ ਨਿਭਾਈਆਂ ਗਈਆਂ।ਡਾ. ਨਵਨੀਤ ਕੌਰ, ਪ੍ਰੋਗਰਾਮ ਅਫ਼ਸਰ, ਐਨ ਐੱਸ ਐੱਸ ਇਕਾਈ, ਯੂਨੀਵਰਸਿਟੀ ਸਕੂਲ ਆਫ਼ ਲਾਅ ਡਾ. ਮੋਨਿਕਾ ਐਰੀ, ਐਨ ਐੱਸ ਐੱਸ ਪ੍ਰੋਗਰਾਮ ਅਫ਼ਸਰ, ਡਾ. ਰਮਨਦੀਪ ਕੌਰ, ਪ੍ਰੋਗਰਾਮ ਅਫ਼ਸਰ, ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਨੇ ਕੈਂਪ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੇ ਨਾਲ ਨਾਲ ਸੇਵਕਾਂ ਵੱਲੋਂ ਆਸ-ਪਾਸ ਦੇ ਇਲਾਕਿਆਂ ਵਿੱਚ ਸਫ਼ਾਈ ਮੁਹਿੰਮਾਂ ਵੀ ਚਲਾਈਆਂ ਗਈਆਂ।ਡਾ. ਸਿਕੰਦਰ ਸਿੰਘ, ਡੀਨ ਭਲਾਈ ਵਿਦਿਆਰਥੀ ਨੇ ਅਧਿਆਪਕਾਂ ਦੇ ਸਹਿਯੋਗ ਅਤੇ ਸਮਰਪਣ ਦੀ ਸ਼ਲਾਘਾ ਕੀਤੀ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਐਨ ਐੱਸ ਐੱਸ ਪ੍ਰੋਗਰਾਮ ਕੋਆਰਡੀਨੇਟਰ, ਪ੍ਰੋਗਰਾਮ ਅਫ਼ਸਰਾਂ ਅਤੇ ਸਵੈਛਿਕ ਸੇਵਕਾਂ ਦੀ ਸਾਂਝੀ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਕੈਂਪ ਅਕਾਦਮਿਕ ਸਿੱਖਿਆ ਨੂੰ ਸਮਾਜਿਕ ਸੇਵਾ ਅਤੇ ਮੁੱਲ-ਅਧਾਰਿਤ ਸਿੱਖਿਆ ਨਾਲ ਜੋੜਨ ਵਿੱਚ ਸਫਲ ਰਹੇ। ਪ੍ਰੋ. (ਡਾ.) ਪਰਿਤ ਪਾਲ ਸਿੰਘ, ਮਾਨਯੋਗ ਵਾਈਸ-ਚਾਂਸਲਰ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਗਈ ਨਿਸ਼ਕਾਮ ਸੇਵਾ, ਅਨੁਸ਼ਾਸਨ ਅਤੇ ਸਮਰਪਣ ਦੀ ਭਰਪੂਰ ਸਰਾਹਨਾ ਕੀਤੀ।

## ਸਫਾ 1 ਦੇ ਬਾਕੀ...

### ਚਾਰ ਸਾਹਿਬਜ਼ਾਦਿਆਂ ਦੀ ...

ਅੱਗੇ ਕਦੇ ਵੀ ਈਨ ਨਾ ਮੰਨਣ ਅਤੇ ਹਮੇਸ਼ਾ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਦਾ ਸੰਦੇਸ਼ ਦਿੱਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਪੂਰੀ ਸ਼ਰਧਾ-ਭਾਵਨਾ ਨਾਲ ਮਨਾਇਆ।ਮਾਨ ਨੇ ਕਿਹਾ, ਅਸੂਲਾਂ 'ਤੇ ਪਹਿਰਾ ਦੇਣਾ ਸਭ ਤੋਂ ਔਖਾ ਇਮਤਿਹਾਨ ਹੁੰਦਾ ਹੈ। ਸੂਲਾਂ (ਕੰਡਿਆਂ) 'ਤੇ ਚੱਲਣ ਨਾਲੋਂ ਅਸੂਲਾਂ 'ਤੇ ਚੱਲਣਾ ਔਖਾ ਹੁੰਦਾ, ਪਰ ਸਾਹਿਬਜ਼ਾਦਿਆਂ ਨੇ ਅਸੂਲਾਂ ਦਾ ਰਾਹ ਚੁਣਿਆ ਅਤੇ ਇਤਿਹਾਸ ਵਿੱਚ ਮਿਸਾਲ ਕਾਇਮ ਕਰਕੇ ਸਾਨੂੰ ਸਾਰਿਆਂ ਨੂੰ ਇਨ੍ਹਾਂ ਸਿਧਾਂਤਾਂ 'ਤੇ ਤੁਰਨ ਦਾ ਸੰਦੇਸ਼ ਦਿੱਤਾ ਹੈ ਤਾਂ ਕਿ ਮਨੁੱਖੀ ਆਜ਼ਾਦੀ ਨੂੰ ਹਰ ਹਾਲ ਵਿਚ ਕਾਇਮ ਰੱਖਿਆ ਜਾ ਸਕੇ।

### ਬੋਰਵੈੱਲਾਂ ਵਾਂਗ ਡੂੰਘਾ...

ਪ੍ਰਤੀ ਖਾਸ ਤੌਰ 'ਤੇ ਸੰਵੇਦਨਸ਼ੀਲ ਬਣਾਉਂਦੀ ਹੈ, ਕਿਉਂਕਿ ਮਾਨਸੂਨ ਦਾ ਮੀਂਹ ਕਮਜ਼ੋਰ ਹੋਣ 'ਤੇ ਜਲ-ਭੰਡਾਰ ਪੂਰੀ ਤਰ੍ਹਾਂ ਰੀਚਾਰਜ ਨਹੀਂ ਹੁੰਦੇ।

ਭਾਵੇਂ ਪਿਛਲੇ ਦੋ ਸਾਲਾਂ ਤੋਂ ਮਾਨਸੂਨ ਦੀ ਬਾਰਿਸ਼ ਚੰਗੀ ਰਹੀ ਹੈ, ਪਰ ਕਿਸਾਨ ਇੰਨਾ ਪਾਣੀ ਕੱਢ ਰਹੇ ਹਨ ਕਿ ਹਰਿਆਣਾ ਅਤੇ ਪੰਜਾਬ ਦੇ ਵੱਡੇ ਹਿੱਸਿਆਂ ਵਿੱਚ ਜਲ-ਭੰਡਾਰਾਂ ਨੂੰ ਭਾਰਤ ਸਰਕਾਰ ਦੁਆਰਾ ਅੱਤ-ਸ਼ੋਸ਼ਿਤ ਜਾਂ ਨਾਜ਼ੁਕ ਪੱਧਰ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। 2024 ਅਤੇ 2025 ਦੇ ਸਰਕਾਰੀ ਅੰਕੜਿਆਂ ਅਨੁਸਾਰ ਇਹ ਦੋਵੇਂ ਸੂਬੇ ਆਪਣੇ ਜਲ-ਭੰਡਾਰਾਂ ਦੇ ਕੁਦਰਤੀ ਤੌਰ 'ਤੇ ਭਰਨ ਦੀ ਸਮਰੱਥਾ ਨਾਲੋਂ ਸਾਲਾਨਾ 35 ਫੀਸਦੀ ਤੋਂ 57 ਫੀਸਦੀ ਵੱਧ ਜ਼ਮੀਨੀ ਪਾਣੀ ਕੱਢਦੇ ਹਨ। ਸਥਿਤੀ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਸਥਾਨਕ ਅਧਿਕਾਰੀਆਂ ਨੇ 2023 ਵਿੱਚ ਅੱਤ-ਸ਼ੋਸ਼ਿਤ ਖੇਤਰਾਂ ਵਿੱਚ ਨਵੇਂ ਬੋਰਵੈੱਲਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਮੌਜੂਦਾ ਬੋਰਵੈੱਲਾਂ ਤੱਕ ਸੀਮਤ ਕਿਸਾਨ ਹੁਣ ਡਿੱਗ ਰਹੀ ਸਪਲਾਈ ਵਿੱਚੋਂ ਪਾਣੀ ਕੱਢਣ ਲਈ ਲੰਬੀਆਂ ਪਾਈਪਾਂ ਅਤੇ ਵਧੇਰੇ ਸ਼ਕਤੀਸ਼ਾਲੀ ਪੰਪਾਂ ਵਰਗੇ ਉਪਕਰਨਾਂ 'ਤੇ ਸਾਲਾਨਾ ਹਜ਼ਾਰਾਂ ਰੁਪਏ ਖਰਚ ਕਰ ਰਹੇ ਹਨ।

ਇਨ੍ਹਾਂ ਕਿਸਾਨਾਂ 'ਚ ਸੁਖਵਿੰਦਰ ਸਿੰਘ ਵੀ ਸ਼ਾਮਲ ਹੈ, ਜੋ ਪੰਜਾਬ ਵਿੱਚ 35 ਏਕੜ 'ਚ ਖੇਤੀ ਕਰਦਾ ਹੈ। 76 ਸਾਲਾ ਕਿਸਾਨ ਨੇ ਦੱਸਿਆ ਕਿ ਉਸ ਨੇ ਪਿਛਲੀਆਂ ਗਰਮੀਆਂ ਵਿੱਚ ਉਪਕਰਨਾਂ ਅਤੇ ਲੇਬਰ 'ਤੇ 30,000 ਰੁਪਏ ਤੋਂ 40,000 ਰੁਪਏ ਖਰਚ ਕੀਤੇ ਸਨ, ਤਾਂ ਜੋ ਪਾਣੀ ਦਾ ਪੱਧਰ ਡਿੱਗਣ ਦੇ ਬਾਵਜੂਦ ਉਹ ਚੌਲ ਉਗਾਉਣਾ ਜਾਰੀ ਰੱਖ ਸਕੇ। ਉਸ ਨੇ ਕਿਹਾ, ਜੇ ਹਰ ਸੀਜ਼ਨ ਵਿੱਚ ਲਾਗਤ ਵਧਦੀ ਰਹੀ, ਤਾਂ ਲੱਗਦਾ ਹੈ ਕਿ ਇਹ ਜਲਦੀ ਹੀ ਗੈਰ-ਟਿਕਾਊ ਹੋ ਜਾਵੇਗੀ।

ਖੇਤੀ ਅਰਥਸ਼ਾਸਤਰੀ ਅਸ਼ੋਕ ਗੁਲਾਟੀ ਅਨੁਸਾਰ, ਇੱਕ ਕਿੱਲੋ ਚੌਲ ਪੈਦਾ ਕਰਨ ਲਈ 3,000-4,000 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਇਹ ਵਿਸ਼ਵ ਔਸਤ ਨਾਲੋਂ 20 ਤੋਂ 60 ਫੀਸਦੀ ਵੱਧ ਹੈ। ਪੰਜਾਬ ਦੇ ਇੱਕ ਕਿਸਾਨ ਨੇ ਕਿਹਾ ਕਿ ਵੱਡੀਆਂ ਜੋਤਾਂ ਵਾਲੇ ਕਿਸਾਨ ਅਜੇ ਵੀ ਮੁਨਾਫਾ ਕਮਾਉਣ ਦੇ ਯੋਗ ਹਨ, ਕਿਉਂਕਿ ਉਹ ਸਮਝਦੇ ਹਨ ਕਿ ਸਰਕਾਰੀ ਸਬਸਿਡੀਆਂ ਦਾ ਲਾਭ ਕਿਵੇਂ ਲੈਣਾ ਹੈ ਅਤੇ ਉਹ ਡੂੰਘੇ ਬੋਰਵੈੱਲ ਕਰਨ ਦਾ ਖਰਚਾ ਚੁੱਕ ਸਕਦੇ ਹਨ, ਪਰ ਗੁਜ਼ਾਰੇ ਲਈ ਖੇਤੀ ਕਰਨ ਵਾਲੇ ਛੋਟੇ ਕਿਸਾਨਾਂ ਲਈ ਅਜਿਹਾ ਨਹੀਂ ਹੈ : ਡਿੱਗਦਾ ਪਾਣੀ ਸਾਰੇ ਚੌਲ ਉਤਪਾਦਕਾਂ ਲਈ ਚਿੰਤਾ ਦਾ ਵਿਸ਼ਾ ਹੈ, ਪਰ ਛੋਟੇ ਕਿਸਾਨ ਸਭ ਤੋਂ ਵੱਧ ਪ੍ਰਭਾਵਤ ਹੁੰਦੇ ਹਨ, ਕਿਉਂਕਿ ਖੇਤੀ ਦਾ ਹਰ ਵਾਧੂ ਖਰਚਾ ਉਨ੍ਹਾਂ ਦੀ ਮਾਮੂਲੀ ਆਮਦਨ ਨੂੰ ਘਟਾ ਦਿੰਦਾ ਹੈ।

ਕੁਝ ਸੰਕੇਤ ਹਨ ਕਿ ਭਾਰਤੀ ਅਧਿਕਾਰੀ ਚੌਲਾਂ ਦੀਆਂ ਸਬਸਿਡੀਆਂ ਅਤੇ ਜ਼ਮੀਨੀ ਪਾਣੀ ਕੱਢਣ ਦੇ ਇਸ ਮਾਰੂ ਚੱਕਰ ਨੂੰ ਤੋੜਨ ਦੀ ਉਮੀਦ ਕਰ ਰਹੇ ਹਨ। ਹਰਿਆਣਾ ਸਰਕਾਰ ਨੇ ਪਿਛਲੇ ਸਾਲ ਕਿਸਾਨਾਂ ਨੂੰ ਬਾਜਰੇ ਵਰਗੀਆਂ ਫਸਲਾਂ ਵੱਲ ਮੋੜਨ ਲਈ 17,500 ਰੁਪਏ ਪ੍ਰਤੀ ਹੈਕਟੇਅਰ ਦੀ ਸਬਸਿਡੀ ਦੇਣੀ ਸ਼ੁਰੂ ਕੀਤੀ ਸੀ। ਬਾਜਰਾ, ਜੋ ਕਈ ਵਾਰ ਚੌਲਾਂ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ, ਆਪਣੇ ਸਿਹਤ ਲਾਭਾਂ ਕਾਰਨ ਸ਼ਹਿਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਪ੍ਰਸਿੱਧ ਹੋ ਰਿਹਾ ਹੈ। ਹਾਲਾਂਕਿ ਹਰਿਆਣਾ ਸਰਕਾਰ ਦੁਆਰਾ ਪੇਸ਼ ਕੀਤੀ ਗਈ ਇਹ ਪ੍ਰੋਤਸਾਹਨ ਰਾਸ਼ੀ ਸਿਰਫ ਇੱਕ ਸੀਜ਼ਨ ਲਈ ਉਪਲੱਬਧ ਹੈ ਅਤੇ ਹੁਣ ਤੱਕ ਵੱਡੇ ਪੱਧਰ 'ਤੇ ਕਿਸਾਨਾਂ ਨੂੰ ਇਸ ਵੱਲ ਮੋੜਨ ਵਿੱਚ ਅਸਫਲ ਰਹੀ ਹੈ।

ਗੁਲਾਟੀ ਅਨੁਸਾਰ, ਕਿਸਾਨਾਂ ਨੂੰ ਚੌਲਾਂ ਤੋਂ ਬਾਜਰੇ ਵੱਲ ਲੰਬੇ ਸਮੇਂ ਲਈ ਮੋੜਨ ਵਾਸਤੇ ਘੱਟ-ਘੱਟ ਪੰਜ ਸਾਲਾਂ ਦੀ ਲੋੜ ਹੈ। ਗੁਲਾਟੀ ਦੀ ਖੋਜ ਅਨੁਸਾਰ ਸੂਬਾ ਸਬਸਿਡੀਆਂ 'ਤੇ ਖਰਚ ਵਧਾਏ ਬਿਨਾਂ ਕਿਸਾਨਾਂ ਨੂੰ ਘੱਟ ਪਾਣੀ ਵਾਲੀਆਂ ਫਸਲਾਂ ਵੱਲ ਮੋੜ ਸਕਦਾ ਹੈ। ਪੰਜਾਬ ਚੌਲਾਂ ਦੇ ਹਰ ਹੈਕਟੇਅਰ ਲਈ ਖਾਦ ਅਤੇ ਬਿਜਲੀ ਦੀ ਸਬਸਿਡੀ 'ਤੇ ਲੱਗਭੱਗ 39,000 ਰੁਪਏ ਖਰਚ ਕਰਦਾ ਹੈ, ਪਰ ਜੇ ਇਸ ਵਿੱਚੋਂ 35,000 ਰੁਪਏ ਘੱਟ ਪਾਣੀ ਵਾਲੀਆਂ ਫਸਲਾਂ ਉਗਾਉਣ ਵਾਲੇ ਕਿਸਾਨਾਂ ਨੂੰ ਦਿੱਤੇ ਜਾਣ ਤਾਂ ਇਹ ਉਨ੍ਹਾਂ ਦੀ ਆਮਦਨ ਨੂੰ ਬਰਕਰਾਰ ਰੱਖਣ ਲਈ ਕਾਫੀ ਹੋਵੇਗਾ।

ਪੰਜਾਬ ਦੇ ਚੌਲ ਉਤਪਾਦਕ ਗੁਰਮੀਤ ਸਿੰਘ ਨੇ ਕਿਹਾ, "ਪੰਜਾਬ ਅਤੇ ਹਰਿਆਣਾ ਦੀ ਧਰਤੀ ਉਪਜਾਊ ਹੈ ਅਤੇ ਅਸੀਂ ਕਿਸਾਨ ਫਸਲ ਬਦਲਣ ਲਈ ਤਿਆਰ ਹਾਂ... ਬਸ਼ਰਤੇ ਸਰਕਾਰ ਸਾਡੀ ਉਪਜ ਨੂੰ ਸਰਕਾਰੀ ਸਹਾਇਕ ਕੀਮਤਾਂ 'ਤੇ ਖਰੀਦੇ।"

## ਮਾਨਸਾ ਜ਼ਿਲ੍ਹੇ ਦੇ 9 ਪ੍ਰੀਖਿਆ ਕੇਂਦਰਾਂ 'ਚ ਹੋਵੇਗੀ ਪ੍ਰੀਖਿਆ

**ਮਾਨਸਾ (ਆਤਮਾ ਸਿੰਘ ਪਮਾਰ)**- ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐੱਸ. ਸੀ. ਈ. ਆਰ.ਟੀ.) ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਉਤਸ਼ਾਹਿਤ ਕਰਨ ਲਈ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (ਪੀ. ਐਸ. ਟੀ. ਐਸ. ਈ.) ਅਤੇ ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ (ਐੱਨ. ਐਮ. ਐਮ.ਐੱਸ.) ਪ੍ਰੀਖਿਆ ਆਯੋਜਿਤ ਕੀਤੀ ਜਾ ਰਹੀ ਹੈ । ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਨੀਲਮ ਰਾਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਡਾ. ਪਰਮਜੀਤ ਸਿੰਘ ਭੋਗਲ ਦੀ ਦੇਖਰੇਖ ਹੋ ਰਹੀ ਪ੍ਰੀਖਿਆ 'ਚ ਸੈਸ਼ਨ 2025-26 ਦੇ ਅੱਠਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀ ਭਾਗ ਲੈਣਗੇ ਅਤੇ ਪ੍ਰੀਖਿਆ ਦਾ ਸਮਾਂ ਸਵੇਰੇ 10 ਵਜੇ ਤੋਂ 1 ਵਜੇ ਤੱਕ ਹੋਵੇਗਾ । ਸਿੱਖਿਆ ਅਧਿਕਾਰੀ ਨੀਲਮ ਰਾਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਪ੍ਰੀਖਿਆਵਾਂ ਲਈ ਜ਼ਿਲ੍ਹੇ ਵਿਚ 4 ਜਨਵਰੀ ਨੂੰ ਤਹਿਸੀਲ ਪੱਧਰ 'ਤੇ 9 ਪ੍ਰੀਖਿਆ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਪ੍ਰੀਖਿਆ ਦੇ ਸੰਚਾਲਨ ਲਈ ਤਿਆਰੀਆਂ ਮੁਕੰਮਲ ਕਰ ਲਈ ਗਈਆਂ ਹਨ।

## ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਸੁੰਦਰ ਦਸਤਾਰ ਮੁਕਾਬਲੇ ਅੱਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਅਤੇ ਚਾਰ ਸ਼ਾਹਿਬਜ਼ਾਦਿਆ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਵੱਲੋਂ ਨੌਜਵਾਨ ਵਰਗ ਦੇ ਸਹਿਯੋਗ ਨਾਲ ਦਸਤਾਰ ਮੁਕਾਬਲੇ 31 ਦਸੰਬਰ, ਦਿਨ ਬੁੱਧਵਾਰ ਨੂੰ ਪਿੰਡ ਪੰਡੋਰੀ (ਬਰਨਾਲਾ) ਵਿਖੇ ਡਾ: ਮਨਦੀਪ ਸਿੰਘ ਖੁਰਦ, ਪ੍ਰਧਾਨ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੀ ਅਗਵਾਈ ਹੇਠ ਪੂਰੇ ਜੋਸ਼ ਖਰੋਸ਼, ਉਤਸ਼ਾਹ ਨਾਲ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਪ੍ਰਬੰਧਕ ਕੁਲਵੰਤ ਸਿੰਘ ਨੇ ਦੱਸਿਆ ਕਿ ਇਹ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਨੌਜਵਾਨ ਵਰਗ ਨੂੰ ਨਸ਼ਿਆਂ ਤੋਂ ਥਚਾ ਕੇ ਗੁਰਸਿੱਖੀ ਨਾਲ ਜੋੜਨਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ 'ਚ ਜੇਤੂਆਂ ਨੂੰ ਪ੍ਰਬੰਧਕਾਂ ਵੱਲੋਂ ਇਕ ਦਸਤਾਰ, ਨਕਦ ਰਾਸ਼ੀ, ਅਤੇ ਮੈਡਲ ਭੇਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

## ਪਿਸਤੌਲ ਚੋਰੀ ਮਾਮਲੇ 'ਚ ਦੋ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਮਲੋਹ ਵਿਖੇ ਇੱਕ ਘਰ 'ਚੋਂ ਪਿਸਤੌਲ, ਮੈਗਜ਼ੀਨ ਤੇ ਰੌਂਦ ਚੋਰੀ ਹੋ ਜਾਣ ਦੇ ਕਥਿਤ ਮਾਮਲੇ ਵਿੱਚ ਅਮਲੋਹ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਜਗਮੋਹਣ ਸਿੰਘ ਦਿਓਲ ਨੇ ਦੱਸਿਆ ਕਿ ਉਸਨੇ ਆਪਣਾ .32 ਬੋਰ ਦਾ ਲਾਈਸੈਂਸੀ ਪਿਸਤੌਲ ਮੈਗਜ਼ੀਨ ਅਤੇ ਰੌਂਦ ਇੱਕ ਬਕਸੇ ਵਿੱਚ ਪਾ ਕੇ ਘਰ ਦੀ ਅਲਮਾਰੀ 'ਚ ਰੱਖੇ ਹੋਏ ਸਨ। 27 ਦਸੰਬਰ ਨੂੰ ਜਦੋਂ ਉਹ ਆਪਣੀ ਅਲਮਾਰੀ ਵਿੱਚੋਂ ਕਾਗਜ਼ ਪੱਤਰ ਦੇਖ ਰਿਹਾ ਸੀ ਤਾਂ ਉਸਨੂੰ ਪਤਾ ਲੱਗਾ ਕਿ ਉਸਦਾ .32 ਬੋਰ ਦਾ ਲਾਈਸੈਂਸੀ ਪਿਸਤੌਲ, ਮੈਗਜ਼ੀਨ ਅਤੇ ਰੌਂਦ ਅਲਮਾਰੀ 'ਚ ਨਹੀਂ ਹਨ।ਸ਼ਿਕਾਇਤਕਰਤਾ ਨੇ ਦੋਸ਼ ਲਾਏ ਕਿ ਉਸ ਨੂੰ ਪਤਾ ਲੱਗਾ ਹੈ ਕਿ ਬੀਤੀ 25 ਨਵੰਬਰ ਨੂੰ ਉਹ ਤੇ ਉਸਦੀ ਪਤਨੀ ਜਦੋਂ ਰਿਸ਼ਤੇਦਾਰੀ ਵਿੱਚ ਵਿਆਹ ਸਮਾਗਮ 'ਤੇ ਗਏ ਸਨ ਤਾਂ ਉਸ ਦੇ ਘਰ ਆਏ ਅੰਗਦ ਗੋਸਵਾਮੀ ਅਤੇ ਵੈਭਵ ਬਾਤਿਸ਼ ਉਸਦਾ ਪਿਸਤੌਲ, ਮੈਗਜ਼ੀਨ ਅਤੇ 8 ਰੌਂਦ ਚੋਰੀ ਕਰਕੇ ਲੈ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਬੀ.ਐਨ.ਐਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਮੁੱਕਦਮੇ 'ਚ ਅੰਗਦ ਗੋਸਵਾਮੀ ਅਤੇ ਵੈਭਵ ਬਾਤਿਸ਼ ਨੂੰ ਨਾਮਜ਼ਦ ਕਰਕੇ ਥਾਣਾ ਅਮਲੋਹ ਦੀ ਪੁਲਿਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਪ੍ਰਕਾਸ਼ ਦਿਹਾੜੇ 'ਤੇ ਰਾਹੋਂ ਰੋਡ 'ਤੇ ਦੁੱਧ ਤੇ ਬਿਸਕੁਟਾਂ ਦਾ ਲੰਗਰ ਲਗਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਥਾਨਕ ਰਾਹੋਂ ਰੋਡ 'ਤੇ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਇਸ ਲੰਗਰ ਵਿਚ ਬਲਵਿੰਦਰ ਸਿੰਘ ਗੁਲਿਆਣੀ, ਪਰਮਿੰਦਰ ਸਿੰਘ ਗੁਲਿਆਣੀ, ਨਗਿੰਦਰ ਸਿੰਘ ਖੇੜਾ, ਜ਼ਿਲ੍ਹਾ ਪਰਿਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਅਮਿਤ ਭਾਟੀਆ, ਇਸ਼ਬੀਰ ਸਿੰਘ ਗੁਲਿਆਣੀ, ਸ਼ਿਵ ਕੁਮਾਰ ਸ਼ਿਵਲੀ, ਜਸਦੀਪ ਸਿੰਘ ਮੁਨੀਤ, ਬਲਦੇਵ ਸਿੰਘ ਮਿੱਠੇਵਾਲ, ਗੁਰਮੁਖ ਸਿੰਘ ਨਾਮਧਾਰੀ, ਹਰਭਜਨ ਸਿੰਘ ਮਿੱਠੇਵਾਲ, ਭੁਪਿੰਦਰ ਸਿੰਘ ਅਰੋੜਾ, ਗੁਰਪ੍ਰੀਤ ਸਿੰਘ ਸਰਾਓ, ਸੁਖਬੀਰ ਸਿੰਘ ਫਤਹਿਗੜ੍ਹ ਬੇਟ, ਬੌਬੀ ਕੁਮਾਰ, ਅੰਚਿਤ ਭਾਟੀਆ, ਸੱਤਿਅਮ ਪਾਹਵਾ, ਗੁਰਪ੍ਰੀਤ ਗੱਗੀ, ਮਨਵੀਰ ਸਿੰਘ ਸਿੱਧੂ ਤੇ ਰਾਧੇ ਸ਼ਿਆਮ ਨੇ ਸੇਵਾ ਕੀਤੀ।

## ਐੱਲ ਆਰ ਡੀ ਏ ਵੀ ਕਾਲਜ 'ਚ ਵਿਸ਼ੇਸ਼ ਸ਼ਹੀਦੀ ਸਮਾਗਮ



**ਜਗਰਾਉਂ (ਅਮਿਤ ਖੰਨਾ)**-ਐਲ.ਆਰ.ਡੀ.ਏ.ਵੀ ਕਾਲਜ, ਪਰਵਾਰ ਪੰਜਾਬ ਅਤੇ ਐਲ.ਆਰ. ਡੀ.ਏ.ਵੀ ਕਾਲਜ ਦੇ ਸਹਿਯੋਗ ਨਾਲ, ਚਾਰ ਸਾਹਿਬਜ਼ਾਦਿਆਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਸ਼ੇਸ਼ ਬੁਲਾਰੇ ਯਸ਼ਗਿਰੀ (ਸਮਾਜਿਕ ਸਦਭਾਵਨਾ ਮੁਖੀ) ਅਤੇ ਬਲਵਿੰਦਰ ਸਿੰਘ ਬੱਲੀ (ਜ਼ਿਲ੍ਹਾ ਬੁੱਧੀਜੀਵੀ ਮੁਖੀ) ਸਨ।ਚਰਨਜੀਤ ਸਿੰਘ ਭੰਡਾਰੀ ਅਤੇ ਰਾਜਿੰਦਰ ਜੈਨ ਕਾਕਾ (ਪ੍ਰਧਾਨ, ਲਾਇਨਜ਼ ਕਲੱਬ ਯੂਥ ਜਗਰਾਉਂ) ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ।ਗੁਰੂ ਸਾਹਿਬਾਨ ਦੀ ਉਸਤਤ ਵਿੱਚ ਮੰਨਤ ਸਹੋਤਾ ਦੇ ਰੂਹਾਨੀ ਗੀਤ, ਸਾਡਾ ਪੱਤਰ ਨੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ।ਸਮਾਗਮ ਵਿੱਚ ਪਰਵਾਰ ਪਰਵਾਰ ਦੇ ਜ਼ਿਲ੍ਹਾ ਕੋਆਰਡੀਨੇਟਰ ਜਵਾਹਰ ਲਾਲ ਵਰਮਾ, ਡੀ.ਏ.ਵੀ. ਪ੍ਰਬੰਧਕ ਕਮੇਟੀ ਜਗਰਾਉਂ ਦੇ ਪ੍ਰਧਾਨ ਰਾਜ ਕੁਮਾਰ ਭੱਲਾ, ਪ੍ਰੋਫੈਸਰ ਸੁਭਾਸ਼, ਬੌਬੀ ਭੰਡਾਰੀ, ਨਵੀਨ, ਮਦਨ, ਮੋਹਿਤ ਜੈਨ, ਵਿਪਿਨ ਅਗਰਵਾਲ ਅਤੇ ਡੀ.ਸੀ. ਸ਼ਾਮਲ ਸਨ।ਗਰਗ, ਲਲਿਤ ਅਗਰਵਾਲ, ਸ਼ਸ਼ੀ ਭੂਸ਼ਣ, ਐਸ.ਕੇ. ਸਮੇਤ ਕਈ ਪਤਵੰਤੇ ਮੌਜੂਦ ਸਨ।ਵਰਮਾ, ਮਹਿਤਾ, ਚੰਦਰ, ਕੁਲਭੂਸ਼ਣ, ਸ੍ਰੀ ਬਾਲਾਜੀ ਸੇਵਾ ਦਲ, ਬੀ.ਬੀ. ਸਿੰਗਲਾ, ਸੱਚੂ, ਰਾਜ ਵਰਮਾ, ਮਾਮੂ, ਪੰਕਜ, ਬਲਰਾਮ, ਮੋਹਿਤ ਅਤੇ ਰਾਜਿੰਦਰ ਸ਼ਰਮਾ ਸ਼ਾਮਲ ਸਨ।ਪ੍ਰੋਗਰਾਮ ਦਾ ਉਦੇਸ਼ ਗੁਰੂ ਸਾਹਿਬਾਨ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਸਮਾਜ ਵਿੱਚ ਸਦਭਾਵਨਾ, ਏਕਤਾ ਅਤੇ ਰਾਸ਼ਟਰਵਾਦ ਨੂੰ ਮਜ਼ਬੂਤ ਕਰਨਾ ਸੀ।

## ਗੁਰਚਰਨ ਚਾਹਲ ਭੀਖੀ ਨੂੰ ਬਰਸੀ ਮੌਕੇ ਕੀਤਾ ਯਾਦ



**ਭੀਖੀ (ਗੁਰਿੰਦਰ ਸਿੰਘ ਔਲਖ)**-ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਮਰਹੂਮ ਕਹਾਣੀਕਾਰ ਗੁਰਚਰਨ ਚਾਹਲ ਭੀਖੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਨਵਯੁਗ ਸਾਹਿਤ ਕਲਾ ਮੰਚ ਵੱਲੋਂ ਯਾਦ ਕੀਤਾ ਗਿਆ।ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਭ ਤੋਂ ਪਹਿਲਾਂ ਸਰਧਾਂਜਲੀ ਦਿੱਤੀ ਗਈ।ਮੰਚ ਦੇ ਸਰਪ੍ਰਸਤ ਐੱਸਡੀਓ ਰਾਜਿੰਦਰ ਰੋਹੀ ਨੇ ਕਿਹਾ ਕਿ ਗੁਰਚਰਨ ਚਾਹਲ ਨੂੰ ਭਾਵੇਂ ਸਾਡੇ 'ਚੋਂ ਗਏ ਨੂੰ ਚਾਲੀ ਸਾਲ ਹੋ ਗਏ, ਪਰ ਉਨ੍ਹਾਂ ਦੀ ਰਚਨਾਵਾਂ ਹਮੇਸ਼ਾ ਲਈ ਉਨ੍ਹਾਂ ਨੂੰ ਅਮਰ ਕਰ ਗਈਆਂ।ਬਾਹੁਤ ਸਾਰੇ ਬਦੇਸ਼ਾਂ 'ਚ ਬੈਠੇ ਸਾਹਿਤ ਪ੍ਰੇਮੀ ਭੀਖੀ ਕਸਬੇ ਨੂੰ ਗੁਰਚਰਨ ਚਾਹਲ ਵਾਲੀ ਭੀਖੀ ਤੋਂ ਹੀ ਸੰਬੋਧਨ ਹੁੰਦੇ ਹਨ।ਚਾਹਲ ਦੀਆਂ ਕਿਤਾਬਾਂ ਤੇ ਯੂਨੀਵਰਸੀਟਿਆਂ 'ਚ ਅੱਜ ਵੀ ਕੰਮ ਹੋ ਰਿਹਾ ਹੈ।ਉਨ੍ਹਾਂ ਕਿਹਾ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਯਾਦ ਵਿੱਚ ਇੱਕ ਵੱਡਾ ਸਮਾਗਮ ਰੱਖਿਆ ਜਾਵੇਗਾ।ਮੰਚ ਦੇ ਪ੍ਰਧਾਨ ਭੁਪਿੰਦਰ ਫ਼ੌਜੀ, ਸਕੱਤਰ ਐੱਸ.ਅਮਰੀਕ ਭੀਖੀ ਤੇ ਕੁਲਦੀਪ ਸਿੰਘ ਕੱਤਰੀ ਨੇ ਆਪਣੀ ਰਚਨਾਵਾਂ ਪੇਸ਼ ਕਰਕੇ ਵਾਹ-ਵਾਹ ਖੱਟੀ।

## ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦਾ ਵਫਦ ਡੀ ਐੱਸ ਈ ਨੂੰ ਮਿਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦਾ ਇੱਕ ਵਫਦ ਸਿੱਖਿਆ ਵਿਭਾਗ ਦੇ ਡੀ ਐੱਸ ਈ (ਸੈਕੰਡਰੀ) ਨੂੰ ਮਿਲਿਆ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਅਨੂਪਗੜ੍ਹ ਨੇ ਦੱਸਿਆ ਕਿ ਜਥੇਬੰਦੀ ਦਾ ਇੱਕ ਸੂਬਾਈ ਵਫਦ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਤੇ ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਦੀ ਪ੍ਰਧਾਨਗੀ 'ਚ ਡੀ ਐੱਸ ਈ (ਸੈਕੰਡਰੀ) ਨੂੰ ਮਿਲਿਆ। ਮੀਟਿੰਗ 'ਚ ਪ੍ਰਾਇਮਰੀ ਤੋਂ ਮਾਸਟਰ ਕਾਡਰ 'ਚ ਪ੍ਰਮੋਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਾਉਣ, ਚੋਣ ਡਿਊਟੀ ਦੌਰਾਨ ਜਾਨ ਗਵਾ ਚੁੱਕੇ ਜਸਕਰਨ ਸਿੰਘ ਤੇ ਉਸਦੀ ਪਤਨੀ ਨੂੰ ਦੋ-ਦੋ ਕਰੋੜ ਮੁਆਵਜ਼ਾ ਦੇਣ, ਪ੍ਰਾਇਮਰੀ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ, ਲੈਕਚਰਾਰ ਤੋਂ ਪ੍ਰਿੰਸੀਪਲ ਦੀਆਂ ਪ੍ਰੋਮੋਸ਼ਨਾਂ, ਮੈਡੀਕਲ ਬਿੱਲਾਂ ਦੀ ਅਦਾਇਗੀ, 1250 ਅਧਿਆਪਕਾਂ ਤੇ ਥੋਪੇ ਬ੍ਰਿਜ਼ ਕੋਰਸ, ਸੰਗਰੂਰ ਵਿੱਚ ਰੱਦ ਹੋਈ ਐਫ਼ ਆਈ ਆਰ ਤੇ ਆਦਰਸ਼ ਸਕੂਲ ਚਾਉਕੇ ਦੇ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੋਕਤ ਮਸਲਿਆਂ 'ਤੇ ਡੀ ਐੱਸ ਈ ਸੈਕੰਡਰੀ ਨੇ ਕਿਹਾ ਕਿ ਅਗਲੇ ਹਫ਼ਤੇ ਪ੍ਰਾਇਮਰੀ ਤੋਂ ਮਾਸਟਰ ਕਾਡਰ 'ਚ ਪ੍ਰਮੋਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਦੇ ਦਿੱਤੇ ਜਾਣਗੇ। ਜਸਕਰਨ ਸਿੰਘ ਤੇ ਉਸਦੀ ਪਤਨੀ ਦੇ ਮਸਲੇ 'ਤੇ ਸਰਕਾਰ ਨੂੰ ਮੁਆਵਜ਼ੇ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਤਰੱਕੀਆਂ ਦੇ ਮਸਲੇ 'ਤੇ ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਦੀਆਂ ਪ੍ਰਮੋਸ਼ਨਾਂ ਛੇਤੀ ਕੀਤੀਆਂ ਜਾ ਰਹੀਆਂ ਹਨ ਤੇ ਬਾਕੀ ਕਾਡਰਾਂ ਦੀਆਂ ਪ੍ਰਮੋਸ਼ਨਾਂ ਵੀ ਜਲਦੀ ਕੀਤੀਆਂ ਜਾਣਗੀਆਂ। ਬ੍ਰਿਜ ਕੋਰਸ ਦੇ ਮੁੱਦੇ 'ਤੇ ਅਧਿਕਾਰੀ ਨੇ ਕਿਹਾ ਕਿ ਇਸ ਬਾਰੇ ਉਹ ਡਾਇਰੈਕਟਰ ਐੱਸ ਸੀ ਈ ਆਰ ਟੀ ਨਾਲ ਗੱਲ ਕਰਕੇ ਕੋਈ ਸਾਰਥਿਕ ਹੱਲ ਕੱਢਣਗੇ।

## ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਹਲਕਾ ਧੂਰੀ 'ਚ ਕਾਂਗਰਸ ਨੂੰ ਸੰਨ੍ਹ ਲਾਉਂਦਿਆਂ ਵਾਰਡ ਨੰਬਰ 4 ਤੋਂ ਕਾਂਗਰਸੀ ਕੌਂਸਲਰ ਰਾਜੀਵ ਚੌਧਰੀ ਨੇ ਕਾਂਗਰਸ ਦਾ ਹੱਥ ਪੰਜਾ ਛੱਡ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਕਬੂਲਣ ਦਾ ਐਲਾਨ ਕੀਤਾ।ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਪੁੱਜੇ ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ ਅਤੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਦੀ ਅਗਵਾਈ ਚ ਐਡਵੋਕੇਟ ਰਾਜੀਵ ਚੌਧਰੀ ਨੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਤੇ ਪਾਰਟੀ ਆਗੂਆਂ ਨੇ ਸ੍ਰੀ ਚੌਧਰੀ ਦਾ ਪਾਰਟੀ 'ਚ ਸ਼ਾਮਲ ਹੋਣ 'ਤੇ ਐਲਾਨ ਕੀਤਾ।ਸਮਾਗਮ ਦੌਰਾਨ ਮੁੱਖ ਮੰਤਰੀ ਦੇ ਓਐੱਸਡੀ ਸੁਖਵੀਰ ਸਿੰਘ ਅਤੇ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਐਡਵੋਕੇਟ ਰਾਜੀਵ ਚੌਧਰੀ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਐਡਵੋਕੇਟ ਰਾਜੀਵ ਚੌਧਰੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਧੂਰੀ ਹਲਕੇ ਸਮੇਤ ਪੂਰੇ ਪੰਜਾਬ ਵਿੱਚ ਬੇਮਿਸਾਲ ਵਿਕਾਸ ਕਾਰਜ ਹੋ ਰਹੇ ਹਨ।ਉਨ੍ਹਾਂ ਆਖਿਆ ਕਿ ਮਾਨ ਸਰਕਾਰ ਦੀ ਲੋਕ-ਹਿਤੈਸ਼ੀ ਨੀਤੀਆਂ, ਇਮਾਨਦਾਰ ਪ੍ਰਸ਼ਾਸਨ ਅਤੇ ਗਤੀਸ਼ੀਲ ਤੇ ਦੂਰਅੰਦੇਸ਼ੀ ਸੋਚ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

# 16 ਜਨਵਰੀ ਨੂੰ ਡੀ ਸੀ ਦਫਤਰ ਵਿਖੇ ਦਿੱਤਾ ਜਾਵੇਗਾ ਧਰਨਾ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੇ ਦੱਸਿਆ ਕਿ ਜਿਸ ਤਰ੍ਹਾਂ ਕੇਂਦਰ ਦੀ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਲਿਆ ਰਹੀ ਹੈ, ਜੇਕਰ ਇਹ ਬਿੱਲ ਪਾਸ ਹੋ ਜਾਂਦੇ ਹਨ ਤਾਂ ਦੇਸ਼ ਭਰ ਦੇ ਬਿਜਲੀ ਬੋਰਡਾਂ ਨੂੰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਵੇਚ ਦੇਵੇਗੀ, ਜਿਸ ਨਾਲ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ ਤੇ ਬਿਜਲੀ ਨਾਲ ਸੰਬੰਧਤ ਸਾਰੀਆਂ ਸਬਸਿਡੀਆਂ ਖਤਮ ਹੋ ਜਾਣੀਆਂ ਹਨ।ਇਸ ਤਰ੍ਹਾਂ ਹੀ ਬੀਜ ਬਿੱਲ ਪਾਸ ਹੋਣ ਨਾਲ ਖੇਤੀਬਾੜੀ ਨਾਲ ਸਬੰਧਤ ਖੇਤਰ ਵੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਹੋ ਜਾਣਗੇ।ਸਰਕਾਰ ਨੇ ਮਜ਼ਦੂਰਾਂ-ਮੁਲਾਜ਼ਮਾਂ ਨਾਲ ਸਬੰਧਤ 29 ਕਿਰਤ ਕਾਨੂੰਨਾਂ ਨੂੰ ਬਦਲ ਕੇ ਚਾਰ ਕੋਡ ਬਣਾ ਦਿੱਤੇ ਹਨ।ਇਸ ਨਾਲ ਮਜ਼ਦੂਰਾਂ ਦੇ ਜਥੇਬੰਦੀਆਂ ਬਣਾਉਣ ਤੇ ਲਗਭਗ ਪਾਬੰਦੀ ਲਾ ਦਿੱਤੀ ਗਈ ਹੈ।ਸਰਕਾਰ ਸਾਰੇ ਮਹਿਕਮਿਆਂ ਨੂੰ ਵੇਚਣ ਦੇ ਰਾਹ ਤੁਰੀ ਹੋਈ ਹੈ।ਇਸ ਕਰਕੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਇਨ੍ਹਾਂ ਲੋਕ ਮਾਰੂ ਨੀਤੀਆਂ ਦੇ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਦੋ ਤੇ ਤਿੰਨ ਜਨਵਰੀ ਨੂੰ ਪਿੰਡਾਂ ਵਿੱਚ ਮੋਟਰਸਾਈਕਲਾਂ ਤੇ ਝੰਡਾ ਮਾਰਚ ਕੀਤਾ ਜਾਵੇਗਾ ਅਤੇ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਮੋਗਾ ਦੇ ਦਫਤਰ ਸਾਹਮਣੇ ਮਾਰੇ ਜਾ ਰਹੇ ਧਰਨੇ ਵਿੱਚ ਕਿਸਾਨ ਨੌਜਵਾਨ ਅਤੇ ਭੈਣਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਡੀਸੀ ਦਫਤਰ ਗੁਰਦਾਸਪੁਰ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ

## ਲੋਕ ਵਿਰੋਧੀ ਨੀਤੀਆਂ ਖਿਲਾਫ ਮਜ਼ਦੂਰਾਂ ਵੱਲੋਂ ਜਥੇਬੰਦਕ ਸੰਘਰਸ਼ ਤੇਜ਼ ਕਰਨ ਦਾ ਅਹਿਦ



**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨ ਮਜ਼ਦੂਰ ਮੋਰਚਾ ਭਾਰਤ ਚੈਪਟਰ ਪੰਜਾਬ ਦੇ ਸੱਦੇ ਤੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਡੀ ਸੀ ਦਫਤਰ ਹੈੱਡ ਕੁਆਰਟਰਾਂ ਤੇ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਤੇ ਰੋਸ ਮਾਰਚ ਕੀਤੇ ।ਜ਼ਿਲਾ ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਸਾਹਮਣੇ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਮੋਦੀ ਸਰਕਾਰ ਵੱਲੋਂ ਮਜ਼ਦੂਰਾਂ ਦੇ ਰੁਜ਼ਗਾਰ ਦਾ ਵਸੀਲਾ ਮਨਰੇਗਾ ਕਾਨੂੰਨ ਵਿੱਚ ਸੋਧ ਕਰਕੇ ਨਵਾਂ ਕਾਨੂੰਨ ਜੀਰਾਮਜੀ ਲਿਆਂਦਾ ਗਿਆ ਜਿਸ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਹੀ ਨਹੀਂ ਖੁੱਸਣਾ ਸਗੋਂ ਮਜ਼ਦੂਰਾਂ ਦੇ ਅਧਿਕਾਰਾਂ ਤੇ ਵੀ ਡਾਕਾ ਵੱਜਦਾ ਹੈ ਜਿਵੇਂ ਕਿ ਪਹਿਲਾਂ ਮਨਰੇਗਾ ਮਜ਼ਦੂਰ ਪਿੰਡ ਦੀ ਪੰਚਾਇਤ ਤੇ ਬੀਡੀਪੀਓ ਪਾਸੋਂ ਮਨਰੇਗਾ ਰਾਹੀਂ ਕੰਮ ਮੰਗਣ ਦਾ ਅਧਿਕਾਰ ਰੱਖਦੇ ਸੀ ਪਰ ਇਸ ਨਵੇਂ ਕਾਨੂੰਨ ਵਿੱਚ ਇਹ ਹੱਕ ਖਤਮ ਕਰ ਦਿੱਤੇ ਗਏ, ਪਿੰਡ ਦੀ ਪੰਚਾਇਤ ਨੇ ਕਿਹੜਾ ਕੰਮ ਕਰਾਉਣਾ ਉਸ ਦਾ ਅਧਿਕਾਰ ਸੀ। ਮਜ਼ਦੂਰਾਂ ਮੰਗ ਕੀਤੀ ਕਿ ਪੁਰਾਣਾ ਮਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ। ਕੇਂਦਰ ਵੱਲੋਂ 40% ਫੰਡਾਂ ਦੀ ਕਟੌਤੀ ਵਾਪਸ ਲੈਣ ਦੀ ਵੀ ਮੰਗ ਕੀਤੀ। ਬੁਲਾਰਿਆਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਨਾਲ ਸੰਬੰਧਿਤ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਾਰਪੋਰੇਟ ਤੇ ਸਰਮਾਏਦਾਰਾਂ ਦੇ ਹੱਕ ਵਿੱਚ ਚਾਰ ਕੋਡ ਲਾਗੂ ਕਰਨ ਨੂੰ ਵਾਪਸ ਲਿਆ ਜਾਵੇ, ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕੀਤਾ ਜਾਵੇ। ਮਨਰੇਗਾ ਮਜ਼ਦੂਰਾਂ, ਕਿਸਾਨਾਂ, ਮਜ਼ਦੂਰਾਂ ਦੀਆਂ ਜਥੇਬੰਦੀਆਂ ਵੱਲੋਂ ਵਿਆਪਕ ਪੱਧਰ 'ਤੇ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਗਿਆ। ਪੰਜਾਬ ਸਰਕਾਰ ਕੋਲੋਂ ਮੋਰਚਾ ਮੰਗ ਕਰਦਾ ਹੈ ਕਿ ਕੇਂਦਰ ਵੱਲੋਂ ਲਿਆਂਦਾ ਬਿਜਲੀ ਸੋਧ ਬਿੱਲ-2025, ਬੀਜ ਐਕਟ 2025 ਤੇ ਸੂਬਿਆਂ ਦੇ ਅਧਿਕਾਰਾਂ ਦਾ ਕੇਂਦਰੀਕਰਨ ਕਰਨ ਦੇ ਵਿਰੋਧ 'ਚ ਵਿਧਾਨ ਸਭਾ ਵਿੱਚ ਮਤਾ ਪਾਸ ਹੋਵੇ। ਉਨ੍ਹਾਂ ਸੱਦਾ ਦਿੱਤਾ ਕਿ ਮਜ਼ਦੂਰ ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਅਹਿਦ ਕਰਨ ਨਹੀਂ ਤਾਂ ਸਰਕਾਰਾਂ ਆਉਣ ਵਾਲੇ ਸਮੇਂ ਵਿੱਚ ਨਿੱਜੀਕਰਨ ਦੀ ਨੀਤੀ ਦੁਕਾਨਦਾਰਾਂ ਦਾ ਉਜਾੜਾ ਕਰ ਦੇਵੇਗੀ। ਪ੍ਰੋਗਰਾਮਾਂ ਵਿੱਚ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਦੋਸ਼ੀ ਕੁਲਦੀਪ ਸਿੰਗਰ ਦੀ ਜਮਾਨਤ ਰੱਦ ਕਰਕੇ ਬਣਦੀ ਸਜ਼ਾ ਦਿੱਤੀ ਜਾਵੇ, ਅਰਾਵਲੀ ਪਰਬਤ ਲੜੀ ਦਾ ਖਨਨ ਪੱਕੇ ਰੂਪ ਵਿੱਚ ਬੰਦ ਕੀਤਾ ਜਾਵੇ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਕਿਸਾਨ ਆਗੂਆਂ ਤੋਂ ਇਲਾਵਾ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਹਰਭਜਨ ਸਿੰਘ ਖਜ਼ਾਨਚੀ, ਸੁਖਜਿੰਦਰ ਸਿੰਘ ਗੋਤ, ਮਾਸਟਰ ਗੁਰਜੀਤ ਸਿੰਘ, ਨਿਸ਼ਾਨ ਸਿੰਘ ਮੈੜੇ, ਸੁਖਦੇਵ ਸਿੰਘ ਨੱਤ, ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਸੰਘਣੀ ਧੁੰਦ ਤੇ ਠੰਡੀਆਂ ਹਵਾਵਾਂ ਤੋਂ ਬਚਣ ਲਈ ਅਗਾਊਂ ਤਿਆਰੀਆਂ ਕਰਨ ਦੀ ਜ਼ਰੂਰਤ : ਸਹਾਇਕ ਕਮਿਸ਼ਨਰ



**ਤਰਨ ਤਾਰਨ, (ਪ੍ਰਿਤਪਾਲ ਸਿੰਘ)**- ਸਹਾਇਕ ਕਮਿਸ਼ਨਰ (ਜਨਰਲ) ਤਰਨ ਤਾਰਨ ਡਾ. ਕਰਨਵੀਰ ਸਿੰਘ ਨੇ ਸਰਦੀ ਦੇ ਮੌਸਮ ਵਿਚ ਠੰਡੀਆਂ ਹਵਾਵਾਂ ਚੱਲਣ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਬਚਣ ਲਈ ਜ਼ਿਲ੍ਹਾ ਵਾਸੀਆਂ ਨੂੰ ਅਗਾਊਂ ਤੋਂ ਹੀ ਤਿਆਰੀਆਂ ਰੱਖਣ ਲਈ ਕਿਹਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਤੇ ਬਜ਼ੁਰਗਾਂ ਦਾ ਇਨ੍ਹਾਂ ਦਿਨਾਂ ਦੌਰਾਨ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਅਤੇ ਲੋੜ ਅਨੁਸਾਰ ਹੀ ਘਰ ਤੋਂ ਬਾਹਰ ਨਿਕਲਣਾ ਚਾਹੀਦਾ ਹੈ।ਸਰਦੀ ਦੇ ਮੌਸਮ ਵਿਚ ਕੋਲਡ ਵੇਵ ਦੌਰਾਨ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਕਰਨਾ ਚਾਹੀਦਾ, ਇਸ ਬਾਰੇ ਪ੍ਰੇਰਿਤ ਕਰਦਿਆਂ ਸਹਾਇਕ ਕਮਿਸ਼ਨਰ ਡਾ. ਕਰਨਵੀਰ ਸਿੰਘ ਨੇ ਕਿਹਾ ਕਿ ਠੰਡ ਤੋਂ ਬਚਣ ਲਈ ਮੋਟੇ ਕੱਪੜਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।ਇਸ ਤੋਂ ਇਲਾਵਾ ਘਰ ਦੇ ਦਰਵਾਜ਼ਿਆਂ ਤੇ ਖਿੜਕਿਆਂ ਨੂੰ ਚੰਗੀ ਤਰ੍ਹਾਂ ਬੰਦ ਰੱਖਣਾ ਚਾਹੀਦਾ ਹੈ ਤਾਂ ਜ਼ੋ ਕੋਲਡ ਵੇਵ ਘਰ ਦੇ ਅੰਦਰ ਦਾਖਲ ਨਾ ਹੋ ਸਕੇ।ਉਨ੍ਹਾਂ ਕਿਹਾ ਕਿ ਫਲੂ, ਨੱਕ ਦਾ ਵਗਣਾ ਜਾਂ ਹੋਰ ਬਿਮਾਰੀ ਵਾਲੇ ਲੱਛਣ ਹੋਣ ਤੇ ਡਾਕਟਰੀ ਸਹਾਇਤਾ ਲੈ ਲਈ ਜਾਵੇ।ਉਨ੍ਹਾਂ ਦੱਸਿਆ ਕਿ ਧੁੰਦ ਦੌਰਾਨ ਵਾਹਨਾਂ ਚਾਲਕਾਂ ਨੂੰ ਆਪਣਾ ਵਾਹਨ ਦੀ ਗਤੀ ਹੋਲੀ ਰੱਖਣੀ ਚਾਹੀਦੀ ਹੈ।ਵਾਹਨ ਚਾਲਕਾਂ ਨੂੰ ਆਪਣੇ ਵਾਹਨ ਦੀ ਲਾਈਟਾਂ ਨੂੰ ਲੋਅ ਬੀਮ 'ਤੇ ਰੱਖਣਾ ਚਾਹੀਦਾ ਹੈ ਤਾਂ ਜੋ ਸਾਹਮਣੇ ਤੋਂ ਆਉਂਦਾ ਵਹੀਕਲ ਜਲਦੀ ਨਜ਼ਰ ਆ ਜਾਵੇ ਅਤੇ ਦੂਰੋਂ ਆਉਂਦੇ ਵਹੀਕਲ ਦੀ ਸੜਕ 'ਤੇ ਰੌਸ਼ਨੀ ਨਜਰ ਆਵੇ।ਉਨ੍ਹਾਂ ਕਿਹਾ ਕਿ ਧੁੰਦ ਦੇ ਸਮੇਂ ਹਮੇਸ਼ਾ ਵਹੀਕਲ ਦੇ ਇੰਡੀਕੇਟਰ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਵਹੀਕਲ ਚਲਾਉਂਦੇ ਸਮੇਂ ਮੋਬਾਈਲ ਜਾਂ ਹੋਰ ਕਿਸੇ ਸਮਾਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਬਲਕਿ ਹਮੇਸ਼ਾ ਸੜਕ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਹਮਣੇ ਤੋਂ ਆ ਰਹੇ ਵਹੀਕਲ ਦੀ ਵਿਜ਼ੀਬਿਲਟੀ ਘੱਟ ਹੋਣ ਕਾਰਨ ਵਹੀਕਲ ਚਲਾਉਂਦੇ ਸਮੇਂ ਆਲੇ-ਦੁਆਲੇ ਦੀ ਆਵਾਜ਼ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਕੋਹਰੇ ਦੌਰਾਨ ਕੋਈ ਦੁਰਘਟਨਾ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਧੁੰਦ ਦੌਰਾਨ ਵਹੀਕਲ ਸੜਕ 'ਤੇ ਬਣੀ ਹੋਈ ਲੇਨ ਅਨੁਸਾਰ ਹੀ ਚਲਾਉਣਾ ਚਾਹੀਦਾ ਹੈ ਅਤੇ ਵਹੀਕਲ ਓਵਰਟੇਕ ਕਰਨ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ।ਸਹਾਇਕ ਕਮਿਸ਼ਨਰ ਡਾ. ਕਰਨਵੀਰ ਸਿੰਘ ਨੇ ਸੜਕੀ ਦੁਰਘਟਨਾਵਾਂ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਹਮੇਸ਼ਾ ਆਪਣੇ ਵਹੀਕਲ ਦੀਆਂ ਬਾਰੀਆਂ ਸਾਫ ਰੱਖੀਆਂ ਜਾਣ ਤੇ ਵਹੀਕਲਾਂ ਵਿਚਕਾਰ ਜ਼ਰੂਰਤ ਅਨੁਸਾਰ ਦੂਰੀ ਲਾਜ਼ਮੀ ਬਣਾ ਕੇ ਰੱਖੀ ਜਾਵੇ ਤਾਂ ਜੋ ਜਾਨੀ-ਮਾਲੀ ਨੁਕਸਾਨ ਹੋਣ ਤੋਂ ਬਚਿਆ ਜਾ ਸਕੇ।ਉਨ੍ਹਾਂ ਕਿਹਾ ਕਿ ਪਸ਼ੂ ਮਾਹਿਰਾਂ ਅਨੁਸਾਰ ਕੋਲਡ-ਵੇਵ ਦੌਰਾਨ ਪਸ਼ੂਆਂ ਨੂੰ ਤਾਕਤ ਲਈ ਆਮ ਨਾਲੋਂ ਵਧੇਰੇ ਚਾਰੇ ਦੀ ਜਰੂਰਤ ਹੁੰਦੀ ਹੈ।ਪਸ਼ੂਆਂ ਦੇ ਠਹਿਰਨ ਵਾਲੀ ਥਾਂ ਚਾਰੋਂ ਪਾਸ ਕਵਰ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਪਾਸੋਂ ਵੀ ਹਵਾ ਦਾਖਲ ਨਾ ਹੋ ਸਕੇ। ਪੂਰੀ ਖੁਰਾਕ ਦੇ ਕੇ, ਉਚੀ ਕੁਆਲਿਟੀ ਦੇ ਚਾਰੇ ਦੀ ਵਰਤੋਂ, ਪਸ਼ੂਆਂ ਦੇ ਸ਼ੈੱਡਾਂ 'ਚ ਸੂਰਜ ਦੀ ਰੋਸ਼ਨੀ ਦੀ ਆਮਦ ਨਾਲ ਅਤੇ ਪਸ਼ੂਆਂ ਦੇ ਹੇਠਾਂ ਪਰਾਲੀ ਵਿਛਾ ਕੇ ਅਤੇ ਹੋਰ ਲੋੜੀਂਦੇ ਸਾਧਨਾਂ ਦੀ ਵਰਤੋਂ ਕਰਕੇ ਪਸ਼ੂਆਂ ਨੂੰ ਠੰਡ ਤੋਂ ਬਚਾਇਆ ਜਾ ਸਕਦਾ ਹੈ।

# ਟਰਾਲੇ ਦੀ ਲਪੇਟ 'ਚ ਆਉਣ ਨਾਲ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ਼ਹਿਰ ਧਾਰੀਵਾਲ ਦੇ ਬਾਹਰਵਾਰ ਬਾਈਪਾਸ ਨੈਸ਼ਨਲ ਹਾਈਵੇ ਉਪਰ ਇਕ ਟਰਾਲੇ ਦੀ ਲਪੇਟ ਵਿੱਚ ਆਉਣ ਨਾਲ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ। ਟਰਾਲੇ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕਾਂ ਦੀ ਪਛਾਣ ਹਰਜੀਤ ਸਿੰਘ (39) ਪੁੱਤਰ ਬਲਬੀਰ ਸਿੰਘ ਉਰਫ ਬੀਰ ਸਿੰਘ ਵਾਸੀ ਪਿੰਡ ਬਾਸਰਕੇ ਭੈਣੀ ਥਾਣਾ ਘਰਿੰਡਾ ਜ਼ਿਲ੍ਹਾ ਅੰਮ੍ਰਿਤਸਰ ਅਤੇ ਸਾਜਨ (26) ਪੁੱਤਰ ਜੀਤਾ ਵਾਸੀ ਪਿੰਡ ਫਤਿਆਬਾਦ ਥਾਣਾ ਗੋਇੰਦਵਾਲ ਸਾਹਿਬ ਵਜੋਂ ਹੋਈ। ਜਾਣਕਾਰੀ ਅਨੁਸਾਰ ਦੋਵੇਂ ਜਣੇ ਹਿਮਾਚਲ ਪ੍ਰਦੇਸ ਧਰਮਸ਼ਾਲਾ ਵਿਖੇ ਕੰਮ ਕਰਦੇ ਸਨ, ਮ੍ਰਿਤਕ ਹਰਜੀਤ ਸਿੰਘ ਪਾਇਵੇਟ ਡਰਾਇਵਰੀ ਕਰਦਾ ਸੀ ਅਤੇ ਸਾਜਨ ਮਿਹਨਤ ਮਜ਼ਦੂਰੀ ਕਰਦਾ ਸੀ। ਮ੍ਰਿਤਕ ਹਰਜੀਤ ਸਿੰਘ ਦੇ ਪਿਤਾ ਬਲਬੀਰ ਸਿੰਘ ਉਰਫ ਬੀਰ ਸਿੰਘ ਨੇ ਥਾਣਾ ਧਾਰੀਵਾਲ ਦੀ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਉਸਦਾ ਪੁੱਤਰ ਹਰਜੀਤ ਸਿੰਘ ਹਿਮਾਚਲ ਪ੍ਰਦੇਸ ਧਰਮਸ਼ਾਲਾ ਵਿਖੇ ਪ੍ਰਾਈਵੇਟ ਡਰਾਇਵਰੀ ਕਰਦਾ ਹੈ। ਉਸਨੇ 27 ਦਸੰਬਰ ਨੂੰ ਫੋਨ ਕਰਕੇ ਦੱਸਿਆ ਕਿ ਮੈਂ ਘਰ ਆ ਰਿਹਾ ਹਾਂ, ਉਹ ਆਪਣੇ ਦੋਸਤ ਸਾਜਨ ਪੁੱਤਰ ਜੀਤਾ ਵਾਸੀ ਪਿੰਡ ਫਤਿਆਬਾਦ ਥਾਣਾ ਗੋਇੰਦਵਾਲ ਸਾਹਿਬ ਨਾਲ ਆਪਣੇ ਮੋਟਰ ਸਾਈਕਲ ਪੀਬੀ 14 ਸੀ 5906 'ਤੇ ਸਵਾਰ ਹੋ ਕੇ ਦੋਵੇਂ ਜਣੇ ਹਿਮਾਚਲ ਤੋਂ ਆਉਂਦੇ ਸਮੇਂ 28 ਦਸੰਬਰ ਨੂੰ ਸਵੇਰੇ ਜਦੋਂ ਧਾਰੀਵਾਲ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇਅ ਬਾਈਪਾਸ ਨਹਿਰ ਵਾਲੇ ਪੁਲ ਪੁੱਜੇ ਤਾਂ ਇਕ 18 ਟਾਈਰੀ ਟਰਾਲਾ ਨੰਬਰ ਆਰ ਜੇ 13 ਜੀ ਸੀ 0052 ਦੇ ਡਰਾਈਵਰ ਨੇ ਲਾਪਰਵਾਹੀ ਬਿਨਾਂ ਹਾਰਨ ਦਿੱਤੇ ਸਾਈਡ ਤੋਂ ਟੱਕਰ ਮਾਰ ਦੇਣ ਕਾਰਨ ਦੋਵੇਂ ਜਣੇ ਹੇਠਾਂ ਡਿੱਗਣ ਨਾਲ ਟਰਾਲੇ ਦੀ ਲਪੇਟ ਵਿੱਚ ਆ ਕੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਅਤੇ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਸਾਜਨ ਦੇ ਭਰਾ ਵਿਜੇ ਨੇ ਦੱਸਿਆ ਉਸਦਾ ਛੋਟਾ ਭਰਾ ਸਾਜਨ ਹਿਮਾਚਲ ਧਰਮਸ਼ਾਲਾ ਵਿਖੇ ਮਿਹਨਤ ਮਜ਼ਦੂਰੀ ਕਰਦਾ ਸੀ। ਥਾਣਾ ਧਾਰੀਵਾਲ ਮੁਖੀ ਮਹਿਲਾ ਸਬ ਇੰਸਪੈਕਟਰ ਦੀਪਿਕਾ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਅਧਿਕਾਰੀ ਏਐੱਸਆਈ ਸੁਖਦੇਵ ਸਿੰਘ ਨੇ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਮ੍ਰਿਤਕ ਦੇ ਪਿਤਾ ਬਲਬੀਰ ਸਿੰਘ ਸਿੰਘ ਦੇ ਬਿਆਨਾਂ ਅਨੁਸਾਰ ਟਰਾਲੇ ਦੇ ਡਰਾਈਵਰ ਵਿਰੁੱਧ ਮੁਕੱਦਮਾ ਦਰਜ ਕਰਕੇ ਉਸਦੀ ਭਾਲ ਕਰਕੇ ਕਾਬੂ ਕਰ ਲਿਆ ਹੈ ਅਤੇ ਲਾਸ਼ਾਂ ਦਾ ਸਿਵਲ ਹਸਪਤਾਲ ਗੁਰਦਾਸਪੁਰ ਤੋਂ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀਆਂ ਹਨ।

# ਟੈਕਸਟਾਇਲ ਮੈਨੂਫੈਕਚਰਰਜ਼ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਬੈਠਕ ਸੰਪੰਨ




**ਅੰਮ੍ਰਿਤਸਰ (ਅਰੋੜਾ)**: ਟੈਕਸਟਾਇਲ ਮੈਨੂਫੈਕਚਰਜ਼ ਐਸੋਸੀਏਸ਼ਨ ਦੀ ਜਨਰਲ ਬੈਠਕ ਐਸੋਸੀਏਸ਼ਨ ਦੇ ਪ੍ਰਧਾਨ ਦੀਪਕ ਖੰਨਾ ਦੀ ਪ੍ਰਧਾਨਗੀ ਹੇਠ ਗੁਰੂ ਦੀ ਨਗਰੀ ਅੰਮ੍ਰਿਤਸਰ ਵਿੱਚ ਬੜੇ ਹੀ ਵਿਧੀ ਵਿਧਾਨ ਨਾਲ ਸੰਪਨ ਹੋਈ।ਬੈਠਕ ਵਿੱਚ ਐਸੋਸੀਏਸ਼ਨ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸਰਬਸੰਮਤੀ ਨਾਲ ਸਮਾਜ ਸੇਵਕ ਰੋਟੇਰੀਅਨ ਦੀਪਕ ਖੰਨਾ ਨੂੰ ਦੁਬਾਰਾ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ।ਇਸੇ ਤਰ੍ਹਾਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਜੀਵ ਖੰਨਾ ਨੂੰ ਇੱਕ ਵਾਰ ਫਿਰ ਤੋਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਗਈ।ਬੈਠਕ ਵਿੱਚ ਕਮਲ ਡਾਲਮੀਆ ਹਸਪਤਾਲ ਦੇ ਪ੍ਰਵਕਤਾ ਉਦਯੋਗਪਤੀ ਕਮਲ ਡਾਲਮੀਆ ਨੂੰ ਐਸੋਸੀਏਸ਼ਨ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਤਰ੍ਹਾਂ ਬੜੇ ਹੀ ਸ਼ਲਾਘਾਯੋਗ ਢੰਗ ਨਾਲ ਜ਼ਿੰਮੇਵਾਰੀ ਨਿਭਾ ਰਹੇ ਵਿਨੋਦ ਕੁਮਾਰ ਸੇਠ ਨੂੰ ਖਜ਼ਾਨਚੀ, ਰਾਕੇਸ਼ ਖੰਨਾ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ।ਇਸ ਸੰਬੰਧ ਵਿੱਚ ਟੈਕਸਟਾਇਲ ਮੈਨੂਫੈਕਚਰ ਐਸੋਸੀਏਸ਼ਨ ਦੇ ਵੱਲੋਂ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਚੀਫ਼ ਇੰਜੀਨੀਅਰ ਰਾਜੀਵ ਪਰਾਸ਼ਰ ਖਾਸ ਤੌਰ 'ਤੇ ਸ਼ਾਮਿਲ ਹੋਏ।ਰਾਜੀਵ ਪਰਾਸ਼ਰ ਨੇ ਵਪਾਰੀਆਂ ਦੀ ਸਭ ਤੋਂ ਲੰਬੀ ਪਈ ਮੰਗ ਉਦਯੋਗ ਨੂੰ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਦੇ ਲਈ ਕੀਤੇ ਜਾ ਰਹੇ ਪ੍ਰਾਜੈਕਟ ਦੇ ਬਾਰੇ ਜਾਣਕਾਰੀ ਦਿੱਤੀ।ਚੀਫ਼ ਇੰਜੀਨੀਅਰ ਨੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਦੱਸਿਆ ਕਿ ਬਿਜਲੀ ਵਿਭਾਗ ਵਿੱਚ ਇਸ ਸਮੱਸਿਆ ਦੇ ਸਮਾਧਾਨ ਲਈ ਖਾਸ ਤੌਰ ਤੇ ਨਵੇਂ ਜੂਨੀਅਰ ਇੰਜੀਨੀਅਰ ਦੀ ਭਰਤੀ ਕੀਤੀ ਹੈ।ਇਸ ਸਮੱਸਿਆ ਦਾ ਸਮਾਧਾਨ ਬਹੁਤ ਜਲਦੀ ਕੱਢਿਆ ਜਾਵੇਗਾ ਕਿਉਂਕਿ ਜਿਸ ਤਰ੍ਹਾਂ ਛੇਹਰਟਾ ਦੇ ਨਰਾਇਣਗੜ੍ਹ ਖੇਤਰ ਸਥਾਪਿਤ ਹਨ, ਵਿੱਚ ਕੋਈ ਵੀ ਫਾਲਟ ਪੈਣ ਨਾਲ ਅੱਧੇ ਅੰਮ੍ਰਿਤਸਰ ਦੀ ਬਿਜਲੀ ਦੀ ਸਪਲਾਈ ਬੰਦ ਹੋ ਜਾਂਦੀ ਸੀ।ਇਸ ਸਮੱਸਿਆ ਦੇ ਹੱਲ ਲਈ ਫੋਕਲ ਪੁਆਇੰਟ ਨਿਊ ਅੰਮ੍ਰਿਤਸਰ ਖੇਤਰ ਵਿੱਚ ਨਵਾਂ ਬਿਜਲੀ ਘਰ ਸਥਾਪਿਤ ਕੀਤਾ ਜਾਵੇਗਾ।ਮਹਾ ਸਕੱਤਰ ਰਾਜੀਵ ਖੰਨਾ ਨੇ ਸਾਲ 2024-25 ਵਿੱਚ ਕੀਤੇ ਗਏ ਐਸੋਸੀਏਸ਼ਨ ਦੇ ਕੰਮਾਂ ਦੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ।ਉਨ੍ਹਾਂ ਨੇ ਦੱਸਿਆ ਕਿ ਉਦਯੋਗ ਪਤੀਆਂ ਦੀਆਂ ਸਮੱਸਿਆਵਾਂ ਦੇ ਬਾਰੇ ਉਦਯੋਗ ਮੰਤਰੀ ਸੰਜੀਵ ਅਰੋੜਾ ਨਾਲ ਬੈਠਕ ਕੀਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਨੇ ਹਰ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ ਹੈ।ਬੈਠਕ ਵਿੱਚ ਪਿਆਰਾ ਲਾਲ ਸੇਠ, ਰਾਜੀਵ ਪਰਾਸ਼ਰ, ਰਜਤ ਜੋਸ਼ੀ, ਅਰੁਣ ਖੰਨਾ, ਅਰਵਿੰਦ ਕੁਮਾਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਐਸੋਸੀਏਸ਼ਨ ਵੱਲੋਂ ਸਾਰੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ ।ਇਸ ਮੌਕੇ ਟੈਕਸਟਾਇਲ ਮੈਨੂਫੈਕਚਰਜ਼ ਐਸੋਸੀਏਸ਼ਨ ਦੇ ਸਮੂਹ ਮੈਂਬਰ ਮੌਜੂਦ ਸਨ।

# ਠੰਡ ਦੇ ਮੱਦੇਨਜ਼ਰ ਸਰਕਾਰੀ/ਗੈਰ-ਸਰਕਾਰੀ ਸਕੂਲਾਂ 'ਚ ਛੁੱਟੀਆਂ ਵਧਾਉਣ ਦੀ ਮੰਗ

**ਵੇਰਕਾ (ਰਾਣਾ)**- ਲੋਹੜੇ ਦੀ ਪੈ ਰਹੀ ਠੰਡ ਨੂੰ ਮੱਦੇਨਜ਼ਰ ਰੱਖਦੇ ਹੋਏ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਜਥੇਬੰਦਕ ਅਹੁਦੇਦਾਰਾਂ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਅਤੇ ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਪਾਸੋਂ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਛੁੱਟੀਆਂ ਵਧਾਉਣ ਦੀ ਮੰਗ ਕੀਤੀ ਹੈ। ਇਸ ਬਾਬਤ ਉਕਤ ਜਥੇਬੰਦਕ ਅਗੂਆਂ ਨੇ ਦੱਸਿਆ ਹੈ ਕਿ ਅੱਜਕਲ੍ਹ ਕੜਾਕੇ ਦੀ ਪੈ ਰਹੀ ਠੰਡ ਅਤੇ ਸੰਘਣੀ ਪੈਂਦੀ ਧੁੰਦ ਦੇ ਕਾਰਨ ਛੋਟੇ ਬੱਚੇ ਪਹਿਲਾਂ ਹੀ ਲਗਭਗ ਬਿਮਾਰ ਹਨ ਕਿਉਂਕਿ ਐਤਕੀਂ ਸੁੱਕੀ ਪੈ ਰਹੀ ਠੰਡ ਦੇ ਕਾਰਨ ਜ਼ਿਆਦਾਤਰ ਬੱਚਿਆਂ ਨੂੰ ਖਾਂਸੀ, ਜ਼ੁਕਾਮ, ਗਲਾ ਖਰਾਬ ਹੋਣ ਅਤੇ ਬੁਖਾਰ ਤੱਕ ਚੜ੍ਹਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਦੇ ਹੋਰ ਬਿਮਾਰ ਹੋਣ ਦਾ ਵੀ ਖਦਸ਼ਾ ਬਣਿਆ ਹੋਇਆ ਹੈ।ਬੱਚਿਆਂ ਦੀ ਤੰਦਰੁਸਤੀ ਅਤੇ ਸਿਹਤ ਸੰਭਾਲ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੇ ਸਕੂਲਾਂ ਦੀਆਂ ਛੁੱਟੀਆਂ ਵਧਾਏ ਜਾਣ ਦੀ ਗੁਹਾਰ ਲਗਾਈ ਹੈ।ਉਪਰੋਕਤ ਬਾਬਤ ਛੁੱਟੀਆਂ ਵਧਾਉਣ ਦੀ ਮੰਗ ਕਰਨ ਵਾਲਿਆਂ 'ਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਸਰਪ੍ਰਸਤ ਮਲਾਗਰ ਸਿੰਘ ਪਟਿਆਲਾ, ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾਈ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਸੂਬਾਈ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਸੀਨੀ: ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ ਆਦਿ ਸ਼ਾਮਿਲ ਹਨ।

# ਨਕਲੀ ਆਰ. ਸੀ. ਮਾਮਲੇ ਦੀ ਜਾਂਚ ਕਰਵਾਈ ਜਾਵੇ : ਅਨੁਜ ਖੇਮਕਾ

**ਛੇਹਰਟਾ, (ਮਨੋਜ ਕੁਮਾਰ)**- ਸਮਾਜ ਸੇਵਕ ਅਨੁਜ ਖੇਮਕਾ ਨੇ ਕਿਹਾ ਕਿ ਆਰ. ਟੀ. ਏ. ਦਫ਼ਤਰ ਜੋ ਆਪਣੇ ਕਾਰਨਾਮਿਆਂ ਕਰਕੇ ਸਦਾ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਰਹਿੰਦਾ ਹੈ, ਵਿਚ ਹੇਰਾਫੇਰੀ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ।



ਉਨ੍ਹਾਂ ਜਾਰੀ ਬਿਆਨ ਵਿਚ ਦੱਸਿਆ ਕਿ ਆਰਟੀਏ ਦਫ਼ਤਰ ਵਿਚ ਚਲਾਨ ਘੱਪਲੇ ਦੀ ਜਾਂਚ ਚੱਲ ਰਹੀ ਸੀ। ਇਸ ਮਾਮਲੇ ਵਿਚ ਅਧਿਕਾਰੀਆਂ ਨੇ ਚਲਾਨ ਦੇ ਪੈਸੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਕਰਵਾਏ ਬਿਨਾਂ ਆਰ. ਸੀ. ਜਾਰੀ ਕਰ ਦਿੱਤੀ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਹੁਣ ਕਾਰਵਾਈ ਤੋਂ ਬਚਣ ਲਈ ਅਧਿਕਾਰੀ ਨੇ ਉਸੇ ਨੰਬਰ ਦੀ ਨਕਲੀ ਆਰ. ਸੀ. ਬਣਵਾ ਕੇ ਆਪਣੇ ਆਰ. ਟੀ. ਏ. ਅਧਿਕਾਰੀ ਨੂੰ ਚਲਾਨ ਕੱਟਣ ਦੌਰਾਨ ਚਲਾਕੀ ਨਾਲ ਜਮ੍ਹਾ ਕਰਵਾ ਦਿੱਤੀ। ਉਨ੍ਹਾਂ ਕਿਹਾ ਕਿ ਉਕਤ ਅਧਿਕਾਰੀ ਵੱਲੋਂ ਨਕਲੀ ਦਸਤਾਵੇਜ਼ਾਂ ਜ਼ਰੀਏ ਜਾਂਚ ਨੂੰ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਨੁਜ ਖੇਮਕਾ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ 69110 ਮਹਿਲਾਵਾਂ ਨੂੰ 26.06 ਕਰੋੜ ਦੀ ਵਿੱਤੀ ਸਹਾਇਤਾ ਪ੍ਰਦਾਨ : ਬਹਿੜਵਾਲ



**ਤਰਨ ਤਾਰਨ, (ਪ੍ਰਿਤਪਾਲ ਸਿੰਘ)**- ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਔਰਤਾਂ ਦੀ ਭਲਾਈ ਅਤੇ ਮਾਤਾ-ਬੱਚਾ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਲੋਕ-ਹਿਤੈਸ਼ੀ ਕਦਮ ਚੁੱਕੇ ਜਾ ਰਹੇ ਹਨ।ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਚਾਲੂ ਵਿੱਤੀ ਸਾਲ ਦੌਰਾਨ 26.06 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਤਰਨ ਤਾਰਨ ਦੇ ਚੇਅਰਮੈਨ ਸ. ਗੁਰਵਿੰਦਰ ਸਿੰਘ ਬਹਿੜਵਾਲ ਨੇ ਦੱਸਿਆ ਕਿ ਸਰਕਾਰ ਵੱਲੋਂ ਪਹਿਲੇ ਬੱਚੇ ਦੇ ਜਨਮ 'ਤੇ ਲਾਭਪਾਤਰੀ ਔਰਤਾਂ ਨੂੰ 5000 ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਹ ਰਕਮ ਦੋ ਕਿਸ਼ਤਾਂ ਵਿੱਚ ਅਦਾ ਕੀਤੀ ਜਾਂਦੀ ਹੈ, ਜਿਸ ਵਿੱਚ ਪਹਿਲੀ ਕਿਸ਼ਤ 3000 ਰੁਪਏ ਅਤੇ ਦੂਜੀ ਕਿਸ਼ਤ 2000 ਰੁਪਏ ਦੀ ਹੁੰਦੀ ਹੈ।ਚੇਅਰਮੈਨ ਸ. ਬਹਿੜਵਾਲ ਨੇ ਦੱਸਿਆ ਕਿ ਦੂਜੇ ਬੱਚੇ ਦੇ ਜਨਮ 'ਤੇ, ਜੇਕਰ ਦੂਜਾ ਬੱਚਾ ਲੜਕੀ ਹੋਵੇ, ਤਾਂ ਸਰਕਾਰ ਵੱਲੋਂ 6000 ਰੁਪਏ ਦੀ ਮਾਲੀ ਸਹਾਇਤਾ ਇੱਕ ਹੀ ਕਿਸ਼ਤ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਹ ਸਾਰੀ ਰਕਮ ਲਾਭਪਾਤਰੀ ਔਰਤਾਂ ਦੇ ਖਾਤਿਆਂ ਵਿੱਚ ਡਾਇਰੈਕਟ ਬੈਨੀਫਿਟ ਟ੍ਰਾਂਸਫਰ (ਡੀ.ਬੀ.ਟੀ.) ਰਾਹੀਂ ਭੇਜੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਸਮੇਂ-ਸਿਰ ਮਦਦ ਯਕੀਨੀ ਬਣਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮੌਜੂਦਾ ਵਿੱਤੀ ਸਾਲ ਦੌਰਾਨ ਹੁਣ ਤੱਕ 69,110 ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2025-26 ਦੌਰਾਨ 1.14 ਲੱਖ ਲਾਭਪਾਤਰੀ ਔਰਤਾਂ ਨੂੰ ਇਸ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਯੋਜਨਾ ਸਿਰਫ਼ ਵਿੱਤੀ ਸਹਾਇਤਾ ਤੱਕ ਸੀਮਿਤ ਨਹੀਂ, ਸਗੋਂ ਮਾਵਾਂ ਦੀ ਸਿਹਤ, ਪੋਸ਼ਣ ਅਤੇ ਨਵ-ਜੰਮੇ ਬੱਚਿਆਂ ਦੀ ਸੰਭਾਲ ਨੂੰ ਮਜ਼ਬੂਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਕੋਈ ਵੀ ਮਾਂ ਆਰਥਿਕ ਤੰਗੀ ਕਾਰਨ ਜ਼ਰੂਰੀ ਸਿਹਤ ਸੇਵਾਵਾਂ ਤੋਂ ਵੰਚਿਤ ਨਾ ਰਹੇ ਅਤੇ ਹਰ ਬੱਚੇ ਨੂੰ ਜਨਮ ਤੋਂ ਹੀ ਸੁਰੱਖਿਅਤ ਅਤੇ ਸਿਹਤਮੰਦ ਸ਼ੁਰੂਆਤ ਮਿਲੇ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਹਰ ਹੱਕਦਾਰ ਤੱਕ ਪਹੁੰਚਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ।

# ਪ੍ਰਿੰ. ਡਾ. ਅਸ਼ਵਨੀ ਭੱਲਾ ਨੂੰ ਦੋ ਅਕਾਦਮਿਕ ਸੈਸ਼ਨਾਂ ਲਈ ਸੱਦਾ ਮਿਲਣਾ ਸਰਕਾਰੀ ਕਾਲਜ ਗੁਰਦਾਸਪੁਰ ਲਈ ਮਾਣ ਵਾਲੀ ਗੱਲ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸਰਕਾਰੀ ਕਾਲਜ ਗੁਰਦਾਸਪੁਰ ਲਈ ਮਾਣ ਅਤੇ ਵਿਸ਼ੇਸ਼ ਸਨਮਾਨ ਦਾ ਪਲ ਉਸ ਵੇਲੇ ਦਰਜ ਹੋਇਆ, ਜਦੋਂ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ ਨੂੰ ਮਾਣਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਰਾਜ ਭਵਨ, ਚੰਡੀਗੜ੍ਹ ਵਿਖੇ ਕਰਵਾਈ ਉਚ-ਪੱਧਰੀ ਸਿੱਖਿਆ ਕਾਨਫਰੰਸ ਵਿੱਚ ਆਧਿਕਾਰਕ ਸੱਦੇ ਨਾਲ ਦੋ ਅਕਾਦਮਿਕ ਸੈਸ਼ਨ ਲੈਣ ਲਈ ਬੁਲਾਇਆ ਗਿਆ।ਇਹ ਕਾਨਫਰੰਸ ਸੂਬੇ ਦੇ ਵਾਈਸ ਚਾਂਸਲਰਾਂ, ਕਾਲਜ ਪ੍ਰਿੰਸੀਪਲਾਂ ਅਤੇ ਉਚ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਹੋਈ, ਜਿਸ ਨਾਲ ਇਹ ਸਮਾਗਮ ਰਾਜ ਪੱਧਰੀ ਅਹਿਮੀਅਤ ਵਾਲਾ ਬਣਿਆ। ਡਾ. ਭੱਲਾ ਵਲੋਂ ਹਰੇਕ 45 ਮਿੰਟ ਦੇ ਦੋ ਵਿਸ਼ੇਸ਼ ਅਕਾਦਮਿਕ ਸੈਸ਼ਨ ਪੇਸ਼ ਕੀਤੇ ਗਏ, ਜਿਨ੍ਹਾਂ ਦੇ ਵਿਸ਼ੇ ਸਨ: ਪੰਜਾਬ ਦੇ ਬਾਰਡਰ ਜ਼ਿਲ੍ਹਿਆਂ ਵਿੱਚ ਉੱਚ ਸਿੱਖਿਆ ਦੀਆਂ ਚੁਣੌਤੀਆਂ ਅਤੇ ਹੱਲ ਅਤੇ ਗੁਣਵੱਤਾ, ਐਕਰੈਡੀਟੇਸ਼ਨ ਅਤੇ ਰਾਜ ਪੱਧਰੀ ਉੱਚ ਸਿੱਖਿਆ ਸੰਸਥਾਵਾਂ ਦਾ ਭਵਿੱਖੀ ਰੋਡਮੈਪ ਇਹ ਦੋਵੇਂ ਪੇਸ਼ਕਾਰੀਆਂ ਗੰਭੀਰ ਅਕਾਦਮਿਕ ਧਿਆਨ ਅਤੇ ਨੀਤੀ-ਪੱਧਰੀ ਰੁਚੀ ਨਾਲ ਸੁਣੀਆਂ ਗਈਆਂ।ਕਈ ਵਾਈਸ ਚਾਂਸਲਰਾਂ ਅਤੇ ਅਧਿਕਾਰੀਆਂ ਨੇ ਸਲਾਈਡਾਂ ਦੇ ਫੋਟੋ ਲਏ, ਨੋਟਸ ਬਣਾਏ ਅਤੇ ਸਿੱਧੇ ਪ੍ਰਸ਼ਨ ਕਰਕੇ ਗੱਲਬਾਤ ਵਿੱਚ ਹਿੱਸਾ ਲਿਆ। ਮਾਣਯੋਗ ਰਾਜਪਾਲ ਨੇ ਦੋਵੇਂ ਸੈਸ਼ਨ ਖੁਦ ਹਾਜ਼ਰ ਰਹਿ ਕੇ ਪੂਰੀ ਤਰ੍ਹਾਂ ਅਟੈਂਡ ਕੀਤੇ ਅਤੇ ਡਾ. ਭੱਲਾ ਦੇ ਸੁਝਾਵਾਂ ਨੂੰ ਆਪਣੇ ਭਾਸ਼ਣ ਵਿੱਚ ਕਈ ਵਾਰ ਸਾਕਾਰਾਤਮਕ ਟਿੱਪਣੀਆਂ ਨਾਲ ਉਜਾਗਰ ਕੀਤਾ। ਉਨ੍ਹਾਂ ਨੇ ਡਾ. ਭੱਲਾ ਨੂੰ ਖਾਸ ਤੌਰ 'ਤੇ ਕੰਨਿਆ ਉੱਚ ਸਿੱਖਿਆ ਨੂੰ ਮਜ਼ਬੂਤ ਬਣਾਉਣ ਲਈ ਵਧੇਰੇ ਯਤਨ ਕਰਨ ਦੇ ਨਿਰਦੇਸ਼ ਦਿੱਤੇ ਅਤੇ ਰਾਜ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਇਹ ਮੌਕਾ ਨਾ ਸਿਰਫ਼ ਇੱਕ ਵਿਆਕਤੀਗਤ ਪ੍ਰਾਪਤੀ ਹੈ ਸਗੋਂ ਸਰਕਾਰੀ ਕਾਲਜ ਗੁਰਦਾਸਪੁਰ ਦੀ ਅਕਾਦਮਿਕ ਸਾਖ, ਪੇਸ਼ੇਵਰ ਭਰੋਸੇ ਅਤੇ ਸੰਸਥਾਗਤ ਮਜ਼ਬੂਤੀ ਦੀ ਪ੍ਰਮਾਣਿਕ ਸਵੀਕਾਰਤਾ ਹੈ।ਡਾ. ਅਸ਼ਵਨੀ ਭੱਲਾ ਨੇ ਮਾਣਯੋਗ ਰਾਜਪਾਲ ਵੱਲੋਂ ਦਿੱਤੇ ਸਨਮਾਨ, ਭਰੋਸੇ ਅਤੇ ਹੋਸਪਿਟੈਲਟੀ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸੱਦਾ ਅਤੇ ਪ੍ਰਸ਼ੰਸਾ ਕਾਲਜ ਲਈ ਇੱਕ ਭਵਿੱਖ-ਨਿਰਮਾਤਾ ਅਧਿਆਇ ਦੀ ਸ਼ੁਰੂਆਤ ਹੈ।ਉਨ੍ਹਾਂ ਨੇ ਖਾਸ ਧੰਨਵਾਦ ਵਿਵੇਕ ਪ੍ਰਤਾਪ ਸਿੰਘ, ਪ੍ਰਮੁੱਖ ਸਕੱਤਰ ਮਾਨਯੋਗ ਰਾਜਪਾਲ, ਲਲਿਤ ਜੈਨ ਆਈਏਐੱਸ ਅਤੇ ਡਾ. ਜਸਪਾਲ ਸਿੰਘ ਸੰਧੂ ਸਲਾਹਕਾਰ ਮਾਨਯੋਗ ਰਾਜਪਾਲ ਦਾ ਕੀਤਾ, ਜਿਨ੍ਹਾਂ ਨੇ ਸਮਾਗਮ ਨੂੰ ਉਚ ਦਰਜੇ ਦੀ ਪ੍ਰਬੰਧਕੀ ਅਤੇ ਅਕਾਦਮਿਕ ਗੰਭੀਰਤਾ ਨਾਲ ਅੱਗੇ ਵਧਾਇਆ।

# 59 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਤੋਂ ਇਲਾਵਾ ਨਿੱਜੀ ਖੇਤਰ 'ਚ ਵੀ ਹੁਨਰਮੰਦ ਨੌਜਵਾਨਾਂ ਨੂੰ ਮਿਲੀਆਂ ਹਜ਼ਾਰਾਂ ਨੌਕਰੀਆਂ : ਧੁੰਨ



**ਭਿੱਖੀਵਿੰਡ, ਖਾਲੜਾ, ਤਰਨ ਤਾਰਨ, (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ, ਪ੍ਰਿਤਪਾਲ ਸਿੰਘ)**- ਸੂਬੇ ਦੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰੋਜ਼ਗਾਰ ਸਿਰਜਣ ਦੇ ਖੇਤਰ ਵਿੱਚ ਸਾਲ 2025 ਦੌਰਾਨ ਅਹਿਮ ਪ੍ਰਾਪਤੀਆਂ ਕੀਤੀਆਂ ਹਨ।ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਦੇ ਸੁਪਨਿਆਂ ਨੂੰ ਨਵੀਂ ਉਡਾਨ ਦਿੰਦਿਆਂ ਬਹੁ-ਪੱਖੀ ਰਣਨੀਤੀ ਤਹਿਤ ਰੋਜ਼ਗਾਰ ਦੇ ਹਜ਼ਾਰਾਂ ਨਵੇਂ ਮੌਕੇ ਸਿਰਜੇ ਗਏ ਹਨ, ਜਿਸ ਵਿੱਚ ਅਪ੍ਰੈਲ 2022 ਤੋਂ ਹੁਣ ਤੱਕ 59,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ, ਤਾਂ ਜੋ ਹੁਨਰਮੰਦ ਨੌਜਵਾਨਾਂ ਦੀ ਹਿਜਰਤ ਨੂੰ ਰੋਕਣ ਲਈ ਹੁਨਰ ਵਿਕਾਸ ਪਹਿਲਕਦਮੀਆਂ ਸ਼ਾਮਲ ਹਨ।ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਠੋਸ ਯਤਨਾਂ ਨੂੰ ਉਜਾਗਰ ਕਰਦਿਆਂ ਵਿਧਾਨ ਸਭਾ ਹਲਕਾ ਖੇਮਕਰਨ ਦੇ ਵਿਧਾਇਕ ਸ. ਸਰਵਨ ਸਿੰਘ ਧੁੰਨ ਨੇ ਦੱਸਿਆ ਕਿ ਅਪ੍ਰੈਲ 2022 ਤੋਂ ਹੁਣ ਤੱਕ 59,702 ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਸਾਲ 2025 ਦੌਰਾਨ ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪਤੀ ਵਿਭਾਗ ਨੇ 959 ਪਲੇਸਮੈਂਟ ਕੈਂਪਾਂ ਰਾਹੀਂ 48,912 ਉਮੀਦਵਾਰਾਂ ਨੂੰ ਨੌਕਰੀਆਂ ਹਾਸਲ ਕਰਨ ਵਿੱਚ ਮਦਦ ਕੀਤੀ ਹੈ। ਇਸ ਤੋਂ ਇਲਾਵਾ ਲੋਨ ਕੈਂਪਾਂ ਰਾਹੀਂ 10,064 ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸ਼ੁਰੂ ਕਰਨ ਦੇ ਮੌਕੇ ਮੁਹੱਈਆ ਕਰਵਾਏ ਗਏ ਹਨ।ਵਿਧਾਇਕ ਸ. ਸਰਵਨ ਸਿੰਘ ਧੁੰਨ ਨੇ ਅੱਗੇ ਦੱਸਿਆ ਕਿ ਪੰਜਾਬ ਹੁਨਰ ਵਿਕਾਸ ਮਿਸ਼ਨ (ਪੀ.ਐਸ.ਡੀ.ਐਮ) ਨੇ 19,619 ਉਮੀਦਵਾਰਾਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਦੀ ਪਲੇਸਮੈਂਟ ਪ੍ਰਕਿਰਿਆ ਪ੍ਰਗਤੀ ਅਧੀਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਆਪਣੀ ਪੰਜਾਬ ਹੁਨਰ ਵਿਕਾਸ ਯੋਜਨਾ ਤਿਆਰ ਕੀਤੀ ਹੈ ਅਤੇ ਤਕਨੀਕੀ ਦਿੱਗਜਾਂ ਮਾਈਕ੍ਰੋਸਾਫਟ, ਆਈਬੀਐੱਮ. ਅਤੇ ਨੈਸਕਾਮ ਦੇ ਸਹਿਯੋਗ ਨਾਲ ਨੌਜਵਾਨਾਂ ਨੂੰ ਆਲਮੀ ਅਤੇ ਕਾਰਪੋਰੇਟ ਖੇਤਰ ਵਿੱਚ ਵੱਡੀ ਭੂਮਿਕਾ ਲਈ ਤਿਆਰ ਕੀਤਾ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਸੂਬੇ ਦਾ ਅਧਿਕਾਰਤ ਪੋਰਟਲ ਪੀਜੀਆਰਕੇਐੱਮ ਨੌਕਰੀ ਬਾਜ਼ਾਰ ਵਿੱਚ ਇੱਕ ਬਦਲਾਅ ਵਜੋਂ ਉਭਰਿਆ ਹੈ, ਜਿਸ ਉਤੇ 22,41,165 ਤੋਂ ਵੱਧ ਨੌਕਰੀਆਂ ਲੱਭਣ ਵਾਲਿਆਂ ਅਤੇ 20,669 ਨੌਕਰੀ ਪ੍ਰਦਾਨ ਕਰਨ ਵਾਲਿਆਂ ਨੂੰ ਰਜਿਸਟਰ ਕੀਤਾ ਗਿਆ ਹੈ।ਇਸ ਪਲੇਟਫਾਰਮ ਨੇ 1316 ਰੋਜ਼ਗਾਰ ਮੇਲੇ ਕਰਵਾਏ ਗਏ, ਰੋਜ਼ਗਾਰ ਦੇ ਨਵੇਂ ਮੌਕਿਆਂ ਤੱਕ ਪਹੁੰਚ ਨੂੰ ਸੰਭਵ ਬਣਾਇਆ ਅਤੇ ਹੁਨਰ ਤੇ ਨੌਕਰੀਆਂ ਦਰਮਿਆਨ ਪਾੜੇ ਨੂੰ ਪੂਰਿਆ।ਵਿਧਾਇਕ ਧੁੰਨ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਵਿੱਚ ਲੜਕੀਆਂ ਲਈ ਸੂਬੇ ਵੱਲੋਂ ਚਲਾਇਆ ਜਾ ਰਿਹਾ ਦੇਸ਼ ਦਾ ਪਹਿਲਾ ਐੱਨ.ਡੀ.ਏ. ਪ੍ਰੈਪਰੇਟਰੀ ਵਿੰਗ ਸ਼ੁਰੂ ਕੀਤਾ ਹੈ, ਜਿਸ ਵਿੱਚ 40 ਲੜਕੀਆਂ ਨੂੰ ਕਮਿਸ਼ਨਡ ਅਫ਼ਸਰ ਬਣਨ ਲਈ ਸਿਖਲਾਈ ਦਿੱਤੀ ਗਈ।ਉਨ੍ਹਾਂ ਅੱਗੇ ਦੱਸਿਆ ਕਿ ਵੱਖ-ਵੱਖ ਸਿਖਲਾਈ ਅਕਾਦਮੀਆਂ ਵਿੱਚ ਸ਼ਾਮਲ ਹੋਣ ਲਈ 10 ਮਹਿਲਾ ਕੈਡੇਟਾਂ ਦੀ ਚੋਣ ਕੀਤੀ ਗਈ ਹੈ ਅਤੇ 7 ਮਹਿਲਾ ਕੈਡੇਟਾਂ ਨੂੰ ਅਫ਼ਸਰ ਵਜੋਂ ਕਮਿਸ਼ਨ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਇਸ ਸਾਲ 74 ਮਹਿਲਾ ਕੈਡੇਟਾਂ ਨੇ ਸੀ.ਡੀ.ਐੱਸ. / ਏ.ਐਫ.ਸੀ.ਏ.ਟੀ./ ਐੱਨ. ਡੀ. ਏ. ਦੀਆਂ ਲਿਖਤੀ ਪ੍ਰੀਖਿਆਵਾਂ ਪਾਸ ਕੀਤੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਸੀ-ਪਾਈਟ ਸੈਂਟਰਾਂ ਨੇ ਹਥਿਆਰਬੰਦ ਅਤੇ ਅਰਧ ਸੈਨਿਕ ਬਲਾਂ ਲਈ 8017 ਨੌਜਵਾਨਾਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਵਿੱਚੋਂ ਮੌਜੂਦਾ ਵਿੱਤੀ ਵਿੱਚ ਸਾਲ 1236 ਉਮੀਦਵਾਰਾਂ ਨੇ ਨੌਕਰੀਆਂ ਹਾਸਲ ਕੀਤੀਆਂ ਹਨ।ਇਹ ਸੈਂਟਰ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਦੇ ਸਮਰੱਥ ਬਣਾਉਂਦੇ ਹਨ।

# 'ਵਿਕਸਤ ਭਾਰਤ ਜੀ ਰਾਮ ਜੀ' ਕਾਨੂੰਨ ਦੇ ਵਿਰੋਧ 'ਚ ਐੱਸ ਡੀ ਐੱਮ ਦਫਤਰ ਅਜਨਾਲਾ ਦਾ ਕੀਤਾ ਘਿਰਾਓ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਕੁੱਲ ਹਿੰਦ ਕਿਸਾਨ ਸਭਾ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਅਤੇ ਮਜ਼ਦੂਰਾਂ ਖਿਲਾਫ ਬਣੇ ਕਾਲੇ ਕਾਨੂੰਨ ਵਿਕਸਤ ਭਾਰਤ ਜੀ ਰਾਮ ਜੀ ਨੂੰ ਖਤਮ ਕਰਨ ਲਈ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਬੱਲ ਦੀ ਅਗਵਾਈ ਵਿੱਚ ਐੱਸਡੀਐੱਮ ਦਫਤਰ ਅਜਨਾਲਾ ਦਾ ਘਿਰਾਓ ਕਰਕੇ ਰੋਸ ਰੈਲੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦਿਆਂ ਜਿਲਾ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਕਿਹਾ ਕਿ ਸਤੰਬਰ 2025 ਪੰਜਾਬ ਵਿਚ ਹੜ੍ਹ ਆਏ ਸਨ ਪਰ ਸੂਬੇ ਵਿਚਲੀ ਪੰਜਾਬ ਸਰਕਾਰ ਨੇ ਹੜ੍ਹ ਪੀੜਤਾਂ ਕੋਈ ਮੁਆਵਜ਼ਾ ਨਹੀਂ ਦਿੱਤਾ ਹੜ੍ਹਾ ਨਾਲ ਗਰੀਬ ਮਜ਼ਦੂਰਾਂ ਦੇ ਘਰ ਨੁਕਸਾਨੇ ਗਏ ਜਿਸ ਕਰਕੇ ਗਰੀਬ ਲੋਕ ਹੱਡ ਚੀਰਵੀਂ ਕੜਾਕੇ ਦੀ ਠੰਡ ਵਿਚ ਬਿਨਾਂ ਛੱਤ ਤੋਂ ਰਾਤਾਂ ਕੱਟਣ ਲਈ ਮਜ਼ਬੂਰ ਹਨ ਸਰਵੇ ਦੇ ਨਾਂ ਤੇ ਗਰੀਬਾਂ ਨਾਲ ਮਜ਼ਾਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗਰੀਬ ਲੋਕ ਪਹਿਲਾਂ ਹੀ ਹੜ੍ਹਾ ਮਾਰ ਨਾਲ ਜੂਝ ਰਹੇ ਹਨ ਉਪਰੋਂ ਕੇਂਦਰ ਦੀ ਮੋਦੀ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਮਿਲਣ ਵਾਲਾ ਰੋਜ਼ਗਾਰ ਵੀ ਖੋਹ ਲਿਆ ਹੈ। ਪਹਿਲਾਂ ਜੇ ਕੋਈ ਪਰਿਵਾਰ ਮਨਰੇਗਾ ਵਿੱਚ ਕੰਮ ਕਰਦਾ ਸੀ ਤਾਂ ਸਰਪੰਚ ਵੱਲੋਂ ਦਿੱਤੀ ਜਾਣ ਵਾਲੀ ਦਿਹਾੜੀ ਵਿੱਚ 90% ਹਿੱਸਾ ਕੇਂਦਰ ਸਰਕਾਰ ਦਾ ਹੁੰਦਾ ਸੀ ਪਰ ਹੁਣ ਦੇਸ਼ ਦੀ ਕੇਂਦਰ ਸਰਕਾਰ ਨੇ ਆਪਣੇ ਵੱਲੋਂ ਪਾਇਆ ਜਾਣ ਵਾਲਾ 90% ਹਿੱਸਾ ਘਟਾ ਕੇ 60% ਕਰ ਦਿੱਤਾ ਹੈ। ਪੰਜਾਬ ਵਰਗਾ ਸਰਹੱਦੀ ਸੂਬਾ ਜੋ ਕਿ ਪਹਿਲਾਂ ਹੀ ਹੜ੍ਹਾਂ ਦੀ ਮਾਰ ਕਰਕੇ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ ਅਤੇ ਕਰਜ਼ੇ ਦੀ ਮਾਰ ਝੱਲ ਰਿਹਾ ਹੈ, 40% ਹਿੱਸਾ ਨਹੀਂ ਪਾ ਸਕਦਾ। ਇਸ ਨਾਲ ਗਰੀਬਾਂ ਦਾ ਰੁਜ਼ਗਾਰ ਬੰਦ ਹੋ ਗਿਆ ਹੈ। ਜਨਰਲ ਸਕੱਤਰ ਸਵਿੰਦਰ ਸਿੰਘ ਮੀਰਾਂਕੋਟ ਨੇ ਕਿਹਾ ਕਿ ਚਾਰ ਕੋਡ ਲੇਬਰ ਵਿਭਾਗ ਵੱਲੋਂ ਬਣਾਏ ਹਨ ਉਹ ਵੀ ਮਜ਼ਦੂਰ ਵਿਰੋਧੀ ਹਨ ਜੋ ਕਿ ਲਾਗੂ ਕਰ ਦਿੱਤੇ ਗਏ ਹਨ, ਇਨ੍ਹਾਂ ਵਿਰੁੱਧ 16 ਜਨਵਰੀ 2026 ਨੂੰ ਡੀ ਸੀ ਦਫਤਰ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ। ਇਸ ਮੌਕੇ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ ਨੇ ਰੈਲੀ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ ਐੱਸਡੀਐੱਮ ਨੇ ਦੱਸਿਆ ਕਿ ਹੜ੍ਹ ਨਾਲ ਨੁਕਸਾਨੇ ਗਏ ਘਰਾਂ ਦਾ ਸਰਵੇਖਣ ਐਕਸ ਸੀਐੱਨਪੀ ਡਬਲੂ ਡੀ ਵੱਲੋਂ ਕਰਵਾਇਆ ਜਾ ਰਿਹਾ ਹੈ। ਪਸ਼ੂਆਂ ਦੇ ਸਰਵੇਖਣ ਵੈਟਰਨਰੀ ਵਿਭਾਗ ਵੱਲੋਂ ਕਰਵਾਇਆ ਕੀਤਾ ਜਾ ਰਿਹਾ ਹੈ। ਹੜ੍ਹ ਨਾਲ ਨੁਕਸਾਨੀਆਂ ਫਸਲਾਂ ਮੁਆਵਜ਼ਾ ਤਕਰੀਬਨ ਕਿਸਾਨਾਂ ਨੂੰ ਦਿੱਤੀ ਜਾ ਚੁੱਕਾ ਹੈ ਜੋ ਕਿਸਾਨ ਰਹਿ ਗਏ ਹਨ ਉਨ੍ਹਾਂ ਨੂੰ ਵੀ ਬਹੁਤ ਜਲਦੀ ਬਣਦਾ ਮੁਆਵਜ਼ਾ ਦੇ ਦਿੱਤਾ ਜਾਵੇਗਾ। ਐੱਸਡੀਐੱਮ ਅਜਨਾਲਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਹਰ ਵੇਲੇ ਹੜ੍ਹ ਪੀੜਤਾਂ ਮਦਦ ਲਈ ਹਾਜ਼ਰ ਹਨ। ਇਸ ਮੌਕੇ ਚਰਨਜੀਤ ਸਿੰਘ ਮਜੀਠਾ, ਭੁਪਿੰਦਰ ਸਿੰਘ ਛੀਨਾ, ਸਵਿੰਦਰ ਸਿੰਘ ਸਿੱਧੂ, ਤਰਸੇਮ ਟਪਿਆਲਾ, ਪਰਮਜੀਤ ਕੌਰ, ਅਮਰਜੀਤ ਕੌਰ, ਗੁਰਮੀਤ ਕੌਰ ਜੱਟਾ, ਸੁਮਣ ਰਾਣੀ, ਜਸਬੀਰ ਸਿੰਘ ਝਬਾਲ, ਰਾਜੂ ਕਰਾਲੀਆ, ਬਖਤਾਵਰ ਸਿੰਘ ਜੋਸ਼ ਆਦਿ ਸਾਥੀ ਹਾਜ਼ਰ ਸਨ ।

# ਮਿਹਨਤਕਸ਼ ਜਨਤਾ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ : ਜਸਬੀਰ ਝਬਾਲ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਭਰਵੀਂ ਮੀਟਿੰਗ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਦਰਬਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਨੂੰ ਸੂਬਾਈ ਆਗੂ ਜਸਬੀਰ ਸਿੰਘ ਝਬਾਲ ਤੇ ਜ਼ਿਲ੍ਹਾ ਆਗੂ ਮਨਜੀਤ ਸਿੰਘ ਝਬਾਲ ਨੇ ਸੰਬੋਧਨ ਕੀਤਾ, ਜਿਸ ਵਿੱਚ ਸੂਬਾਈ ਆਗੂ ਜਸਬੀਰ ਸਿੰਘ ਝਬਾਲ ਨੇ ਕਿਹਾ ਕਿ ਮਿਹਨਤਕਸ਼ ਜਨਤਾ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ ਤੇ ਲੋਕਾਂ ਨੂੰ ਧਰਮ, ਜਾਤ, ਭਾਸ਼ਾ ਤੇ ਖੇਤਰ ਦੇ ਆਧਾਰ 'ਤੇ ਲਤਾੜਿਆ ਜਾ ਰਿਹਾ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਸਾਡੀ ਜਥੇਬੰਦੀ ਵੱਲੋਂ ਗਰੀਬਾਂ ਤੇ ਮਜ਼ਦੂਰਾਂ ਦੇ ਅੱਤਿਆਚਾਰਾਂ ਨੂੰ ਰੋਕਣ ਲਈ ਤੇ ਇਸ ਗੂੰਗੀ ਤੇ ਬੋਲੀ ਸਰਕਾਰ ਦੇ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਅਤੇ ਮਜ਼ਦੂਰ ਵਰਗ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਵੱਖ-ਵੱਖ ਪਿੰਡਾਂ ਵਿੱਚ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਆਗੂ ਮਨਜੀਤ ਸਿੰਘ ਝਬਾਲ, ਪ੍ਰਧਾਨ ਰੂੜ ਸਿੰਘ, ਮੀਤ ਪ੍ਰਧਾਨ ਦਰਬਾਰਾ ਸਿੰਘ, ਜਨਰਲ ਸੈਕਟਰੀ ਸੁਖਵਿੰਦਰ ਸਿੰਘ, ਸਹਾਇਕ ਸਕੱਤਰ ਬਲਜੀਤ ਸਿੰਘ, ਪ੍ਰਚਾਰ ਸਕੱਤਰ ਇੰਦਰ ਸਿੰਘ, ਕਮੇਟੀ ਮੈਂਬਰ ਬੀਰ ਸਿੰਘ, ਲਾਲ ਸਿੰਘ, ਜੋਗਿੰਦਰ ਸਿੰਘ, ਬਲਦੇਵ ਸਿੰਘ ਆਦਿ ਅਹੁਦੇਦਾਰ ਨਿਯੁਕਤ ਕੀਤੇ ਗਏ।

# ਕਾਮਰੇਡ ਅਵਤਾਰ ਸਿੰਘ ਨੂੰ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ





**ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਪਾਰਟੀ ਜ਼ਿਲ੍ਹਾ ਸਕੱਤਰੇਤ ਦੇ ਮੈਂਬਰ ਅਤੇ ਤਾ ਉਮਰ ਕਮਿਊਨਿਸਟ ਲਹਿਰ ਨੂੰ ਸਮਰਪਿਤ ਰਹੇ ਕਾਮਰੇਡ ਅਵਤਾਰ ਸਿੰਘ (ਪ੍ਰਧਾਨ) ਜੋ ਰਾਮ ਸਿੰਘ ਦੱਤ ਹਾਲ ਦੇ ਦਹਾਕਿਆਂ ਤੋਂ ਇੰਚਾਰਜ ਅਤੇ ਪੱਚੀ ਸਾਲ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਜ਼ਿਲਾ ਗੁਰਦਾਸਪੁਰ ਦੇ ਪ੍ਰਧਾਨ ਰਹੇ, ਕੁਝ ਦਿਨ ਪਹਿਲਾਂ ਸੀਦੀਵੀ ਵਿਛੋੜਾ ਦੇ ਗਏ ਸਨ ਜਿਨ੍ਹਾਂ ਦੀ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਗੁਰਦਾਸਪੁਰ ਵਿਖੇ ਹੋਈ।ਕਾਮਰੇਡ ਅਵਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਉਚੇਚੇ ਤੌਰ 'ਤੇ ਪਹੁੰਚੇ ਆਰਐੱਮਪੀਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਕਾਮਰੇਡ ਅਵਤਾਰ ਸਿੰਘ ਸਾਰੀ ਜ਼ਿੰਦਗੀ ਕਮਿਊਨਿਸਟ ਲਹਿਰ ਨੂੰ ਸਮਰਪਿਤ ਰਹੇ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਜ਼ਮਾਂ ਵਾਸਤੇ ਲੜਦਿਆਂ ਅਨੇਕਾਂ ਘੋਲਾਂ ਦੀ ਅਗਵਾਈ ਕੀਤੀ।ਕਾਮਰੇਡ ਅਵਤਾਰ ਸਿੰਘ ਦੇ ਤੁਰ ਜਾਣ ਦਾ ਪਰਿਵਾਰ ਦੇ ਨਾਲ-ਨਾਲ ਖੱਬੀ ਲਹਿਰ ਨੂੰ ਵੀ ਬਹੁਤ ਘਾਟਾ ਪਿਆ ਹੈ।ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਦੇ ਅਧਿਕਾਰਾਂ 'ਤੇ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ।ਦੇਸ਼ ਦਾ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚਾ ਤਹਿਸ-ਨਹਿਸ ਕਰਕੇ ਇੱਥੇ ਤਾਨਾਸ਼ਾਹੀ ਤਰਜ਼ ਦਾ ਧਰਮ ਅਧਾਰਤ ਕੱਟੜ, ਪਿਛਾਖੜੀ 'ਹਿੰਦੂ ਰਾਸ਼ਟਰ' ਕਾਇਮ ਕਰਨ ਵੱਲ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।ਆਰਐੱਸਐੱਸ ਤੇ ਭਾਜਪਾ ਇਸੇ ਕਰਕੇ ਮਨੁੱਖੀ ਹੱਕ-ਹਕੂਕ ਤੇ ਸ਼ਹਿਰੀ ਆਜ਼ਾਦੀਆਂ ਦੀ ਗਰੰਟੀ ਕਰਦੇ ਭਾਰਤ ਦੇ ਮੌਜੂਦਾ ਸੰਵਿਧਾਨ ਨੂੰ ਖਾਰਜ ਕਰਕੇ ਇਸ ਦੀ ਥਾਂ ਦਲਿਤਾਂ ਤੇ ਔਰਤਾਂ ਨੂੰ ਸਦੀਵੀ ਗੁਲਾਮ ਬਣਾਈ ਰੱਖਣ ਦੀ ਪੈਰਵੀ ਕਰਦੀ 'ਮਨੂੰ ਸਿਮਰਤੀ' ਨੂੰ ਸ਼ਾਸਨ ਪੱਧਤੀ ਵਜੋਂ ਲਾਗੂ ਕਰਨ ਲਈ ਤਰਲੋ-ਮੱਛੀ ਹੋ ਰਹੇ ਹਨ।ਉਕਤ ਕੋਝੇ ਮਨਸੂਬੇ ਪੂਰੇ ਕਰਨ ਲਈ, ਸੰਘ ਪਰਿਵਾਰ ਦੇ ਖਰੂਦੀ ਟੋਲੇ ਮੁਸਲਮਾਨ ਤੇ ਈਸਾਈ ਘੱਟ ਗਿਣਤੀਆਂ, ਦਲਿਤਾਂ ਅਤੇ ਇਸਤਰੀਆਂ 'ਤੇ ਅਸਹਿ ਤੇ ਅਕਹਿ ਜ਼ੁਲਮ ਢਾਹ ਰਹੇ ਹਨ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਹੈ ਕਿ ਕਥਿਤ 'ਹਿੰਦੂ ਰਾਸ਼ਟਰ' ਦੀ ਕਾਇਮੀ ਰਾਹੀਂ ਆਰਐੱਸਐੱਸ ਦਾ ਅਸਲ ਨਿਸ਼ਾਨਾ ਬਹੁ-ਗਿਣਤੀ ਹਿੰਦੂ ਵਸੋਂ, ਖਾਸ ਕਰਕੇ ਕਿਰਤੀ ਸ਼੍ਰੇਣੀ ਦਾ ਭਲਾ ਕਰਨਾ ਨਹੀਂ, ਬਲਕਿ ਮਿਹਨਤਕਸ਼ਾਂ ਦੀ ਲੁੱਟ-ਖਸੁੱਟ ਦੀ ਜਾਮਣੀ ਕਰਦਾ ਅਜੋਕਾ ਪੂੰਜੀਵਾਦੀ-ਜਗੀਰੂ ਨਿਜ਼ਾਮ ਸਦਾ ਲਈ ਕਾਇਮ ਰੱਖਣਾ ਹੈ।ਦੇਸ਼ ਵਾਸੀਆਂ ਨੂੰ ਆਰਐੱਸਐੱਸ ਦੇ ਫਿਰਕੂ-ਫਾਸ਼ੀ ਏਜੰਡੇ ਨੂੰ ਭਾਂਜ ਦੇਣ, ਸਾਮਰਾਜੀ ਤੇ ਕਾਰਪੋਰੇਟੀ ਲੁੱਟ-ਖਸੁੱਟ ਤੇ ਦਾਬਾ ਕਾਇਮ ਰੱਖਣ ਲਈ ਘੜੀਆਂ, ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੇ ਚੌਖਟੇ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਮੁਕਤੀ ਹਾਸਲ ਕਰਨ ਅਤੇ ਹਰ ਕਿਸਮ ਦੀ ਲੁੱਟ-ਚੋਂਘ ਤੇ ਜਬਰ-ਵਿਤਕਰੇ ਤੋਂ ਰਹਿਤ ਸਾਂਝੀਵਾਲਤਾ ਵਾਲਾ ਸਮਾਨਤਾਵਾਦੀ ਸਮਾਜ ਕਾਇਮ ਕਰਨ ਦਾ ਮਾਨਵੀ ਸੰਗਰਾਮ ਪ੍ਰਚੰਡ ਤੇਜ਼ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਅਜਿਹਾ ਕਰਨ ਲਈ ਸਾਨੂੰ ਅਵਤਾਰ ਸਿੰਘ ਦੇ ਰਾਹ ਉਤੇ ਚੱਲਣਾ ਹੋਵੇਗਾ। ਆਰਐੱਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ ਨੇ ਕਿਹਾ ਕਿ ਇਸ ਵਕਤ ਜਦ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਕੀਤੇ ਵਾਅਦੇ ਪੂਰੇ ਕਰਨ ਦੀ ਥਾਂ ਉਲਟਾ ਉਨ੍ਹਾਂ ਦੇ ਹੱਕ 'ਤੇ ਛਾਪੇ ਮਾਰ ਰਹੀ ਹੈ ਅਤੇ ਲੋਕਾਂ ਦੀਆਂ ਜ਼ਮੀਨਾਂ, ਜਾਇਦਾਦਾਂ ਵੇਚਣ ਤੇ ਤੁਲੀ ਹੋਈ ਹੈ ਅਤੇ ਇਸ ਦਾ ਵਿਰੋਧ ਕਰਨ ਵਾਲੇ ਕਿਰਤੀ ਲੋਕਾਂ 'ਤੇ ਜ਼ੁਲਮ ਢਾਹ ਰਹੀ ਹੈ ਤਾਂ ਸਾਥੀ ਅਵਤਾਰ ਸਿੰਘ ਵਰਗੇ ਯੋਧਿਆਂ ਦੀ ਬਹੁਤ ਲੋੜ ਹੈ।ਹੋਰਨਾਂ ਤੋਂ ਇਲਾਵਾ ਪਾਰਟੀ ਦੇ ਜ਼ਿਲ੍ਹਾ ਸਕੱਤਰ ਨੱਥਾ ਸਿੰਘ ਢਡਵਾਲ, ਡਾਕਟਰ ਅਨੂਪ ਸਿੰਘ, ਧਿਆਨ ਸਿੰਘ ਠਾਕੁਰ, ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਆਗੂ ਸੁਖਦੇਵ ਸਿੰਘ ਭਾਗੋਕਾਵਾਂ, ਸੀਪੀਆਈ (ਐੱਮ) ਦੇ ਆਗੂ ਰੂਪ ਸਿੰਘ ਪੱਡਾ ਨੇ ਸਾਥੀ ਅਵਤਾਰ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।ਸਟੇਜ ਸਕੱਤਰ ਦੀ ਭੂਮਿਕਾ ਸਾਥੀ ਮੱਖਣ ਸਿੰਘ ਕੁਹਾੜ ਨੇ ਨਿਭਾਈ।ਅੰਤ ਵਿੱਚ ਸਭ ਦਾ ਦਾ ਧੰਨਵਾਦ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਿਵ ਕੁਮਾਰ ਪਠਾਨਕੋਟ ਨੇ ਕੀਤਾ।ਹੋਰਨਾਂ ਤੋਂ ਇਲਾਵਾ ਰਾਮ ਸਿੰਘ ਦੱਤ ਯਾਦਗਾਰ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਵੱਸਣ ਸਿੰਘ ਸਿੱਧੂ, ਕੁਲਦੀਪ ਸਿੰਘ ਰਿਆੜ, ਅਜੀਤ ਸਿੰਘ ਸਿੱਧਵਾਂ, ਅਮਰਜੀਤ ਸ਼ਾਸਤਰੀ, ਮਾਸਟਰ ਸੁਭਾਸ਼ ਸ਼ਰਮਾ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਬੋਧ ਸਿੰਘ ਘੁੰਮਣ, ਜਗਜੀਤ ਸਿੰਘ ਕਲਾਨੌਰ, ਸੰਤੋਖ ਸਿੰਘ ਔਲਖ, ਸੁਭਾਸ਼ ਕੈਲੇ, ਤਰਸੇਮ ਸਿੰਘ ਭੰਗੂ, ਸ਼ੁਭਾਸ਼ ਦੀਵਾਨਾ, ਰਘਬੀਰ ਸਿੰਘ ਚਾਹਲ, ਗੁਰਮੀਤ ਸਿੰਘ ਥਾਣੇਵਾਲ, ਗੁਰਮੀਤ ਸਿੰਘ ਪਾਹੜਾ, ਜੇਪੀ ਖਰਨਾਵਾਲਾ, ਸ਼ੀਤਲ ਸਿੰਘ ਗੁੰਨੋਪੁਰੀ, ਬੂਟਾ ਰਾਮ ਆਜ਼ਾਦ, ਗਿਆਨੀ ਮਹਿੰਦਰ ਸਿੰਘ, ਭੈਣ ਜੀ ਅਮਰੀਕ ਕੌਰ, ਸੁਖਵਿੰਦਰ ਕੌਰ, ਅਬਿਨਾਸ਼ ਸਿੰਘ, ਹੈੱਡਮਾਸਟਰ ਪੁਰਸ਼ੋਤਮ ਸਿੰਘ ਮਿਨਹਾਸ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ, ਪਰਿਵਾਰ ਦੇ ਸਮੂਹ ਮੈਂਬਰ ਅਤੇ ਰਿਸ਼ਤੇਦਾਰ ਸਮੇਤ ਬਹੁਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਉੱਤਰਾਖੰਡੀਆਂ ਦੀ ਦਾਸਤਾਨ

*ਉੱਤਰਾਖੰਡ ਦੇ ਕਈ ਹਿੱਸਿਆਂ ਵਿੱਚ ਸਕੂਲੀ ਬੱਚੇ ਤੇ ਬਾਲਗ ਜਦੋਂ ਘਰੋਂ ਨਿਕਲਦੇ ਹਨ ਤਾਂ ਸੀਟੀ ਜਾਂ ਥਾਲੀ ਤੇ ਕੜਛੀ-ਚਮਚਾ ਆਪਣੇ ਨਾਲ ਰੱਖਣਾ ਨਹੀਂ ਭੁੱਲਦੇ। ਅਜਿਹੇ ਹਥਿਆਰ ਪੰਜ ਸਾਲ ਪਹਿਲਾਂ ਕੋਵਿਡ ਮਹਾਂਮਾਰੀ ਵੇਲੇ ਭਾਵੇਂ ਕੰਮ ਨਹੀਂ ਆਏ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਇਰਸ ਨੂੰ ਭਜਾਉਣ ਲਈ ਥਾਲੀਆਂ ਖੜਕਾਉਣ ਦਾ ਸੱਦਾ ਦਿੱਤਾ ਸੀ, ਪਰ ਉੱਤਰਾਖੰਡ ਦੇ ਪੇਂਡੂਆਂ ਨੂੰ ਆਸ ਹੈ ਕਿ ਇਨ੍ਹਾਂ ਦਾ ਖੜਕਾ ਰਿੱਛਾਂ ਨੂੰ ਡਰਾਏਗਾ, ਜਿਹੜੇ ਇਸ ਸਾਲ 7 ਲੋਕਾਂ ਨੂੰ ਮਾਰ ਚੁੱਕੇ ਹਨ ਤੇ 70 ਨੂੰ ਜ਼ਖ਼ਮੀ ਕਰ ਚੁੱਕੇ ਹਨ। ਸਭ ਤੋਂ ਖਤਰਨਾਕ ਹਮਲਾ ਉਦੋਂ ਹੋਇਆ, ਜਦੋਂ 23 ਦਸੰਬਰ ਨੂੰ ਚਮੋਲੀ ਦੇ ਪੋਖਾਰਿਸ ਵਿੱਚ ਦੋ ਰਿੱਛਾਂ ਨੇ ਸਕੂਲ ਵਿੱਚ ਵੜ ਕੇ ਸੱਤਵੀਂ ਦੇ ਵਿਦਿਆਰਥੀ ਅਰਬ ਕੁਮਾਰ ਨੂੰ ਦਬੋਚ ਕੇ ਝਾੜੀਆਂ ਵੱਲ ਖਿੱਚਣਾ ਸ਼ੁਰੂ ਕੀਤਾ। ਉਸ ਦੇ ਜਮਾਤੀਆਂ ਦਿਵਿਆ ਕੁਮਾਰੀ ਤੇ ਦੀਪਿਕਾ ਕੁਮਾਰ ਵੱਲੋਂ ਰੌਲਾ ਪਾਉਣ 'ਤੇ ਉਹ ਭੱਜ ਗਏ। ਬਹੁਤੇ ਹਮਲੇ ਚਮੋਲੀ, ਰੁਦਰਪ੍ਰਯਾਗ, ਟੀਹਰੀ ਤੇ ਉੱਤਰਕਾਸ਼ੀ ਜ਼ਿਲ੍ਹਿਆਂ ਵਿੱਚ ਹੋਏ ਹਨ ਅਤੇ ਉਹ ਵੀ ਸਰਦੀਆਂ ਵਿੱਚ, ਜਦੋਂ ਜੰਗਲੀ ਜਾਨਵਰ ਨਿੱਘੀਆਂ ਥਾਵਾਂ ਵੱਲ ਆਉਂਦੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਰਿੱਛ ਨਵੰਬਰ-ਦਸੰਬਰ ਵਿੱਚ ਨਿੱਘੀਆਂ ਥਾਵਾਂ ਵੱਲ ਆਉਣ ਤੋਂ ਪਹਿਲਾਂ ਰੱਜ ਕੇ ਖਾਂਦੇ ਹਨ, ਪਰ ਵਿਕਾਸ ਦੇ ਨਾਂਅ 'ਤੇ ਚਾਰ-ਮਾਰਗੀ ਸੜਕਾਂ ਕੱਢਣ ਤੇ ਬੇਤੁਕੀਆਂ ਉਸਾਰੀਆਂ ਕਾਰਨ ਜੰਗਲਾਂ ਦੀ ਅੰਨ੍ਹੇਵਾਹ ਛੰਗਾਈ ਅਤੇ ਉਸ ਦੇ ਨਤੀਜੇ ਵਜੋਂ ਪਹਾੜ ਖਿਸਕਣ ਤੇ ਅਚਨਚੇਤ ਆਉਂਦੇ ਹੜ੍ਹਾਂ ਕਾਰਨ ਉਤਲੇ ਪਹਾੜਾਂ ਵਿੱਚ ਉਨ੍ਹਾਂ ਨੂੰ ਖੁਰਾਕੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਢਿੱਡ ਭਰਨ ਲਈ ਜਾਨਵਰ ਮੈਦਾਨ ਵਿੱਚ ਆ ਰਹੇ ਹਨ ਤੇ ਰਾਹ ਵਿੱਚ ਉਨ੍ਹਾਂ ਨੂੰ ਜੋ ਮਿਲਦਾ ਹੈ, ਉਸ 'ਤੇ ਝਪਟਾ ਮਾਰ ਰਹੇ ਹਨ।*

*ਤਿੰਨ ਹਿਮਾਲਿਆਈ ਕਾਲੇ ਰਿੱਛ ਸੋਮਵਾਰ ਵੱਡੇ ਤੜਕੇ ਚਮੋਲੀ ਦੇ ਥੇਂਗ ਵਿੱਚ ਮੋਹਨ ਸਿੰਘ ਨੇਗੀ ਦੇ ਵਾੜੇ ਵਿੱਚ ਵੜੇ ਅਤੇ ਤਿੰਨ ਬੱਕਰੀਆਂ ਖਾ ਗਏ, ਜਦਕਿ ਗਊ ਨੂੰ ਜ਼ਖ਼ਮੀ ਕਰ ਗਏ। ਬੱਕਰੀਆਂ ਹੀ ਨੇਗੀ ਦੀ ਆਮਦਨ ਦਾ ਇੱਕੋ-ਇੱਕ ਵਸੀਲਾ ਸਨ। ਪਿਛਲੇ ਸ਼ਨੀਵਾਰ ਦੀ ਸ਼ਾਮ ਚਮੋਲੀ ਦੇ ਪਿੰਡ ਮੋਲੀ ਹੁਗਰ ਟੋਕ ਦਾ 32 ਸਾਲਾ ਦਵਿੰਦਰ ਸਿੰਘ ਫਰਸਵਾਨ ਮੋਟਰਸਾਈਕਲ 'ਤੇ ਘਰ ਪਰਤ ਰਿਹਾ ਸੀ ਤਾਂ ਰਾਹ ਵਿੱਚ ਰਿੱਛ ਨੇ ਹਮਲਾ ਕਰ ਦਿੱਤਾ। ਉਸ ਨੇ ਪਹਾੜੀ ਤੋਂ ਹੇਠਾਂ ਛਾਲ ਮਾਰ ਕੇ ਜਾਨ ਬਚਾਈ। ਰੁਦਰਪ੍ਰਯਾਗ ਵਿੱਚ ਕੇਦਾਰਨਾਥ ਇਲਾਕੇ ਦੇ ਲਿੰਚੋਲੀ ਵਿੱਚ ਰਿੱਛ ਸ਼ੀਸ਼ਾ ਤੋੜ ਕੇ ਕੰਪਿਊਟਰ ਪ੍ਰਿੰਟਰ ਸ਼ਾਪ ਵਿੱਚ ਵੜ ਗਿਆ। ਉਹ ਕਈ ਮਿੰਟ ਅੰਦਰ ਰਿਹਾ। ਸੀ ਸੀ ਟੀ ਵੀ ਫੁਟੇਜ ਤੋਂ ਪਤਾ ਲੱਗਿਆ ਕਿ ਉਹ ਖਾਣ ਨੂੰ ਕੁਝ ਲੱਭ ਰਿਹਾ ਸੀ, ਪਰ ਉਸ ਨੂੰ ਨਿਰਾਸ਼ ਪਰਤਣਾ ਪਿਆ।*

*ਸੂਬਾਈ ਜੰਗਲਾਤ ਵਿਭਾਗ ਦੀ ਇੱਕ ਰਿਪੋਰਟ ਮੁਤਾਬਕ ਪਿਛਲੇ ਸਾਲ ਜੰਗਲੀ ਜਾਨਵਰਾਂ ਨੇ ਤਿੰਨ ਇਨਸਾਨਾਂ ਦੀ ਜਾਨ ਲਈ ਸੀ ਤੇ 65 ਨੂੰ ਜ਼ਖ਼ਮੀ ਕੀਤਾ ਸੀ। 2023 ਵਿੱਚ ਇੱਕ ਦੀ ਜਾਨ ਲਈ ਸੀ ਤੇ 53 ਨੂੰ ਜ਼ਖ਼ਮੀ ਕੀਤਾ ਸੀ। ਸੂਬੇ ਵਿੱਚ ਪਿਛਲੇ 25 ਸਾਲਾਂ ਵਿੱਚ ਰਿੱਛਾਂ ਦੇ ਹਮਲਿਆਂ 'ਚ 68 ਲੋਕ ਮਾਰੇ ਗਏ ਹਨ ਤੇ 1972 ਜ਼ਖ਼ਮੀ ਹੋਏ ਹਨ। ਵਿਕਾਸ ਦੇ ਨਾਂਅ 'ਤੇ ਜਿਉਂ-ਜਿਉਂ ਜੰਗਲੀ ਜਾਨਵਰਾਂ ਦੀਆਂ ਰਿਹਾਇਸ਼ਾਂ, ਜੰਗਲਾਂ ਤੇ ਪਹਾੜਾਂ ਨੂੰ ਖਤਮ ਕੀਤਾ ਜਾ ਰਿਹਾ ਹੈ, ਤਿਉਂ-ਤਿਉਂ ਜੰਗਲੀ ਜਾਨਵਰਾਂ ਦੇ ਹੇਠਲੇ ਇਲਾਕਿਆਂ ਵਿੱਚ ਇਨਸਾਨਾਂ ਤੇ ਪਾਲਤੂ ਜਾਨਵਰਾਂ 'ਤੇ ਹਮਲੇ ਵਧ ਰਹੇ ਹਨ। ਸਰਕਾਰਾਂ ਨੇ ਵਿਕਾਸ ਦੇ ਨਾਂਅ 'ਤੇ ਪਹਾੜਾਂ ਤੇ ਜੰਗਲਾਂ ਦੀ ਤਬਾਹੀ ਮਚਾਉਣ ਦੀ ਜਿਹੜੀ ਮੁਹਿੰਮ ਚਲਾਈ ਹੋਈ ਹੈ, ਉਸ ਦਾ ਨਤੀਜਾ ਸਥਾਨਕ ਲੋਕਾਂ ਦੇ ਖੌਅ ਵਿੱਚ ਨਿਕਲਣਾ ਹੈ। ਜਦੋਂ ਜੰਗਲੀ ਜਾਨਵਰ ਥਾਲੀਆਂ ਦੀ ਆਵਾਜ਼ ਦੇ ਆਦੀ ਹੋ ਗਏ ਤਾਂ ਫਿਰ ਕੀ ਨਤੀਜਾ ਨਿਕਲੇਗਾ, ਉਸ ਬਾਰੇ ਅਦਾਲਤਾਂ ਵੀ ਬਹੁਤਾ ਨਹੀਂ ਸੋਚ ਰਹੀਆਂ ਅਤੇ 'ਦੇਸ਼ ਦੀ ਸੁਰੱਖਿਆ' ਲਈ ਚਾਰ-ਮਾਰਗੀ ਸੜਕਾਂ ਲਈ ਜੰਗਲਾਂ ਦੇ ਸਫਾਏ ਤੇ ਪਹਾੜ ਚੀਰਨ 'ਤੇ ਸਹਿਮਤੀ ਦੇਈ ਜਾ ਰਹੀਆਂ ਹਨ।*

## ਪਤਲੀ ਗਲੀ !

*ਸੁਕਰਾਤ ਯੂਨਾਨੀ ਨਾ ਹੁੰਦਾ,*
*ਤਾਂ ਸਾਰੇ 'ਝੋਟੇ' ਬਣ ਜਾਂਦੇ।*
*ਬਿਨਾਂ ਬਾਣੀਏ ਸਾਰੇ ਹੀ,*
*ਅਸੀਂ ਸਿੱਕੇ ਖੋਟੇ ਬਣ ਜਾਂਦੇ।*
*ਪਾਣੀ ਕਰਕੇ ਭਰੇ ਹੋਏ ਹਾਂ,*
*ਨਹੀਂ ਖਾਲੀ ਲੋਟੇ ਬਣ ਜਾਂਦੇ।*
*ਫਿਰਕੂ ਸਾਂਝ ਜੇ ਟੁੱਟ ਜਾਂਦੀ,*
*ਦੋ-ਦੋ ਦੇ ਜੋਟੇ ਬਣ ਜਾਂਦੇ।*
*ਪਤਲੀ ਗਲੀ ਜੇ ਮਿਲਦੀ ਨਾ,*
*ਤਾਂ ਮੋਟੇ-ਮੋਟੇ ਬਣ ਜਾਂਦੇ।*
*ਅਕਲਮੰਦ ਜੇ ਨਾ ਹੁੰਦੇ,*
*ਕੱਦ ਛੋਟੇ-ਛੋਟੇ ਬਣ ਜਾਂਦੇ।*

-ਗੁਲਪੁਰ

# ਮਜ਼ਦੂਰ ਜਮਾਤ ਦੇ ਹੱਕਾਂ ਨੂੰ ਖੋਰਾ ਲਾ ਕੇ ਭਾਰਤ ਕਿਹੋ ਜਿਹਾ ਹੋਵੇਗਾ

**ਚਰਨ ਸਿੰਘ ਸਰਾਭਾ**

22 ਨਵੰਬਰ ਦੀਆਂ ਪ੍ਰਮੁੱਖ ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਭਾਰਤ ਦੀ ਕੇਂਦਰ ਸਰਕਾਰ ਨੇ 21 ਨਵੰਬਰ ਵਾਲੇ ਦਿਨ ਦੇਸ਼ ਵਿੱਚ ਚਾਰ ਨਵੇਂ ਲੇਬਰ ਕੋਡ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਨ੍ਹਾਂ ਲੇਬਰ ਕੋਡਾਂ ਸੰਬੰਧੀ ਸਾਲ 2015 ਤੋਂ ਲੈ ਕੇ ਤਿੱਖੇ ਵਾਦ-ਵਿਵਾਦ ਚੱਲਦੇ ਰਹੇ ਹਨ। 22.11.2025 ਦੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇਨ੍ਹਾਂ ਲੇਬਰ ਕੋਡਾਂ ਸੰਬੰਧੀ ਭਾਰਤ ਦੇ ਪ੍ਰਧਾਨ ਮੰਤਰੀ ਦੇ ਸੰਦੇਸ਼ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਅਨੁਸਾਰ ਪ੍ਰਧਾਨ ਮੰਤਰੀ ਨੇ ਕਿਹਾ ਹੈ, "ਅੱਜ ਦਾ ਦਿਨ ਮੇਰੇ ਮਜ਼ਦੂਰ ਭਰਾਵਾਂ ਅਤੇ ਭੈਣਾਂ ਲਈ ਇਤਿਹਾਸਕ ਦਿਨ ਹੈ। ਅੱਜ ਤੋਂ ਸਾਡੀ ਸਰਕਾਰ ਨੇ ਚਾਰ ਲੇਬਰ ਕੋਡ ਲਾਗੂ ਕਰ ਦਿੱਤੇ ਹਨ। ਆਜ਼ਾਦੀ ਪ੍ਰਾਪਤੀ ਤੋਂ ਪਿੱਛੋਂ ਇਹ ਮਜ਼ਦੂਰ ਹਿੱਤਾਂ ਸੰਬੰਧੀ ਵੱਡੇ ਸੁਧਾਰ ਹਨ। ਜੋ ਇਸ ਦੇਸ਼ ਦੇ ਕਾਮਿਆਂ ਨੂੰ ਹੋਰ ਤਕੜਾ ਕਰਨਗੇ। ਇਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨੀ ਸੌਖੀ ਬਣਾਈ ਜਾਵੇਗੀ। ਇਸ ਨਾਲ ਕਾਰੋਬਾਰੀਆਂ ਨੂੰ ਵੀ ਸੌਖ ਬਣਾਈ ਜਾਵੇਗੀ।" ਇਸੇ ਅਖ਼ਬਾਰ ਵਿੱਚ ਛਪੀ ਖ਼ਬਰ ਅਨੁਸਾਰ ਕੇਂਦਰੀ ਲੇਬਰ ਮੰਤਰੀ ਨੇ ਕਿਹਾ ਕਿ ਇਹ ਚਾਰ ਲੇਬਰ ਕੋਡ 21 ਨਵੰਬਰ 2025 ਤੋਂ ਲਾਗੂ ਕਰਨ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸੇ ਅਖ਼ਬਾਰ ਦੀ ਖ਼ਬਰ ਵਿੱਚ ਹੀ ਟਿੱਪਣੀਆ ਕਰਦਿਆਂ ਕਿਹਾ ਗਿਆ ਹੈ ਕਿ ਸਰਕਾਰਾਂ ਅਤੇ ਵਧੇਰੇ ਅਰਥ ਸ਼ਾਸ਼ਤਰੀ ਇਸ ਗੱਲ ਨਾਲ ਸਹਿਮਤ ਹਨ ਕਿ ਸੰਸਾਰ ਦੀ ਪੰਜਵੀਂ ਵੱਡੀ ਆਰਥਿਕਤਾ ਵਿੱਚ ਮਜ਼ਦੂਰ ਖੇਤਰ ਦੇ ਸੁਧਾਰਾਂ ਦੀ ਲੋੜ ਸੀ, ਕਿਉਂਕਿ ਹਰ ਮਹੀਨੇ ਦਸ ਲੱਖ ਨਵੇਂ ਕਾਮਿਆਂ ਲਈ ਰੁਜ਼ਗਾਰ ਪੈਦਾ ਕਰਨ ਲਈ ਇਹ ਨਵੇਂ ਕੋਡ ਪਹਿਲਾਂ ਤੋਂ ਹੀ ਜ਼ਰੂਰੀ ਸਨ, ਪਰ ਇਨ੍ਹਾਂ ਵਿਰੁੱਧ ਤਿੱਖੇ ਸਿਆਸੀ ਪ੍ਰਤੀਕਰਮ ਅਤੇ ਪ੍ਰਮੁੱਖ ਟਰੇਡ ਯੂਨੀਅਨਜ਼ ਦੇ ਸੰਭਾਵੀ ਵਿਰੋਧ ਦੇ ਡਰ ਸਰਕਾਰ ਨੇ ਇਹ ਕੋਡ ਲਾਗੂ ਕਰਨ ਦੀ ਪ੍ਰਕਿਰਿਆ ਰੋਕੀ ਹੋਈ ਸੀ।

ਇਨ੍ਹਾਂ ਚਾਰ ਲੇਬਰ ਕੋਡਾਂ ਦੀ ਵਿਆਖਿਆ ਕਰਦਾ ਕੇਂਦਰੀ ਲੇਬਰ ਮੰਤਰੀ ਦਾ ਲੇਖ 24 ਨਵੰਬਰ 2025 ਦੇ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਵਿੱਚ ਛਪਿਆ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਕੋਡ ਮਜ਼ਦੂਰ ਹਿੱਤਾਂ ਨੂੰ ਕੇਂਦਰ ਮੰਨ ਕੇ ਬਣਾਏ ਹਨ। ਇਨ੍ਹਾਂ ਕਾਨੂੰਨਾਂ ਰਾਹੀਂ ਕਾਮਿਆਂ ਦੇ ਸਵੈਮਾਨ ਦਾ ਧਿਆਨ ਰੱਖਿਆ ਜਾਵੇਗਾ ਅਤੇ ਲੇਬਰ ਹਿੱਤਾਂ ਸੰਬੰਧੀ ਬਦਲਾਵਾਂ ਦਾ ਇਹ ਮੀਲ-ਪੱਥਰ ਹੋਵੇਗਾ। ਜੋ ਤੇਜ਼ੀ ਨਾਲ ਭਾਰਤ ਨੂੰ ਵਿਕਸਤ ਦੇਸ਼ ਬਣਾਵੇਗਾ। ਇਸ ਤਰ੍ਹਾਂ ਦਾ ਇਕ ਲੇਖ 28.11.2025 ਦੇ ਇੱਕ ਹੋਰ ਕੌਮੀ ਪੱਧਰੀ ਅੰਗਰੇਜ਼ੀ ਅਖ਼ਬਾਰ ਵਿੱਚ ਕਾਰਪੋਰੇਟ ਘਰਾਣਿਆਂ ਦੀ ਜਥੇਬੰਦੀ "ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਮਰਸ ਐਂਡ ਇੰਡਸਟਰੀ" ਦੇ ਪ੍ਰਧਾਨ ਸ੍ਰੀ ਹਰਸ਼ ਵਰਧਨ ਦਾ ਛਪਿਆ ਹੈ। ਉਸ ਵੱਲੋਂ ਵੀ ਇਨ੍ਹਾਂ ਚਾਰ ਲੇਬਰ ਕੋਡਾਂ ਦਾ ਭਰਪੂਰ ਸਮਰਥਨ ਕੀਤਾ ਗਿਆ ਹੈ ਅਤੇ ਕਿਹਾ ਹੈ ਕਿ ਇਹ ਲੇਬਰ ਕੋਡ ਭਾਰਤ ਨੂੰ ਆਤਮ-ਨਿਰਭਰ ਅਤੇ ਵਿਕਸਤ ਭਾਰਤ ਬਣਾਉਣ ਵਿੱਚ ਸਹਾਈ ਹੋਣਗੇ ਅਤੇ ਅਜਿਹੇ ਸੁਧਾਰਾਂ ਦਾ ਬਣਿਆ ਸਵੇਗ ਜਾਰੀ ਰਹਿਣਾ ਚਾਹੀਦਾ ਹੈ।

ਦੂਜੇ ਪਾਸੇ ਦੇਸ਼ ਭਰ ਦੀਆਂ ਪ੍ਰਮੁੱਖ ਟਰੇਡ ਯੂਨੀਅਨਜ਼ ਨੇ ਇਨ੍ਹਾਂ ਲੇਬਰ ਕੋਡਾਂ ਦਾ ਜ਼ੋਰਦਾਰ ਵਿਰੋਧ ਕਰਦਿਆਂ ਇਨ੍ਹਾਂ ਨੂੰ ਮਜ਼ਦੂਰ ਦੇ ਹੱਕਾਂ 'ਤੇ ਵੱਡਾ ਹਮਲਾ ਕਿਹਾ ਹੈ। ਕਈ ਵਿਰੋਧੀ ਸਿਆਸੀ ਪਾਰਟੀਆਂ ਨੇ ਵੀ ਇਨ੍ਹਾਂ ਲੇਬਰ ਕੋਡਾਂ ਨੂੰ ਮਜ਼ਦੂਰ ਵਿਰੋਧੀ ਕਿਹਾ ਹੈ। ਲੋੜ ਹੈ ਇਸ ਗੰਭੀਰ ਵਾਦ-ਵਿਵਾਦ ਵਿੱਚੋਂ ਇਕ ਸੰਜੀਦਾ ਵਿਸ਼ਲੇਸ਼ਣ ਦੁਆਰਾ ਸਮੂਹਕ ਸੱਚਾਈ ਸਮਝੀ ਅਤੇ ਸਪੱਸ਼ਟ ਕੀਤੀ ਜਾਵੇ ਕਿ ਇਨ੍ਹਾਂ ਲੇਬਰ ਕੋਡਾਂ ਦੇ ਅਸਲ ਮੰਤਵ, ਕਾਰਨ ਅਤੇ ਪਿਛੋਕੜ ਕੀ ਹਨ। ਪ੍ਰੈੱਸ ਦੀਆਂ ਕੁਝ ਰਿਪੋਰਟਾਂ ਅਤੇ ਟਿੱਪਣੀਆਂ ਦੇ ਅਧਾਰ ਦਾ ਅਧਿਐਨ ਕਰਨ ਤੋਂ ਜਾਣਕਾਰੀ ਮਿਲਦੀ ਹੈ ਕਿ ਅਸਲ ਵਿੱਚ ਇਹ ਲੇਬਰ ਕੋਡ ਸੰਸਾਰ ਬੈਂਕ, ਕੌਮਾਂਤਰੀ ਮੁਦਰਾਕੋਸ਼ ਵੱਲੋਂ ਨਿਰਧਾਰਤ ਕੀਤੇ ਗਏ ਅਤੇ ਠੋਸੇ ਗਏ ਅਖੌਤੀ ਆਰਥਿਕ ਸੁਧਾਰਾਂ ਅਧੀਨ ਅਤੇ ਭਾਰਤੀ ਕਾਰਪੋਰੇਟ ਘਰਾਣਿਆਂ ਦੀ ਮਿਲੀਭੁਗਤ ਨਾਲ ਬਣਾਏ ਗਏ ਹਨ। ਪਹਿਲੇ ਲੇਬਰ ਕਾਨੂੰਨਾਂ ਵਿੱਚ ਇਕ ਵਿਵਸਥਾ ਸੀ ਕਿ ਜਿਸ ਅਦਾਰੇ ਵਿੱਚ ਇਕ ਸੌ ਤੋਂ ਵੱਧ ਕਾਮੇ ਕੰਮ ਕਰਦੇ ਹਨ, ਉਨ੍ਹਾਂ ਵਿੱਚੋਂ ਕਿਸੇ ਕਾਮੇ ਦੀ ਵੀ ਛਾਂਟੀ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ। ਵਡੇਰੇ ਮਾਲਕ ਘਰਾਣੇ ਮੰਗ ਕਰ ਰਹੇ ਸਨ ਕਿ ਇਸ ਵਿਵਸਥਾ ਵਿੱਚ ਸੋਧ ਕਰਕੇ ਇਸ ਸ਼ਰਤ ਨੂੰ ਇਕ ਸੌ ਤੋਂ ਵਧਾ ਕੇ ਤਿੰਨ ਸੌ ਕਰ ਦਿੱਤਾ ਜਾਵੇ। 10 ਜੁਲਾਈ 2017 ਦੇ ਇੱਕ ਅੰਗਰੇਜ਼ੀ ਅਖ਼ਬਾਰ ਦੀ ਖ਼ਬਰ ਅਨੁਸਾਰ-ਜੀ-20 ਦੇਸ਼ਾਂ ਦਾ ਸੰਗਠਨ ਵੀ ਲੇਬਰ ਕਾਨੂੰਨਾਂ ਵਿੱਚ ਅਜਿਹੀਆਂ ਤਬਦੀਲੀਆਂ ਲਈ ਜ਼ੋਰ ਪਾ ਰਿਹਾ ਸੀ ਤਾਂ ਜੋ ਭਾਰਤ ਵਿੱਚ ਕਾਰੋਬਾਰੀਆਂ ਲਈ ਹਾਲਾਤ ਸੁਖਾਵੇਂ ਹੋ ਸਕਣ ਅਤੇ ਵਿਦੇਸ਼ੀ ਕੰਪਨੀਆਂ ਵੀ ਨਿਵੇਸ਼ ਕਰਨ ਲਈ ਉਤਸ਼ਾਹਤ ਹੋਣ। ਇਸੇ ਸੰਬੰਧ ਵਿੱਚ 15.9.2016 ਦੇ ਇੱਕ ਅੰਗਰੇਜ਼ੀ ਅਖ਼ਬਾਰ ਦੀ ਖ਼ਬਰ ਅਨੁਸਾਰ ਕੇਂਦਰ ਸਰਕਾਰ ਦੇ ਤਤਕਾਲੀ ਲੇਬਰ ਮੰਤਰੀ ਨੇ ਫਿੱਕੀ...(ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ) ਦੇ ਇੱਕ ਸਮਾਗਮ ਵਿੱਚ ਬੋਲਦਿਆਂ ਕਿਹਾ ਸੀ, "ਇੰਡਸਟਰੀਅਲ ਰਿਲੇਸ਼ਨ ਬਿੱਲ ਦਾ ਖਰੜਾ ਜਿਸ ਨਾਲ ਕੰਪਨੀਆਂ ਨੂੰ ਮਜ਼ਦੂਰਾਂ ਦੀ ਛਾਂਟੀ ਕਰਨੀ ਸੌਖੀ ਹੋ ਜਾਵੇਗੀ, ਕੇਂਦਰੀ ਮੰਤਰੀ ਮੰਡਲ ਕੋਲ ਵਿਚਾਰ ਕਰਨ ਲਈ ਭੇਜਿਆ ਗਿਆ ਹੈ, ਜਿਸ ਅਨੁਸਾਰ 300 ਮਜ਼ਦੂਰਾਂ ਤੱਕ ਦੀ ਗਿਣਤੀ ਵਾਲੀਆਂ ਕੰਪਨੀਆਂ ਵਿੱਚ ਮਜ਼ਦੂਰਾਂ ਦੀ ਛਾਂਟੀ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੋਵੇਗੀ। ਲੇਬਰ ਮੰਤਰੀ ਨੇ ਇਹ ਵੀ ਦੱਸਿਆ ਸੀ ਕਿ ਲੇਬਰ ਕੋਡ-ਵੇਜਜ਼-2019 ਅਨੁਸਾਰ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਉਜਰਤਾਂ ਨਿਸ਼ਚਤ ਕਰਨ ਦੀ ਵਿਵਸਥਾ ਵੀ ਹੋਵੇਗੀ, ਜੋ ਸਾਰੇ ਖੇਤਰਾਂ ਸਮੇਤ ਸੂਬਾ ਪੱਧਰ ਤੱਕ ਲਾਗੂ ਹੋਵੇਗੀ। ਇੱਥੇ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਜ਼ਰੂਰੀ ਹੈ ਕਿ ਵੱਡੇ ਵਪਾਰਕ ਘਰਾਣਿਆਂ ਨੇ ਵੀ ਇਨ੍ਹਾਂ ਲੇਬਰ ਕਾਨੂੰਨਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਲੈ ਕੇ ਇੱਕ ਵੱਡਾ ਸੁਧਾਰ ਕਿਹਾ ਹੈ। ਇਕ ਅੰਗਰੇਜ਼ੀ ਅਖ਼ਬਾਰ ਦੇ 24.11.2025 ਦੇ ਅੰਕ ਵਿੱਚ ਆਪਣੀ ਸੰਪਾਦਕੀ ਵਿੱਚ ਕਿਹਾ ਹੈ ਕਿ ਇਨ੍ਹਾਂ ਲੇਬਰ ਕੋਡਾਂ ਦਾ ਪੱਖ ਜੋ ਮਾਲਕਾਂ ਨੂੰ ਕਾਮਿਆਂ ਦੀ ਨਿਯੁਕਤੀ ਅਤੇ ਛਾਂਟੀ ਸੰਬੰਧੀ ਨਵੀਂ ਵਿਵਸਥਾ ਆਰੰਭ ਕਰਦਾ ਹੈ, ਟਰੇਡ ਯੂਨੀਅਨਜ਼ਾਂ ਲਈ ਵਧੇਰੇ ਚਿੰਤਾ ਅਤੇ ਵਿਰੋਧਤਾ ਦਾ ਮੁੱਖ ਕੇਂਦਰੀ ਬਿੰਦੂ ਹੈ। ਇਸ ਸੰਪਾਦਕੀ ਵਿੱਚ ਟਿੱਪਣੀ ਕੀਤੀ ਗਈ ਹੈ ਕਿ ਆਦਰਸ਼ਾਂ ਵਾਲੇ ਸੰਸਾਰ ਵਿੱਚ ਤਰਕ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਕਦਮ ਸਰਮਾਏਦਾਰ ਪੱਖੀ ਅਤੇ ਮਜ਼ਦੂਰ ਵਿਰੋਧੀ ਹਨ। ਕੁਝ ਉਪਰ ਦੱਸੀਆਂ ਅਤੇ ਪਿਛਲੇ ਦਿਨੀਂ ਪ੍ਰੈੱਸ ਵਿੱਚ ਆਈਆਂ ਅਜਿਹੀਆਂ ਖ਼ਬਰਾਂ ਅਤੇ ਟਿੱਪਣੀਆਂ ਤੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਇਹ ਲੇਬਰ ਕੋਡ ਮਜ਼ਦੂਰ ਹਿੱਤਾਂ ਦੇ ਪੱਖ ਵਿੱਚ ਨਹੀਂ ਹਨ। ਜਦੋਂ ਉੱਪਰ ਦੱਸੇ ਸਨਅਤੀ ਸੰਬੰਧਾਂ ਵਾਲੇ ਕੋਡ ਅਧੀਨ 300 ਮਜ਼ਦੂਰਾਂ ਤੱਕ ਦੀ ਗਿਣਤੀ ਵਾਲੇ ਅਦਾਰੇ ਦੇ ਮਾਲਕਾਂ ਵੱਲੋਂ ਕਿਸੇ ਵੀ ਮੁਲਾਜ਼ਮ/ਮਜ਼ਦੂਰ ਦੀ ਛਾਂਟੀ ਕੀਤੇ ਜਾ ਸਕਣ ਦੀ ਵਿਵਸਥਾ ਬਣ ਗਈ ਹੈ ਤਾਂ ਇਸ ਵਿਵਸਥਾ ਨੇ ਹੀ ਮਜ਼ਦੂਰਾਂ ਕੋਲੋਂ ਆਪਣੀਆਂ ਮੰਗਾਂ ਦੀ ਗੱਲ ਕਰਨ, ਯੂਨੀਅਨ ਬਣਾਉਣ ਜਾਂ ਮਜਬੂਰੀ ਦੀ ਅਵਸਥਾ ਵਿੱਚ ਆਪਣੇ ਟਰੇਡ ਯੂਨੀਅਨ ਹੱਕਾਂ ਅਨੁਸਾਰ ਜਨਤਕ ਸੰਘਰਸ਼ ਜਾਂ ਹੜਤਾਲ ਕਰ ਸਕਣ ਅਤੇ ਦੁਵੱਲੀ ਗੱਲਬਾਤ ਰਾਹੀਂ ਘੱਟੋ-ਘੱਟ ਉਜਰਤਾਂ ਜਾਂ ਹੋਰ ਮੰਗਾਂ ਮਨਵਾਉਣ ਸੰਬੰਧੀ ਗੱਲ ਕੀਤੇ ਜਾਣ ਅਤੇ ਸੇਵਾ ਸੁਰੱਖਿਅਤਾ ਆਦਿ ਦੇ ਸਾਰੇ ਹੱਕ ਹੀ ਖ਼ਤਮ ਹੋ ਜਾਂਦੇ ਹਨ। ਇਸੇ ਤਰ੍ਹਾਂ ਘੱਟੋ-ਘੱਟ ਉਜਰਤ ਨਿਰਧਾਰਤ ਕਰਨ ਸੰਬੰਧੀ ਵੀ ਮਜ਼ਦੂਰ ਜਥੇਬੰਦੀਆਂ ਨਾਲ ਗੱਲ ਕਰਨ ਦੀ ਕੋਈ ਵਿਵਸਥਾ ਨਹੀਂ ਰੱਖੀ ਗਈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਭਾਰਤ ਦੇ ਪ੍ਰਸਿੱਧ ਅੰਗਰੇਜ਼ੀ ਰਸਾਲੇ "ਫਰੰਟ ਲਾਈਨ 29.8.2019" ਅਨੁਸਾਰ ਕੇਂਦਰੀ ਸਰਕਾਰ ਦੇ ਲੇਬਰ ਐਂਡ ਇੰਪਲਾਇਮੈਂਟ ਮੰਤਰਾਲੇ ਵੱਲੋਂ ਜਨਵਰੀ 2018 ਵਿੱਚ ਘੱਟੋ-ਘੱਟ ਉਜਰਤਾਂ ਨਿਰਧਾਰਤ ਕਰਨ ਲਈ ਬਣਾਈ ਗਈ ਮਾਹਰਾਂ ਦੀ ਇਕ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਦੀ ਰਿਪੋਰਟ ਫਰਵਰੀ-2019 ਵਿੱਚ ਜਨਤਕ ਕੀਤੀ ਗਈ, ਜਿਨ੍ਹਾਂ ਵਿੱਚ ਘੱਟੋ-ਘੱਟ ਉਜਰਤ ਨਿਰਧਾਰਤ ਕਰਨ ਸੰਬੰਧੀ 1957 ਵਾਲੀ ਤਿੰਨ ਧਿਰੀ ਲੇਬਰ ਕਾਨਫਰੰਸ ਦੇ ਫੈਸਲਿਆਂ ਤੋਂ ਪਰੇ ਜਾ ਕੇ ਇਕ ਕਾਮੇ ਲਈ ਰੋਜ਼ 2700 ਕੈਲੋਰੀਆਂ ਪ੍ਰਦਾਨ ਕਰ ਸਕਣ ਵਾਲੀ ਖੁਰਾਕ ਤੋਂ ਘਟਾ ਕੇ 2400 ਕੈਲੋਰੀਆਂ ਪ੍ਰਦਾਨ ਕਰਨ ਵਾਲੀ ਖੁਰਾਕ ਨੂੰ ਅਧਾਰ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ। ਇੱਥੇ ਇਹ ਸਾਂਝਾ ਕਰਨਾ ਜ਼ਰੂਰੀ ਹੈ ਕਿ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਨਿਸਚਤ ਕਰਨ ਲਈ 1957 ਦੀ ਲੇਬਰ ਕਾਨਫਰੰਸ ਦਾ ਫੈਸਲਾ ਸਰਕਾਰ-ਟਰੇਡ ਯੂਨੀਅਨ ਅਤੇ ਮਾਲਕਾਂ ਦੀ ਸਹਿਮਤੀ ਨਾਲ ਹੋਇਆ ਸੀ ਅਤੇ ਪ੍ਰੈਸ ਦੀਆਂ ਰਿਪੋਰਟਾਂ ਅਨੁਸਾਰ 1992 ਵਿੱਚ ਇਕ ਫੈਸਲੇ ਵਿੱਚ ਮਾਨਯੋਗ ਭਾਰਤੀ ਸੁਪਰੀਮ ਕੋਰਟ ਨੇ ਵੀ ਇਸ ਦਾ ਸਮਰਥਨ ਕੀਤਾ ਸੀ। ਸੱਚਾਈ ਇਹ ਵੀ ਹੈ ਕਿ ਦੇਸ਼ ਦੇ ਬਹੁਤੀ ਅਦਾਰਿਆਂ ਵਿੱਚ 15ਵੀਂ ਲੇਬਰ ਕਾਨਫਰੰਸ ਦੀਆਂ ਸਿਫ਼ਾਰਸ਼ਾਂ ਪੂਰੀ ਤਰ੍ਹਾਂ ਲਾਗੂ ਨਹੀਂ ਸਨ ਕੀਤੀਆਂ ਗਈਆਂ, ਪ੍ਰੰਤੂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਵੇਜ ਕੋਡ ਵਿੱਚ ਵੀ ਇਸ ਸੰਬੰਧੀ ਕੋਈ ਜ਼ਿਕਰ ਤੱਕ ਨਹੀਂ ਹੈ। ਇਸ ਤੋਂ ਬਿਨਾਂ ਕੇਂਦਰੀ ਮੰਤਰਾਲੇ ਵੱਲੋਂ 2018 ਵਿੱਚ ਉੱਪਰ ਦੱਸੀ ਗਈ ਬਣਾਈ ਗਈ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਤੋਂ ਵੀ ਸੰਕੇਤ ਕਿ 1957 ਵਾਲੀਆਂ ਤਿੰਨ ਧਿਰੀ ਲੇਬਰ ਕਾਨਫਰੰਸ ਦੀਆਂ ਸਿਫ਼ਾਰਸ਼ਾਂ ਵੀ ਸੁਰੱਖਿਅਤ ਨਹੀਂ ਹੋਣਗੀਆਂ।

ਅੰਤ ਵਿੱਚ ਇਹ ਵੀ ਸਾਂਝਾ ਕੀਤਾ ਜਾਂਦਾ ਹੈ ਕਿ ਜਦੋਂ ਸਾਲ 2015 ਵਿੱਚ ਇਹ ਲੇਬਰ ਕੋਡ ਲਿਆਉਣ ਦੀਆਂ ਗੱਲਾਂ ਆਰੰਭ ਹੋਈਆਂ ਸਨ ਤਾਂ ਦੇਸ਼ ਭਰ ਦੀਆਂ ਪ੍ਰਮੁੱਖ ਟਰੇਡ ਯੂਨੀਅਨਾਂ ਨੇ ਤਿੰਨ ਧਿਰੀ ਲੇਬਰ ਕਾਨਫਰੰਸ ਬੁਲਾ ਕੇ ਗੱਲਬਾਤ ਕਰਨ ਦੀ ਅਪੀਲ ਕੀਤੀ ਸੀ, ਪਰ ਜਦੋਂ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਸਤੰਬਰ 2015 ਵਿੱਚ ਟਰੇਡ ਯੂਨੀਅਨ ਕਦੇ ਸਾਂਝੇ ਪਲੇਟਫਾਰਮ ਦੀ ਅਗਵਾਈ ਵਿੱਚ ਦੇਸ਼-ਵਿਆਪੀ ਰੋਸ ਹੜਤਾਲ ਕੀਤੀ ਸੀ, ਜਿਸ ਵਿੱਚ ਕਰੋੜਾਂ ਮਜ਼ਦੂਰਾਂ, ਮੁਲਾਜ਼ਮਾਂ ਨੇ ਸ਼ਾਮਲ ਹੋ ਕੇ ਆਪਣੇ ਸੰਵਿਧਾਨਕ ਹੱਕਾਂ ਦੀ ਮੰਗ ਕੀਤੀ ਸੀ, ਪਰ ਦੁੱਖ ਨਾਲ ਲਿਖਣਾ ਪੈਂਦਾ ਹੈ ਕਿ ਲੇਬਰ ਕੋਡ ਲਾਗੂ ਕਰਦੇ ਸਮੇਂ ਮਜ਼ਦੂਰਾਂ ਦੇ ਹਿਤਾਂ ਅਤੇ ਸਵੈਮਾਣ ਦੀਆਂ ਗੱਲਾਂ ਕਰਨ ਵਾਲੀ ਸਰਕਾਰ ਨੇ ਟਰੇਡ ਯੂਨੀਅਨ ਨਾਲ ਗੱਲ ਕਰਨ ਦੀ ਲੋੜ ਤੱਕ ਨਹੀਂ ਸਮਝੀ। ਅੱਜ ਵੀ ਪ੍ਰੈੱਸ ਦੇ ਸੰਜੀਦਾ ਹਿੱਸਿਆਂ ਨੇ ਆਪਣੀਆਂ ਟਿੱਪਣੀਆਂ ਵਿੱਚ ਤਿੰਨ ਧਿਰੀ ਲੇਬਰ ਕਾਨਫਰੰਸ ਬਣਾਉਣ ਦੇ ਸੁਝਾਅ ਰੱਖੇ ਹਨ। ਇਸ ਦੇ ਨਾਲ ਹੀ ਕੇਂਦਰੀ ਕਿਰਤ ਮੰਤਰੀ ਅਤੇ ਕਾਰਪੋਰੇਟਾਂ ਦੀ ਉੱਪਰ ਦੱਸੀ ਜਥੇਬੰਦੀ ਦੇ ਪ੍ਰਧਾਨ ਨੇ ਕਿਹਾ ਹੈ ਕਿ ਇਹ ਲੇਬਰ ਕੋਡ ਲਾਗੂ ਹੋਣ ਨਾਲ ਭਾਰਤ ਤੇਜ਼ੀ ਨਾਲ ਆਤਮ ਨਿਰਭਰ ਅਤੇ ਵਿਕਸਤ ਦੇਸ਼ ਬਣਨ ਵੱਲ ਵਧੇਗਾ। ਇਸ ਸੰਬੰਧੀ ਬਣਿਆ ਇਹ ਸਵੇਗ ਜਾਰੀ ਰਹਿਣਾ ਚਾਹੀਦਾ ਹੈ, ਪ੍ਰੰਤੂ ਇਸ ਸੰਬੰਧੀ ਮਨ ਵਿੱਚ ਇਕ ਵਿਚਾਰ ਆਉਂਦਾ ਹੈ ਕਿ ਕਿਰਤੀ-ਮਜ਼ਦੂਰ ਜਮਾਤ ਦੇ ਜਮਹੂਰੀ, ਸੰਵਿਧਾਨਕ ਅਤੇ ਮਨੁੱਖੀ ਹੱਕਾਂ ਨੂੰ ਗੰਭੀਰ ਖੋਰੇ ਲਾ ਕੇ ਸਾਡਾ ਭਾਰਤ ਕਿਹੋ ਜਿਹਾ ਵਿਕਸਤ ਅਤੇ ਆਤਮ ਨਿਰਭਰ ਦੇਸ਼ ਬਣੇਗਾ? ਸਾਡੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਕਿਰਤੀ ਵਰਗ ਜੋ ਦੇਸ਼ ਦੇ ਵੱਖ-ਵੱਖ ਉਤਪਾਦਨ ਖੇਤਰਾਂ ਦੀ ਰੀੜ੍ਹ ਦੀ ਹੱਡੀ ਹਨ, ਨਾਲ ਸਮੁੱਚੇ ਰੂਪ ਵਿੱਚ ਮਿਲ ਕੇ ਹੀ ਭਾਰਤ ਦੇਸ਼ ਬਣਦਾ ਹੈ। ਇਨ੍ਹਾਂ ਦਾ ਵਿਕਾਸ ਹੀ ਭਾਰਤ ਦੇ ਸਮੂਹਕ ਵਿਕਾਸ ਦਾ ਅਧਾਰ ਬਣ ਸਕੇਗਾ, ਕੇਵਲ ਚੰਦ ਕਾਰਪੋਰੇਟ-ਘਰਾਣਿਆਂ ਅਤੇ ਬਹੁਕੌਮੀ ਕੰਪਨੀਆਂ ਦੇ ਵਿਕਾਸ ਨਾਲ ਨਹੀਂ।

# ਸੰਪਰਕ : 94177-51888

# ਜੀਵਨ ਕਾ ਏਕ ਔਰ ਸੁਨਹਿਰਾ ਸਾਲ ਗਿਆ...



ਮੁਹੰਮਦ ਅੱਬਾਸ ਧਾਲੀਵਾਲ

ਉਰਦੂ ਦੇ ਇੱਕ ਸ਼ਾਇਰ ਨੇ ਕਿੰਨੇ ਸੋਹਣੇ ਸ਼ਬਦਾਂ ਵਿੱਚ ਆਖਿਆ ਹੈ :

*ਏਕ ਸਾਲ ਗਯਾ ਇੱਕ ਸਾਲ ਨਯਾ ਹੈ ਆਨੇ ਕੋ।*
*ਪਰ ਵਕਤ ਕਾ ਅਬ ਭੀ ਹੋਸ਼ ਨਹੀਂ ਦੀਵਾਨੇ ਕੋ॥*
*ਜਦੋਂ ਕਿ ਇੱਕ ਹੋਰ ਸ਼ਾਇਰ ਦਾ ਆਖਣਾ ਹੈ :-*
*ਕੁੱਛ ਖ਼ੁਸ਼ੀਆਂ ਕੁੱਛ ਆਂਸੂ ਦੇ ਕਰ ਟਾਲ ਗਿਆ।*
*ਜੀਵਨ ਕਾ ਏਕ ਔਰ ਸੁਨਹਿਰਾ ਸਾਲ ਗਿਆ।*

ਗੱਲ ਜੇਕਰ ਸਾਲ 2025 ਦੀ ਕਰੀਏ ਤਾਂ ਬਿਨਾਂ ਸ਼ੱਕ ਇਹ ਸਾਲ ਬੀਤੇ ਵਰ੍ਹਿਆਂ ਵਾਂਗੂ ਇਤਿਹਾਸ ਦੀ ਕੁੱਖ ਵਿੱਚ ਸਮਾ ਗਿਆ ਹੈ ਅਤੇ ਨਾਲ ਹੀ ਇਹ ਸਾਲ ਇਤਿਹਾਸ ਦੇ ਉਹਨਾਂ ਸਾਲਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਸ ਨੇ ਦੁਨੀਆ ਭਰ ਨੂੰ ਇਹ ਅਹਿਸਾਸ ਕਰਵਾਇਆ ਕਿ ਤਰੱਕੀ ਦਾ ਰਸਤਾ ਕਦੇ ਵੀ ਸਿੱਧਾ ਨਹੀਂ ਹੁੰਦਾ। ਇਹ ਸਾਲ ਜਿੱਥੇ ਰਾਜਨੀਤਕ ਉਥਲ-ਪੁਥਲ ਦਾ ਰਿਹਾ, ਉੱਥੇ ਇਸ ਦੌਰਾਨ ਆਰਥਿਕ ਦਬਾਅ (ਭਾਵ ਟਰੰਪ ਦਾ ਟੈਰਿਫ ਵਿਵਾਦ), ਤਕਨਾਲੋਜੀਕ ਕ੍ਰਾਂਤੀ (ਅਰਥਾਤ ਗਰੋਕ /ਡੀਪਸੀਕ ਆਰਟੀਫਿਸ਼ਲ ਇੰਟੈਲੀਜੈਂਸ), ਸਮਾਜਿਕ ਚੇਤਨਾ ਅਤੇ ਮਾਹੌਲ ਭਾਵ ਵਾਤਾਵਰਣਵਿਦ ਚੁਣੌਤੀਆਂ ਦਾ ਮਿਲਿਆ-ਜੁਲਿਆ ਚਿੱਤਰ ਪੇਸ਼ ਕਰ ਗਿਆ ਹੈ।

ਗੱਲ ਜੇਕਰ 2025 'ਚ ਰਾਜਨੀਤੀ ਲੋਕਤੰਤਰ ਦੀ ਕਰੀਏ ਤਾਂ ਇਹ ਇੱਕ ਤਰ੍ਹਾਂ ਨਾਲ ਪਰਖ ਦਾ ਸਾਲ ਰਿਹਾ। ਜਿਵੇਂ ਕਿ ਅਸੀਂ ਵੇਖਿਆ ਕਿ 2025 ਵਿੱਚ ਦੁਨੀਆ ਦੇ ਕਈ ਦੇਸ਼ਾਂ ਵਿੱਚ ਲੋਕਤੰਤਰਕ ਮੁੱਲਾਂ ਦੀ ਸਖ਼ਤ ਪਰਖ ਹੋਈ। ਕਿਤੇ ਸਰਕਾਰਾਂ ਬਦਲੀਆਂ, ਕਿਤੇ ਸੱਤਾ ਅਤੇ ਵਿਰੋਧ ਵਿਚਕਾਰ ਟਕਰਾਅ ਵਧਿਆ। ਭਾਰਤ ਵਿੱਚ ਵੀ ਰਾਜਨੀਤਕ ਮਾਹੌਲ ਕਾਫ਼ੀ ਗਰਮ ਰਿਹਾ। ਮਹਿੰਗਾਈ, ਬੇਰੁਜ਼ਗਾਰੀ, ਕਿਸਾਨੀ ਸੰਕਟ, ਸੰਵਿਧਾਨਕ ਮੁੱਲਾਂ ਦੀ ਰੱਖਿਆ ਅਤੇ ਸਮਾਜਿਕ ਨਿਆਂ ਵਰਗੇ ਮੁੱਦੇ ਚਰਚਾ ਦੇ ਕੇਂਦਰ ਵਿੱਚ ਰਹੇ। ਸੱਤਾ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਤਿੱਖੀ ਬਿਆਨਬਾਜ਼ੀ ਨੇ ਲੋਕਤੰਤਰਕ ਸੰਵਾਦ ਨੂੰ ਕਈ ਵਾਰ ਕਮਜ਼ੋਰ ਕੀਤਾ, ਪਰ ਨਾਲ ਹੀ ਲੋਕਾਂ ਦੀ ਰਾਜਨੀਤਕ ਸੂਝ-ਬੂਝ ਅਤੇ ਸੁਚੇਤਤਾ ਵਿੱਚ ਵੀ ਵਾਧਾ ਹੋਇਆ।

ਗੱਲ ਜੇ ਬੀਤੇ ਵਰ੍ਹੇ 'ਚ ਅਰਥ ਵਿਵਸਥਾ ਦੀ ਕਰੀਏ ਤਾਂ ਸਾਲ 2025 ਵਿੱਚ ਵਿਸ਼ਵ ਅਰਥ-ਵਿਵਸਥਾ ਨੇ ਸੁਧਾਰ ਅਤੇ ਸੰਘਰਸ਼ ਦੋਹਾਂ ਦੇ ਦਰਸ਼ਨ ਕਰਵਾਏ। ਤਕਨਾਲੋਜੀ, ਡਿਜੀਟਲ ਮਾਰਕੀਟ ਅਤੇ ਸਟਾਰਟਅੱਪਸ ਨੇ ਨਵੇਂ ਆਰਥਿਕ ਮੌਕੇ ਪੈਦਾ ਕੀਤੇ, ਪਰ ਮਹਿੰਗਾਈ, ਟੈਕਸਾਂ ਦਾ ਬੋਝ ਅਤੇ ਆਮਦਨ ਦੀ ਅਸਮਾਨਤਾ ਨੇ ਆਮ ਆਦਮੀ ਦੀ ਜ਼ਿੰਦਗੀ ਨੂੰ ਮੁਸ਼ਕਿਲ ਬਣਾਇਆ। ਭਾਰਤ ਵਿੱਚ ਸਵੈ-ਰੁਜ਼ਗਾਰ, ਡਿਜੀਟਲ ਭੁਗਤਾਨ ਪ੍ਰਣਾਲੀ ਅਤੇ ਨਵੀਨਤਾ ਨੂੰ ਪ੍ਰੋਤਸਾਹਨ ਮਿਲਿਆ, ਪਰ ਗ੍ਰਾਮੀਣ ਅਰਥ ਵਿਵਸਥਾ ਅਤੇ ਮੱਧ ਵਰਗ 'ਤੇ ਵਧਦਾ ਦਬਾਅ ਇੱਕ ਵੱਡੀ ਚਿੰਤਾ ਬਣਿਆ ਰਿਹਾ।

ਹੁਣ ਗੱਲ ਤਕਨਾਲੋਜੀ ਦੀ ਕਰਦੇ ਹਾਂ ਤਾਂ ਇਸ ਸੰਦਰਭ ਵਿੱਚ ਬੀਤੇ ਵਰ੍ਹੇ ਦੌਰਾਨ ਕ੍ਰਾਂਤੀਕਾਰੀ ਤਬਦੀਲੀਆਂ ਵੇਖਣ ਨੂੰ ਮਿਲੀਆਂ 2025 ਤਕਨਾਲੋਜੀ ਦੇ ਖੇਤਰ ਵਿੱਚ ਇਕ ਮੀਲ ਦਾ ਪੱਥਰ ਸਾਬਤ ਹੋਇਆ। ਕ੍ਰਿਤ੍ਰਿਮ ਬੁੱਧੀ (AI), ਆਟੋਮੇਸ਼ਨ, ਡਾਟਾ ਵਿਗਿਆਨ ਅਤੇ ਡਿਜਿਟਲ ਸੇਵਾਵਾਂ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਇਆ। ਸਿੱਖਿਆ, ਸਿਹਤ ਅਤੇ ਪ੍ਰਸ਼ਾਸਨ ਵਿੱਚ ਤਕਨਾਲੋਜੀ ਦੀ ਵਰਤੋਂ ਵਧੀ।

ਪਰ ਕਹਿੰਦੇ ਜਿਸ ਕਿਸੇ ਚੀਜ਼ ਦੇ ਬਹੁਤ ਲਾਭ ਹੁੰਦੇ ਹਨ ਤਾਂ ਉਸ ਦੇ ਨੁਕਸਾਨ ਵੀ ਹੁੰਦੇ ਹਨ। ਏ ਆਈ ਤਕਨਾਲੋਜੀ ਦੇ ਆਉਣ ਨਾਲ ਰੁਜ਼ਗਾਰ ਘਟਣ, ਨਿੱਜੀ ਡਾਟਾ ਦੀ ਸੁਰੱਖਿਆ ਅਤੇ ਮਨੁੱਖੀ ਸੰਵੇਦਨਾ ਦੇ ਹ੍ਰਾਸ ਬਾਰੇ ਚਿੰਤਾ ਵੀ ਵਧੀ ਹੈ ਅਤੇ 2025 ਨੇ ਇਹ ਸਵਾਲ ਪੈਦਾ ਕਰ ਦਿੱਤਾ ਹੈ ਕਿ ਤਕਨਾਲੋਜੀ ਮਨੁੱਖ ਦੀ ਸੇਵਕ ਰਹੇਗੀ ਜਾਂ ਮਾਲਕ ਬਣ ਜਾਏਗੀ ?

ਗੱਲ ਜੇਕਰ ਸਮਾਜਿਕ ਜੀਵਨ ਦੀ ਕਰੀਏ ਤਾਂ ਸਮਾਜਿਕ ਤੌਰ 'ਤੇ 2025 ਚੇਤਨਾ ਦਾ ਸਾਲ ਰਿਹਾ। ਨੌਜਵਾਨਾਂ ਨੇ ਬੇਰੁਜ਼ਗਾਰੀ, ਸਿੱਖਿਆ ਅਤੇ ਭਵਿੱਖ ਦੀ ਅਨਿਸ਼ਚਿਤਤਾ ਖ਼ਿਲਾਫ਼ ਆਪਣੀ ਆਵਾਜ਼ ਉਠਾਈ। ਔਰਤਾਂ ਦੇ ਅਧਿਕਾਰ, ਦਲਿਤ ਅਤੇ ਘੱਟ ਗਿਣਤੀ ਮੁੱਦੇ ਅਤੇ ਸਮਾਜਿਕ ਬਰਾਬਰੀ ਲਈ ਅੰਦੋਲਨ ਹੋਰ ਮਜ਼ਬੂਤ ਹੋਏ। ਸੋਸ਼ਲ ਮੀਡੀਆ ਨੇ ਲੋਕਾਂ ਨੂੰ ਆਵਾਜ਼ ਤਾਂ ਦਿੱਤੀ, ਪਰ ਨਾਲ ਹੀ ਅਫ਼ਵਾਹਾਂ, ਨਫ਼ਰਤ ਅਤੇ ਧਰੁਵੀਕਰਨ ਨੂੰ ਵੀ ਜਨਮ ਦਿੱਤਾ।

ਇਸ ਤੋਂ ਇਲਾਵਾ ਗੱਲ ਜੇਕਰ ਸਾਹਿਤ, ਕਲਾ ਅਤੇ ਮੀਡੀਆ ਦੀ ਕਰੀਏ ਤਾਂ 2025 ਵਿੱਚ ਸਾਹਿਤ ਅਤੇ ਕਲਾ ਨੇ ਸਮਾਜ ਦੇ ਜ਼ਖ਼ਮਾਂ ਨੂੰ ਸ਼ਬਦ ਦਿੱਤੇ। ਕਵਿਤਾ, ਕਹਾਣੀ, ਗ਼ਜ਼ਲ ਅਤੇ ਨਾਟਕਾਂ ਵਿੱਚ ਸਮੇਂ ਦੀ ਸਚਾਈ ਨਜ਼ਰ ਆਈ। ਮੀਡੀਆ ਦੀ ਭੂਮਿਕਾ 'ਤੇ ਵੀ ਸਵਾਲ ਉੱਠੇ। ਕਿਤੇ ਇਹ ਸੱਤਾ ਦਾ ਪ੍ਰਚਾਰਕ ਬਣਿਆ, ਤਾਂ ਕਿਤੇ ਸੱਚ ਦੀ ਆਵਾਜ਼ ਬਣ ਕੇ ਖੜ੍ਹਾ ਦਿਸਿਆ।

ਗੱਲ ਜੇਕਰ ਵਾਤਾਵਰਣ ਦੀ ਕਰੀਏ ਤਾਂ ਨਿਰਸੰਦੇਹ ਬੀਤਿਆ ਸਾਲ ਮਨੁੱਖਤਾ ਲਈ ਇੱਕ ਪ੍ਰਕਾਰ ਦੀ ਚੇਤਾਵਨੀ ਦੇ ਗਿਆ। ਮੌਸਮੀ ਤਬਦੀਲੀ 2025 ਦੀ ਸਭ ਤੋਂ ਗੰਭੀਰ ਚੁਣੌਤੀ ਰਹੀ। ਬੇਮੌਸਮੀ ਮੀਂਹ, ਅਤਿ ਗਰਮੀ, ਹੜ੍ਹਾਂ ਅਤੇ ਸੁੱਕਿਆਂ ਨੇ ਦੱਸ ਦਿੱਤਾ ਕਿ ਕੁਦਰਤ ਨਾਲ ਖੇਡਣਾ ਕਿੰਨਾ ਖ਼ਤਰਨਾਕ ਹੈ। ਪਰਿਆਵਰਨ ਸੰਰੱਖਣ, ਨਵੀਕਰਣਯੋਗ ਊਰਜਾ ਅਤੇ ਟਿਕਾਊ ਵਿਕਾਸ ਦੀ ਲੋੜ ਬਾਰੇ ਜਾਗਰੂਕਤਾ ਵਧੀ, ਪਰ ਅਮਲ ਅਜੇ ਵੀ ਅਧੂਰਾ ਦਿਸਿਆ।

ਕੁਲ ਮਿਲਾ ਕੇ ਸਾਲ 2025 ਸਿਰਫ਼ ਇਕ ਕੈਲੰਡਰ ਦਾ ਸਾਲ ਨਹੀਂ, ਸਗੋਂ ਮਨੁੱਖੀ ਸੋਚ ਲਈ ਇੱਕ ਦਰਪਣ ਸੀ। ਇਸ ਨੇ ਸਾਨੂੰ ਦੱਸਿਆ ਕਿ ਤਰੱਕੀ ਬਿਨਾਂ ਇਨਸਾਫ਼ ਦੇ ਅਧੂਰੀ ਹੈ, ਤਕਨਾਲੋਜੀ ਬਿਨਾਂ ਸੰਵੇਦਨਾ ਦੇ ਖ਼ਤਰਨਾਕ ਹੈ ਅਤੇ ਵਿਕਾਸ ਬਿਨਾਂ ਪਰਿਆਵਰਨ ਦੇ ਅਸੰਭਵ ਹੈ। 2025 ਦਾ ਲੇਖਾ-ਜੋਖਾ ਸਾਨੂੰ ਇਹ ਸਿੱਖਿਆ ਦੇ ਕੇ ਜਾਂਦਾ ਹੈ ਕਿ ਜੇ ਅਸੀਂ ਸੰਵਿਧਾਨਕ ਮੁੱਲਾਂ, ਮਨੁੱਖੀ ਗੌਰਵ ਅਤੇ ਆਪਸੀ ਸਹਿਯੋਗ ਨੂੰ ਅਧਾਰ ਬਣਾਈਏ ਤਾਂ ਆਉਣ ਵਾਲੇ ਸਾਲ ਮਨੁੱਖਤਾ ਲਈ ਹੋਰ ਰੌਸ਼ਨ ਹੋ ਸਕਦੇ ਹਨ।

# ਸੰਪਰਕ : 98552-59650

# ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰੋ



ਨਰਿੰਦਰ ਸਿੰਘ

ਪਲਾਸਟਿਕ ਦੀ ਵਰਤੋਂ ਪੂਰੀ ਦੁਨੀਆ ਵਿੱਚ ਹੁੰਦੀ ਹੈ। ਇਸੇ ਕਾਰਨ ਇਸ ਦਾ ਉਤਪਾਦਨ ਲਗਾਤਾਰ ਵਧ ਰਿਹਾ ਹੈ। ਪੂਰੀ ਦੁਨੀਆ ਵਿਚ ਤਕਰੀਬਨ 1.5 ਬਿਲੀਅਨ ਪਲਾਸਟਿਕ ਦੀਆਂ ਬੋਤਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਲਾਸਟਿਕ ਦੀਆਂ ਬੋਤਲਾਂ ਦੇ ਨਾਲ-ਨਾਲ ਹੋਰ ਪਲਾਸਟਿਕ ਪਦਾਰਥਾਂ ਦੀ ਜਨਸੰਖਿਆ ਦੇ ਮਾਧਿਅਮ ਦੇ ਆਧਾਰ 'ਤੇ ਵੱਡੀ ਮਾਤਰਾ ਵਿੱਚ ਖਪਤ ਹੁੰਦੀ ਹੈ, ਜਿਸ ਕਾਰਨ ਦਿਨੋ-ਦਿਨ ਕੂੜੇ-ਕਰਕਟ ਦੀ ਪੈਦਾਵਾਰ ਵਧ ਰਹੀ ਹੈ। ਪਲਾਸਟਿਕ ਕੂੜਾ ਨਾ ਸਿਰਫ਼ ਧਰਤੀ, ਸਮੁੰਦਰਾਂ ਅਤੇ ਨਦੀਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਸਾਡੇ ਭੋਜਨ ਅਤੇ ਪਾਣੀ ਵਿੱਚ ਵੀ ਰਲ ਰਿਹਾ ਹੈ। ਪਲਾਸਟਿਕ ਕੂੜਾ ਹੌਲੀ-ਹੌਲੀ ਛੋਟੇ ਕਣਾਂ ਵਿੱਚ ਟੁੱਟ ਜਾਂਦਾ ਹੈ ਅਤੇ ਮਾਈਕ੍ਰੋ ਪਲਾਸਟਿਕ ਵਿੱਚ ਬਦਲ ਜਾਂਦਾ ਹੈ। ਇਹ ਮਾਈਕ੍ਰੋ ਪਲਾਸਟਿਕ ਹੁਣ ਸਾਡੇ ਪਾਣੀ, ਭੋਜਨ ਅਤੇ ਇੱਥੋਂ ਤੱਕ ਕਿ ਹੁਣ ਹਵਾ ਵਿੱਚ ਵੀ ਰਲ ਗਏ ਹਨ, ਜੋ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਰਹੇ ਹਨ। ਇਹ ਧਰਤੀ 'ਤੇ ਰਹਿ ਰਹੇ ਬਾਕੀ ਜੀਵ-ਜੰਤੂਆਂ ਲਈ ਵੀ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਕਈ ਵਾਰ ਪਸ਼ੂ ਕੂੜੇ-ਕਰਕਟ ਤੇ ਪਲਾਸਟਿਕ ਦੀਆਂ ਥੈਲੀਆਂ ਅਤੇ ਭੋਜਨ ਪਦਾਰਥਾਂ ਦੇ ਰੈਪਰ ਨਿਗਲ ਲੈਂਦੇ ਹਨ, ਜੋ ਇਨ੍ਹਾਂ ਦੀ ਸਾਹ ਪ੍ਰਣਾਲੀ ਵਿੱਚ ਘੁਟਣ ਮਹਿਸੂਸ ਕਰਦੇ ਹਨ ਜਾਂ ਮਿਹਦੇ ਵਿੱਚ ਇਕ ਪਰਤ ਬਣਾ ਲੈਂਦੇ ਹਨ ਤੇ ਅੰਤ ਮੌਤ ਦਾ ਕਾਰਨ ਬਣਦੇ ਹਨ। ਲਾਪਰਵਾਹੀ ਵਿੱਚ ਅਸੀਂ ਭੋਜਨ ਪਦਾਰਥਾਂ ਦੇ ਰੈਪਰ, ਖਾਲੀ ਪੈਕਟ, ਲਿਫ਼ਾਫ਼ੇ ਸੜਕਾਂ, ਪਾਰਕਾਂ ਜਾਂ ਪਿਕਨਿਕ ਸਥਾਨਾਂ 'ਤੇ ਇਧਰ-ਉਧਰ ਸੁੱਟ ਦਿੰਦੇ ਹਾਂ, ਜੋ ਗੰਦਗੀ ਫੈਲਾਉਂਦੇ ਹਨ ਤੇ ਨਾਲ-ਨਾਲ ਗਲੀਆਂ-ਨਾਲੀਆਂ ਵਿੱਚ ਪਾਣੀ ਦੇ ਨਿਕਾਸ ਵਿੱਚ ਰੁਕਾਵਟ ਪਾਉਂਦੇ ਹਨ। ਮੀਂਹ ਦੇ ਮੌਸਮ ਵਿੱਚ ਤਾਂ ਇਹ ਪੋਲੀਥੀਨ ਦੇ ਲਿਫ਼ਾਫ਼ੇ ਪਾਣੀ ਖੜ੍ਹਾ ਹੋਣ ਦਾ ਕਾਰਨ ਬਣਦੇ ਹਨ। ਉਸੇ ਪਾਣੀ 'ਤੇ ਮੱਛਰ ਪੈਦਾ ਹੁੰਦਾ ਹੈ ਤੇ ਫਿਰ ਡੇਂਗੂ ਮਲੇਰੀਆ ਆਪਣਾ ਰੰਗ ਵਿਖਾਉਂਦਾ ਹੈ ਤੇ ਕਈਆਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ, ਜਦਕਿ ਹਰ ਬਜ਼ਾਰੀ ਚੀਜ਼ ਅਤੇ ਖਾਣ-ਪੀਣ ਦਾ ਸਾਮਾਨ ਪੋਲੀਥੀਨ ਦੇ ਲਿਫ਼ਾਫ਼ੇ ਵਿੱਚ ਖ਼ਪਤਕਾਰ ਨੂੰ ਵੇਚਿਆ ਜਾਂਦਾ ਹੈ। ਪਲਾਸਟਿਕ ਦੇ ਥੈਲਿਆਂ ਦੀ ਵਰਤੋਂ ਦੇ ਨਾਲ ਆਲੇ-ਦੁਆਲੇ ਕੂੜੇ ਕਰਕਟ ਦੇ ਢੇਰ ਲੱਗ ਜਾਂਦੇ ਹਨ। ਹਰ ਥਾਂ ਹਰ ਕੋਨੇ ਤੋਂ ਕੂੜੇ ਦੇ ਹਰ ਕਚਰੇ ਵਿੱਚ ਪਲਾਸਟਿਕ ਹੀ ਪਲਾਸਟਿਕ ਨਜ਼ਰ ਆਉਣ ਲੱਗਦਾ ਹੈ। ਇਸ ਨੂੰ ਖ਼ਤਮ ਕਰਨ ਦੀ ਸਮੱਸਿਆ ਹਰ ਦਿਨ ਭਿਆਨਕ ਹੁੰਦੀ ਜਾ ਰਹੀ ਹੈ, ਕਿਉਂਕਿ ਇਹ ਨਾ ਤਾਂ ਜ਼ਮੀਨ ਵਿੱਚ ਗਲਦਾ ਹੈ ਅਤੇ ਨਾ ਹੀ ਪਾਣੀ ਵਿੱਚ ਸੜ ਕੇ ਖ਼ਤਮ ਹੁੰਦਾ ਹੈ। ਜ਼ਮੀਨ ਵਿੱਚ ਮਿਲ ਕੇ ਇਹ ਜ਼ਮੀਨ ਦੀ ਪੈਦਾਵਾਰ ਸ਼ਕਤੀ ਨੂੰ ਘੱਟ ਕਰ ਦਿੰਦਾ ਹੈ ਅਤੇ ਉਸ ਨੂੰ ਬੰਜਰ ਬਣਾ ਦਿੰਦਾ ਹੈ। ਏਨੇ ਵੱਡੇ ਪਲਾਸਟਿਕ ਦੇ ਕੂੜੇ ਨੂੰ ਸਾੜ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ, ਪਰ ਇਨ੍ਹਾਂ ਲਿਫ਼ਾਫ਼ਿਆਂ ਨੂੰ ਅੱਗ ਲਗਾਉਣ ਕਾਰਨ ਪੈਦਾ ਹੋਇਆ ਜ਼ਹਿਰੀਲਾ ਧੂੰਆਂ ਹਵਾ ਪ੍ਰਦੂਸ਼ਨ ਦਾ ਕਾਰਨ ਬਣਦਾ ਹੈ, ਜੋ ਖ਼ਾਸ ਕਰਕੇ ਬੱਚਿਆਂ ਤੇ ਬਜ਼ੁਰਗਾਂ 'ਚ ਜ਼ੁਕਾਮ, ਖ਼ਾਸੀ, ਸਾਹ ਦੀਆਂ ਬਿਮਾਰੀਆਂ, ਚਮੜੀ ਦੇ ਰੋਗ, ਸਿਰਦਰਦ ਅਤੇ ਅੱਖਾਂ ਦੀ ਐਲਰਜ਼ੀ ਵਰਗੀਆਂ ਹੋਰ ਕਈ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਮਨੁੱਖੀ ਸਰੀਰ ਦਾ ਹਰ ਅੰਗ, ਮਾਸਪੇਸ਼ੀਆਂ, ਖ਼ੂਨ, ਦਿਲ, ਕਿਡਨੀ, ਫੇਫੜੇ, ਅੰਤੜੀਆਂ ਤੇ ਹੱਡੀਆਂ ਦੀ ਮਿੱਝ ਤੱਕ ਵਿੱਚ ਇਹ ਮੌਜੂਦ ਹੈ। ਹੁਣ ਤੱਕ ਵਿਗਿਆਨੀ ਇਹ ਮੰਨਦੇ ਰਹੇ ਹਨ ਕਿ ਸਾਡੇ ਸਰੀਰ ਅੰਦਰ ਦਿਮਾਗ ਅਜਿਹਾ ਅੰਗ ਹੈ, ਜਿਸ ਨੂੰ ਹਾਨੀਕਾਰਕ ਰਸਾਇਣ,ਵਾਇਰਸ ਬੈਕਟੀਰੀਆ ਤੇ ਹੋਰ ਪਦਾਰਥ ਸੁਖਾਲਿਆਂ ਪ੍ਰਭਾਵਤ ਨਹੀਂ ਕਰ ਸਕਦੇ, ਪਰ ਪਲਾਸਟਿਕ ਦੀ ਮਾਰ ਤੋਂ ਇਹ ਵੀ ਨਹੀਂ ਬਚ ਸਕਿਆ। ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਵਿਗਿਆਨੀ ਮੈਥਿਊ ਕੈਂਪੇਨ ਦੀ ਅਗਵਾਈ ਵਿੱਚ ਵਿਗਿਆਨੀਆਂ ਦੀ ਇਕ ਟੀਮ ਨੇ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਦੇ ਪਰਚੇ ਵਿੱਚ ਇਕ ਅਧਿਐਨ ਰਿਪੋਰਟ ਛਾਪੀ ਹੈ। ਵਿਗਿਆਨੀਆਂ ਦੀ ਇਸ ਰਿਪੋਰਟ ਦਾ ਮਕਸਦ ਮਨੁੱਖੀ ਸਰੀਰ ਤੇ ਪਲਾਸਟਿਕ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ ਸੀ। ਇਸ ਟੀਮ ਨੇ ਵੱਖ-ਵੱਖ ਹਸਪਤਾਲਾਂ ਵਿੱਚ ਜਾ ਕੇ 91 ਮਨੁੱਖੀ ਲਾਸ਼ਾਂ ਦੀ ਪੜਤਾਲ ਕੀਤੀ ਸੀ। ਇਨ੍ਹਾਂ ਸਾਰੀਆਂ ਲਾਸ਼ਾਂ ਵਿੱਚ ਸਰੀਰ ਦੇ ਕਿਸੇ ਵੀ ਅੰਗ ਜਿਵੇਂ ਮਿਹਦਾ, ਫੇਫੜੇ ਤੇ ਕਿਡਨੀ ਆਦਿ ਨਾਲੋਂ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ 10 ਤੋਂ 20 ਗੁਣਾਂ ਵੱਧ ਸੀ। ਸਾਲ 2016 ਵਿੱਚ ਮਰੇ ਵਿਅਕਤੀਆਂ ਦੇ ਦਿਮਾਗ ਨਾਲੋਂ ਸਾਲ 2024 ਵਿੱਚ ਮਰੇ ਵਿਅਕਤੀਆਂ ਦੇ ਦਿਮਾਗ ਵਿੱਚ ਇਹ 50 ਫ਼ੀਸਦੀ ਵੱਧ ਸੀ। ਅਧਿਐਨ ਅਨੁਸਾਰ ਪਾਗਲ ਜਾਂ ਮਾਨਸਿਕ ਰੋਗੀ ਵਿਅਕਤੀਆਂ ਦੀਆਂ ਲਾਸ਼ਾਂ ਦੇ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ ਆਮ ਵਿਅਕਤੀਆਂ ਨਾਲੋਂ 10 ਗੁਣਾ ਵੱਧ ਸੀ। ਇਸ ਦਾ ਭਾਵ ਹੈ ਕਿ ਸਾਲ ਦਰ ਸਾਲ ਇਹ ਸਮੱਸਿਆ ਹੋਰ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਪਲਾਸਟਿਕ ਕਚਰੇ ਦਾ ਮਸਲਾ ਅੱਜ ਦੇ ਸਮੇਂ ਵਿੱਚ ਗੰਭੀਰ ਸਮੱਸਿਆ ਬਣ ਚੁੱਕਾ ਹੈ। ਇਹ ਭਵਿੱਖੀ ਪੀੜ੍ਹੀਆਂ ਨਾਲ ਜੁੜਿਆ ਹੋਇਆ ਹੈ, ਕਿਉਂਕਿ ਮਾਵਾਂ ਦੇ ਦੁੱਧ ਵੀ ਇਸ ਤੋਂ ਪ੍ਰਭਾਵਿਤ ਹਨ। ਇਸ ਸਮੱਸਿਆ ਪ੍ਰਤੀ ਨਾ ਸਰਕਾਰਾਂ ਗੰਭੀਰ ਹਨ ਅਤੇ ਨਾ ਹੀ ਸਾਡਾ ਸਮਾਜ। ਜੇ ਸਰਕਾਰਾਂ ਦੀ ਮਨਸ਼ਾ ਹੋਵੇ ਤਾਂ ਉਹ ਪਲਾਸਟਿਕ ਬਣਾਉਣ ਵਾਲੇ ਕਾਰਖਾਨਿਆਂ 'ਤੇ ਪਾਬੰਦੀ ਲਾ ਸਕਦੀ ਹੈ, ਪਰ ਕਾਰਪੋਰੇਟ ਦੇ ਦਲਾਲਾਂ ਤੋਂ ਇਹ ਆਸ ਰੱਖਣੀ ਫਜ਼ੂਲ ਹੈ। ਇਸ ਲਈ ਜਨਤਾ ਨੂੰ ਹੀ ਇਹ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਜਨਤਾ ਨੂੰ ਚਾਹੀਦਾ ਹੈ ਕਿ ਜਿੰਨਾ ਵੀ ਸੰਭਵ ਹੋ ਸਕੇ, ਪਲਾਸਟਿਕ ਦੀ ਵਰਤੋਂ ਦੀ ਖ਼ਪਤ ਨੂੰ ਘੱਟ ਕਰ ਦੇਣ। ਪਲਾਸਟਿਕ ਬੈਗਾਂ ਦੀ ਜਗ੍ਹਾ 'ਤੇ ਕਪਾਹ ਜਾਂ ਪਟਸਨ ਦੇ ਬਣੇ ਥੈਲਿਆਂ ਦੀ ਵਰਤੋਂ ਜਨਤਾ ਨੂੰ ਕਰ ਲੈਣੀ ਚਾਹੀਦੀ ਹੈ। ਮੇਰਾ ਥੈਲਾ ਮੇਰੀ ਸ਼ਾਨ ਨਾਅਰਾ ਮਾਰਦੇ ਹੋਏ ਅੱਜ ਤੋਂ ਹੀ ਆਪਣੇ ਘਰ ਤੋਂ ਇਸ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਪੋਲੀਥੀਨ ਦੇ ਨੁਕਸਾਨ ਪ੍ਰਤੀ ਸੁਚੇਤ ਕਰਨਾ ਚਾਹੀਦਾ ਹੈ। ਸਿੰਗਲ ਯੂਜ਼ ਪਲਾਸਟਿਕ ਪਦਾਰਥਾਂ 'ਤੇ ਰੋਕ ਲਗਾਉਣੀ ਚਾਹੀਦੀ ਹੈ। ਪਲਾਸਟਿਕ ਕੂੜਾ-ਕਰਕਟ ਨੂੰ ਦੁਬਾਰਾ ਚੱਕਰਿਤ (Recycle ) ਕਰਨਾ ਚਾਹੀਦਾ ਹੈ। ਇਕ ਜ਼ਿੰਮੇਵਾਰ ਨਾਗਰਿਕ ਵਜੋਂ DR ਸਿਧਾਂਤ ਮਤਲਬ Reduce, Reuse, Recycle, Recover ਨੂੰ ਅਪਣਾਉਣਾ ਚਾਹੀਦਾ ਹੈ, ਜੋ ਵਾਤਾਵਰਨ ਪੱਖੀ ਹੈ। ਪਲਾਸਟਿਕ ਦੇ ਬਰਤਨ ਤੇ ਹੋਰ ਸਾਮਾਨ ਖਰੀਦਣ ਤੋਂ ਤੌਬਾ ਕੀਤੀ ਜਾਵੇ। ਇਸ ਨਾਲ ਖ਼ਤਮ ਹੋ ਚੁੱਕੀ ਜੂਟ ਦੀ ਇੰਡਸਟਰੀ ਨੂੰ ਹੁਲਾਰਾ ਮਿਲੇਗਾ ਤੇ ਰੁਜ਼ਗਾਰ ਵੀ ਉਪਲੱਬਧ ਹੋਵੇਗਾ।

ਪਲਾਸਟਿਕ ਵਿਰੋਧੀ ਲੜਾਈ ਨੂੰ ਜਨ ਅੰਦੋਲਨ ਬਣਾਉਣ ਦੀ ਲੋੜ ਹੈ। ਇਸ ਨਾਲ ਪਲਾਸਟਿਕ ਦੇ ਕਾਰਖ਼ਾਨੇ ਆਪਣੇ-ਆਪ ਬੰਦ ਹੋ ਜਾਣਗੇ। ਇਕ ਅੰਦਾਜ਼ੇ ਅਨੁਸਾਰ ਸਾਲ 2040 ਤੱਕ ਪਲਾਸਟਿਕ ਪ੍ਰਦੂਸ਼ਨ ਮੌਜੂਦਾ ਪੱਧਰ ਤੋਂ ਲੱਗਭੱਗ ਦੁੱਗਣਾ ਹੋ ਜਾਵੇਗਾ। ਹਰ ਸਾਲ ਸਮੁੰਦਰਾਂ ਵਿੱਚ ਜਾਣ ਵਾਲੇ ਪਲਾਸਟਿਕ ਕੂੜੇ ਦੀ ਮਾਤਰਾ 23 ਤੋਂ 37 ਮਿਲੀਅਨ ਟਨ ਹੋਵੇਗੀ। ਸਰਕਾਰ ਨੂੰ ਪਲਾਸਟਿਕ ਦੇ ਉਤਪਾਦਨ ਨਾਲ ਸੰਬੰਧਤ ਸਨਅਤਕਾਰਾਂ ਨੂੰ ਕਿਸੇ ਕਿਸਮ ਦੇ ਬਦਲ ਮੁਹੱਈਆ ਬਾਰੇ ਸੋਚਣਾ ਚਾਹੀਦਾ ਹੈ, ਕਿਉਂਕਿ ਸੈਂਕੜੇ ਕਰੋੜਾਂ ਰੁਪਏ ਦੇ ਇਸ ਕਾਰੋਬਾਰ 'ਚ ਕਰੋੜਾਂ ਲੋਕਾਂ ਦਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੁਜ਼ਗਾਰ ਵੀ ਜੁੜਿਆ ਹੋਇਆ ਹੈ। ਇਸ ਬਦਲ ਦੀ ਭਾਲ ਜਿੰਨੀ ਛੇਤੀ ਕੀਤੀ ਜਾਵੇ, ਓਨਾ ਹੀ ਦੇਸ਼, ਸਮਾਜ ਅਤ ਸਮੁੱਚੇ ਵਾਤਾਵਰਨ ਦੇ ਪੱਖਾਂ 'ਚ ਬਿਹਤਰ ਹੋਵੇਗਾ।

# ਸੰਪਰਕ : 98146-62260

# 17 ਮੋਬਾਇਲ, 4 ਮੋਟਰਸਾਈਕਲ, ਸਕੂਟਰੀ ਤੇ ਖਿਡੌਣਾ ਪਿਸਟਲ ਸਮੇਤ 5 ਕਾਬੂ



**ਲੁਧਿਆਣਾ (ਰੈਕਟਰ ਕਥੂਰੀਆ)**

ਸਵਪਨ ਸ਼ਰਮਾ ਕਮਿਸ਼ਨਰ ਪੁਲਸ ਲੁਧਿਆਣਾ ਅਤੇ ਰੁਪਿੰਦਰ ਸਿੰਘ ਡਿਪਟੀ ਕਮਿਸ਼ਨਰ ਪੁਲਸ, ਸਿਟੀ ਲੁਧਿਆਣਾ ਦੇ ਦਿਸ਼ਾ ਨਿਰਦੇਸ਼ ਹੇਠ ਲੁੱਟਾਂ ਖੋਹਾਂ ਕਰਨ ਵਾਲਿਆਂ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਲੁਧਿਆਣਾ ਵੱਲੋਂ ਲੁੱਟ-ਖੋਹ ਕਰਨ ਵਾਲੇ ਗਰੋਹ ਤੋਂ 17 ਮੋਬਾਇਲ, 4 ਮੋਟਰਸਾਈਕਲ, 1 ਬਿਨਾਂ ਨੰਬਰੀ ਟੀ.ਵੀ.ਐਸ ਜੁਪਿਟਰ ਸਕੂਟਰੀ ਬਿਨਾਂ ਨੰਬਰੀ, ਖਿਡੌਣਾ ਪਿਸਟਲ ਸਮੇਤ 5 ਦੋਸ਼ੀ ਕਾਬੂ ਕੀਤੇ ਗਏ। ਸਮੀਰ ਵਰਮਾ ਵਧੀਕ ਡਿਪਟੀ ਕਮਿਸ਼ਨਰ ਪੁਲਸ ਜ਼ੋਨ-1 ਲੁਧਿਆਣਾ ਅਤੇ ਕਿੱਕਰ ਸਿੰਘ ਸਹਾਇਕ ਕਮਿਸ਼ਨਰ ਪੁਲਸ ਉੱਤਰੀ ਲੁਧਿਆਣਾ ਨੇ ਦੱਸਿਆ ਕਿ ਇੰਸਪੈਕਟਰ ਹਰਸ਼ਵੀਰ ਸਿੰਘ ਮੁੱਖ ਅਫਸਰ ਥਾਣਾ ਸਲੇਮ ਟਾਬਰੀ ਲੁਧਿਆਣਾ ਦੀ ਅਗਵਾਈ ਹੇਠ ਸ.ਥ: ਜਿੰਦਰ ਲਾਲ ਇੰਚਾਰਜ ਚੌਕੀ ਐਲਡੀਕੋ ਅਤੇ ਸ.ਥ: ਹਰਮੇਸ਼ ਲਾਲ ਪੁਲਸ ਪਾਰਟੀ ਸਮੇਤ ਮੌਕੇ ਕੱਟ ਭੱਟੀਆਂ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਜਸਵੀਰ ਉਰਫ ਸ਼ੀਰਾ ਪੁੱਤਰ ਲੇਟ ਰਾਮ ਲੁਭਾਇਆ, ਸੋਮਨਾਥ ਉਰਫ ਬੱਬੂ ਪੁੱਤਰ ਰੇਸ਼ਮ ਲਾਲ, ਮਨਪ੍ਰੀਤ ਸਿੰਘ ਉਰਫ ਮਣਕੀ ਪੁੱਤਰ ਬਨਾਰਸੀ ਦਾਸ ਅਤੇ ਪ੍ਰਿਥਵੀ ਰਾਜ ਉਰਫ ਪ੍ਰਿਥੀ ਪੁੱਤਰ ਜੈਲਾ ਸਿੰਘ ਵਾਸੀਆਨ ਲੁਧਿਆਣਾ ਖਿਡੌਣਾ ਪਿਸਤੌਲ ਅਤੇ ਦਾਤ ਦੀ ਨੋਕ 'ਤੇ ਲੁੱਟਾਂ ਖੋਹਾਂ ਕਰਦੇ ਹਨ, ਜੋ ਮੋਬਾਇਲ ਖੋਹ ਕੀਤੇ ਹਨ ਉਹ ਪ੍ਰਿਥਵੀ ਰਾਜ ਉਰਫ ਪ੍ਰਿਥੀ ਨੂੰ ਵੇਚਦੇ ਹਨ। ਜਿਸ 'ਤੇ ਸ.ਥ: ਜਿੰਦਰ ਲਾਲ ਇੰਚਾਰਜ ਚੌਕੀ ਐਲਡੀਕੋ ਅਤੇ ਸ.ਥ: ਹਰਮੇਸ਼ ਲਾਲ ਵੱਲੋਂ ਥਾਣਾ ਸਲੇਮ ਟਾਬਰੀ ਲੁਧਿਆਣਾ ਵਿੱਚ ਮੁਕੱਦਮਾ ਦਰਜ ਰਜਿਸਟਰ ਕਰਕੇ 5 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੋਸ਼ੀਆਂ ਪਾਸੋਂ 17 ਵੱਖ-ਵੱਖ ਮਾਰਕਿਆਂ ਦੇ ਟੱਚ ਸਕਰੀਨ ਮੋਬਾਇਲ, 4 ਬਿਨਾਂ ਨੰਬਰੀ ਹੀਰੋ ਸਪਲੈਂਡਰ ਮੋਟਰਸਾਈਕਲ, 1 ਬਿਨਾਂ ਨੰਬਰੀ ਟੀ.ਵੀ.ਐਸ ਜੁਪਿਟਰ ਸਕੂਟਰੀ ਬਿਨਾਂ ਨੰਬਰੀ, 1 ਖਿਡੌਣਾ ਪਿਸਟਲ ਅਤੇ 2 ਦਾਤ ਬਰਾਮਦ ਕੀਤੇ ਗਏ ਹਨ।

ਗ੍ਰਿਫਤਾਰ ਕੀਤੇ ਦੋਸ਼ੀਆਂ ਵਿੱਚ ਜਸਵੀਰ ਉਰਫ ਸ਼ੀਰਾ, ਸੋਮ ਨਾਥ ਉਰਫ ਬੱਬੂ, ਮਨਪ੍ਰੀਤ ਸਿੰਘ ਉਰਫ ਮਣਕੀ, ਪ੍ਰਿਥਵੀ ਰਾਜ ਉਰਫ ਪ੍ਰਿਥੀ ਅਤੇ ਜੈ ਪ੍ਰਕਾਸ਼ ਮਿਸ਼ਰਾ ਸ਼ਾਮਲ ਹਨ, ਜਿਨ੍ਹਾਂ ਨੇ ਖੋਹ ਕੀਤੇ ਮੋਬਾਇਲ ਪ੍ਰਿਥਵੀ ਰਾਜ ਉਰਫ ਪ੍ਰਿਥੀ ਮੋਬਾਇਲ ਦੁਕਾਨਦਾਰ ਨੂੰ ਵੇਚਣ ਦੀ ਗੱਲ ਕਬੂਲੀ ਹੈ। ਦੋਸ਼ੀ ਜਸਵੀਰ ਉਰਫ ਸ਼ੀਰਾ ਦੇ ਖਿਲਾਫ ਪਹਿਲਾਂ ਤਿੰਨ ਮੁਕੱਦਮੇ, ਦੋਸ਼ੀ ਸੋਮਨਾਥ ਉਰਫ ਬੱਬੂ ਖਿਲਾਫ ਇਕ ਮੁਕੱਦਮਾ ਅਤੇ ਜੈ ਪ੍ਰਕਾਸ਼ ਮਿਸ਼ਰਾ ਦੇ ਖਿਲਾਫ ਚਾਰ ਮੁਕੱਦਮੇ ਦਰਜ ਹਨ।

# ਕੈਂਟਰ ਨਾਲ ਵਾਪਰੇ ਸੜਕ ਹਾਦਸੇ 'ਚ ਇੱਕ ਵਿਅਕਤੀ ਦੀ ਮੌਤ



**ਜਲਾਲਾਬਾਦ (ਜੀਤ ਕੁਮਾਰ)**

ਪਿੰਡ ਬਾਹਮਣੀਵਾਲਾ ਵਿਖੇ ਕੈਂਟਰ ਵਿਚਾਲੇ ਵਾਪਰੇ ਭਿਆਨਕ ਸੜਕ ਹਾਦਸੇ ਵਿੱਚ ਪੈਦਲ ਜਾ ਰਹੇ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚਰਨਜੀਤ ਸਿੰਘ ਉਰਫ ਚੰਨੂ (35) ਪੁੱਤਰ ਬਸੰਤ ਸਿੰਘ ਵਾਸੀ ਬਾਹਮਣੀਵਾਲਾ (ਕੱਕਰੀ ਵਾਲੀ ਢਾਣੀ) ਆਪਣੀ ਪਤਨੀ ਕੈਲਾਸ਼ ਰਾਣੀ ਦੇ ਨਾਲ ਪਿੰਡ ਬਾਹਮਣੀਵਾਲਾ ਵਿਖੇ ਅੱਡੇ 'ਤੇ ਸੌਦਾ ਵਗੈਰਾ ਲੈਣ ਲਈ ਦੇਰ ਸ਼ਾਮ ਨੂੰ ਆਏ ਸੀ। ਇਸ ਦੌਰਾਨ ਚਰਨਜੀਤ ਸਿੰਘ ਉਰਫ ਚੰਨੂ ਜੋ ਸੜਕ ਦੀ ਇਕ ਸਾਇਡ 'ਤੇ ਖੜਾ ਸੀ ਤਾਂ ਤੇਜ਼ ਰਫ਼ਤਾਰ ਵਿੱਚ ਆ ਰਹੇ ਕੈਂਟਰ (ਨੰਬਰ ਪੀ.ਬੀ05 ਏ.ਪੀ. 9727) ਦੇ ਚਾਲਕ ਨੇ ਤੇਜ਼ ਰਫ਼ਤਾਰ ਵਿੱਚ ਉਸ ਵਿੱਚ ਮਾਰ ਦਿੱਤਾ, ਇਸ ਦੌਰਾਨ ਵਾਪਰੇ ਹਾਦਸੇ ਵਿੱਚ ਚਰਨਜੀਤ ਸਿੰਘ ਉਰਫ ਚੰਨੂ ਕੈਂਟਰ ਦੇ ਥੱਲੇ ਆ ਗਿਆ ਅਤੇ ਉਸਦੀ ਮੌਕੇ 'ਤੇ ਮੌਤ ਹੋ ਗਈ। ਵਾਪਰੇ ਹਾਦਸੇ ਦੇ ਦੌਰਾਨ ਕੈਂਟਰ ਚਾਲਕ ਤੇ ਮਾਲਕ ਦੋਵੇਂ ਜਣੇ ਘਟਨਾ ਸਥਾਨ ਤੋਂ ਕੈਂਟਰ ਛੱਡ ਕੇ ਫਰਾਰ ਹੋ ਗਏ।

ਇਹ ਹਾਦਸਾ ਸੋਮਵਾਰ ਨੂੰ ਦੇਰ ਸ਼ਾਮ ਕਰੀਬ 7 ਵਜੇ ਵਾਪਰਿਆ ਹੈ। ਏਨੇ ਨੂੰ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਤੇ ਇਸ ਹਾਦਸੇ ਦੀ ਸੂਚਨਾ ਥਾਣਾ ਵੈਰੋਕੇ ਦੀ ਪੁਲਸ ਨੂੰ ਦੇ ਦਿੱਤੀ ਗਈ ਹੈ। ਮ੍ਰਿਤਕ ਚਰਨਜਤ ਸਿੰਘ ਉਰਫ ਚੰਨੂ ਦੀ ਲਾਸ਼ ਤੇ ਕੈਂਟਰ ਨੂੰ ਪੁਲਿਸ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਮ੍ਰਿਤਕ ਦੀ ਪਤਨੀ ਕੈਲਾਸ਼ ਰਾਣੀ ਦੇ ਬਿਆਨਾਂ ਦੇ ਅਧਾਰ 'ਤੇ ਪੁਲਿਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕ ਮਜ਼ਦੂਰ ਪਰਿਵਾਰ ਨਾਲ ਸਬੰਧ ਰੱਖਦਾ ਸੀ ਤੇ ਉਹ ਆਪਣਾ ਪਰਿਵਾਰ ਦਾ ਪਾਲਣ ਪੋਸ਼ਣ ਬੜੀ ਮੁਸ਼ਕਲ ਨਾ ਚਲਾ ਰਿਹਾ ਸੀ, ਉਹ ਆਪਣੇ ਪਿੱਛੇ 3 ਬੱਚੇ, ਜਿਸ ਵਿੱਚ ਇਕ ਲੜਕੀ ਅਤੇ 2 ਲੜਕੇ ਅਤੇ ਪਤਨੀ ਅਤੇ ਇਕ ਬਜ਼ੁਰਗ ਮਾਤਾ ਨੂੰ ਰੋਂਦਾ ਕੁਰਲਾਉਂਦਾ ਛੱਡ ਗਿਆ ਹੈ। ਇਸ ਪਰਵਾਰ ਦਾ ਘਰ ਨੂੰ ਚਲਾਉਣ ਵਾਲਾ ਮੁਖੀਆ ਇਸ ਦੁਨੀਆ ਤੋਂ ਚਲੇ ਜਾਣ 'ਤੇ ਪਿੰਡ ਵਾਸੀਆਂ ਨੇ ਵੀ ਹਮਦਰਦੀ ਕੀਤੀ ਜਾ ਰਹੀ ਹੈ ਕਿ ਇਸ ਪਰਵਾਰ ਨਾਲ ਬਹੁਤ ਮਾੜਾ ਹੋਇਆ ਹੈ।

# ਐੱਸ ਐੱਸ ਪੀ ਨੇ ਸਾਲ 2025 ਦੌਰਾਨ ਜ਼ਿਲ੍ਹਾ ਪੁਲਸ ਦੀਆਂ ਪ੍ਰਾਪਤੀਆਂ ਦੀ ਦਿੱਤੀ ਜਾਣਕਾਰੀ



**ਮੂਣਕ/ਸੰਗਰੂਰ (ਰਾਜਪਾਲ ਸਿੰਗਲਾ)**-ਐਸ.ਐਸ.ਪੀ. ਸੰਗਰੂਰ ਸਰਤਾਜ ਸਿੰਘ ਚਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਸ ਸੰਗਰੂਰ ਨੇ ਸਾਲ 2025 ਦੌਰਾਨ ਮਾੜੇ ਅਨਸਰਾਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਡਰੱਗ ਦੇ 895 ਮੁਕੱਦਮੇ ਦਰਜ ਕਰਕੇ 1313 ਦੋਸ਼ੀ ਕਾਬੂ ਕਰਕੇ 14 ਕਿੱਲੋ 602 ਗ੍ਰਾਮ ਹੈਰੋਇਨ, 6 ਕਿੱਲੋ 607 ਗ੍ਰਾਮ ਅਫ਼ੀਮ, 2039 ਕਿੱਲੋ 780 ਗ੍ਰਾਮ ਭੁੱਕੀ ਚੂਰਾ ਪੋਸਤ, 444 ਗ੍ਰਾਮ ਚਰਸ, 42 ਕਿੱਲੋ 213 ਗ੍ਰਾਮ ਸੁਲਫਾ/ਗਾਂਜਾ, 660 ਗ੍ਰਾਮ ਨਸ਼ੀਲਾ ਪਾਊਡਰ, 48701 ਨਸ਼ੀਲੀਆਂ ਗੋਲੀਆਂ, 95 ਨਸ਼ੀਲੀਆਂ ਸ਼ੀਸ਼ੀਆਂ, 52 ਨਸ਼ੀਲੇ ਟੀਕੇ ਅਤੇ 19,60,710 ਰੁਪਏ ਡਰੱਗ ਮਨੀ ਬਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਐਨ.ਡੀ.ਪੀ.ਐਸ ਐਕਟ ਦੇ 11 ਸਮਗਲਰਾਂ ਦੀ ਕੁੱਲ 4,29,47,026 ਰੁਪਏ ਦੇ ਮੁੱਲ ਦੀ ਪ੍ਰਾਪਰਟੀ ਫਰੀਜ ਕਰਵਾਈ ਗਈ ਅਤੇ 32 ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਤਸਕਰੀ ਕਰਕੇ ਬਣਾਈ ਨਜਾਇਜ਼ ਉਸਾਰੀ ਬੁਲਡੋਜ਼ਰ ਚਲਾ ਕੇ ਢਾਹ ਦਿੱਤੀ ਗਈ। ਐਨ.ਡੀ.ਪੀ.ਐਸ ਐਕਟ ਦੇ 96 ਮੁਕੱਦਮਿਆਂ ਵਿੱਚ 1 ਕਿੱਲੋ 375 ਗ੍ਰਾਮ ਹੈਰੋਇਨ, 388 ਕਿੱਲੋ ਭੁੱਕੀ ਚੂਰਾ ਪੋਸਤ, 32 ਕਿੱਲੋ 755 ਗ੍ਰਾਮ ਗਾਂਜਾ/ਸੁਲਫਾ, 160 ਗ੍ਰਾਮ ਨਸ਼ੀਲਾ ਪਾਊਡਰ, 1000 ਨਸ਼ੀਲੇ ਟੀਕੇ ਅਤੇ 4910 ਨਸ਼ੀਲੀਆਂ ਗੋਲੀਆਂ ਤਲਫ ਕਰਵਾਈਆਂ ਗਈਆਂ। ਐਸ.ਐਸ.ਪੀ. ਨੇ ਦੱਸਿਆ ਕਿ ਨਸ਼ੇ ਦਾ ਸੇਵਨ ਕਰਨ ਵਾਲੇ 2434 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਦਾਖਲ/ਦਵਾਈ ਦਿਵਾਈ ਗਈ। ਨਸ਼ੇ ਦੀ ਰੋਕਥਾਮ ਲਈ 2670 ਜਾਗਰੂਕ ਸੈਮੀਨਾਰ/ਮੀਟਿੰਗਾਂ ਕੀਤੀਆਂ ਗਈਆਂ ਅਤੇ ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ ਦੇ ਬੈਨਰ ਹੇਠ 01 ਐਂਟੀ ਡਰੱਗ ਕੰਪੇਨ ਤੇ ਅਥਲੈਟਿਕਸ ਮੀਟ ਕਰਵਾਈ ਗਈ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖ਼ਿਲਾਫ਼ 407 ਮੁਕੱਦਮੇ ਦਰਜ ਕਰਕੇ 421 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਪਾਸੋਂ 6734.625 ਲੀਟਰ ਸ਼ਰਾਬ ਠੇਕਾ ਦੇਸੀ, 1032 ਲੀਟਰ ਸ਼ਰਾਬ ਨਜਾਇਜ਼, 199.500 ਲੀਟਰ ਸ਼ਰਾਬ ਅੰਗਰੇਜ਼ੀ, 500 ਲੀਟਰ ਸਪਰਿਟ, 5.750 ਲੀਟਰ ਬੀਅਰ ਅਤੇ 12300 ਲੀਟਰ ਲਾਹਣ ਬਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 24 ਮੁਕੱਦਮੇ ਦਰਜ ਕਰਕੇ 35 ਦੋਸ਼ੀ ਗ੍ਰਿਫ਼ਤਾਰ ਕੀਤੇ ਗਏ, ਜਿਨ੍ਹਾਂ ਪਾਸੋਂ 30 ਪਿਸਟਲ/ਰਿਵਾਲਵਰ, 77 ਕਾਰਤੂਸ ਅਤੇ 8 ਮੈਗਜ਼ੀਨ ਬਰਾਮਦ ਕਰਵਾਏ ਗਏ। ਜੂਆ ਐਕਟ ਤਹਿਤ 25 ਮੁਕੱਦਮੇ ਦਰਜ ਕਰਕੇ 50 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 1,50,810 ਰੁਪਏ ਬਰਾਮਦ ਕਰਵਾਏ ਗਏ। ਸਾਲ 2025 ਦੌਰਾਨ 2 ਅੰਨ੍ਹੇ ਕਤਲ ਕੇਸ ਟਰੇਸ ਕੀਤੇ ਗਏ, ਚੋਰੀਸ਼ੁਦਾ 133 ਵਹੀਕਲ ਬਰਾਮਦ ਕਰਵਾਏ ਗਏ। 8635 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ। ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਕੁੱਲ 119 ਭਗੌੜੇ ਗ੍ਰਿਫ਼ਤਾਰ ਕੀਤੇ ਗਏ। ਸਾਈਬਰ ਫਰਾਡ ਦੇ ਸੰਬੰਧ ਵਿੱਚ 1086 ਦਰਖਾਸਤਾਂ ਦਾ ਨਿਪਟਾਰਾ ਕਰਕੇ 1,48,49,200 ਰੁਪਏ ਬਰਾਮਦ ਕਰਵਾਏ ਗਏ। ਆਮ ਪਬਲਿਕ ਦੇ ਵੱਖ-ਵੱਖ ਸਮੇਂ ਪਰ ਗੁੰਮ ਹੋਏ, 580 ਮੋਬਾਇਲ ਫ਼ੋਨ ਟਰੇਸ ਕਰਕੇ ਉਹਨਾਂ ਦੇ ਅਸਲ ਮਾਲਕਾਂ ਦੇ ਹਵਾਲੇ ਕੀਤੇ ਗਏ।ਜ਼ਿਲ੍ਹਾ ਪੁਲਸ ਵਿੱਚ ਤਾਇਨਾਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤੀ ਗਈ ਵਧੀਆ ਕਾਰਗੁਜ਼ਾਰੀ ਦੇ ਸਬੰਧ ਵਿੱਚ ਗਜ਼ਟਿਡ ਅਫਸਰਾਨ ਨੂੰ 121 ਪ੍ਰਸੰਸਾ ਪੱਤਰ, ਅਧਿਕਾਰੀਆਂ/ਕਰਮਚਾਰੀਆਂ ਨੂੰ 198 ਡੀ.ਜੀ.ਪੀ. ਡਿਸਕਾਂ, 01 ਸੀ.ਐਮ ਮੈਡਲ, 09 ਲੋਕਲ ਰੈਂਕ ਅਤੇ 12124 ਪ੍ਰਸੰਸਾ ਪੱਤਰ ਅਤੇ 13,58,000 ਰੁਪਏ ਦੇ ਨਗਦ ਇਨਾਮ ਪ੍ਰਦਾਨ ਕਰਵਾਏ ਗਏ।


## ਕਾਤਰਾਂ

### 6 ਦੇ ਧਰਨੇ ਸੰਬੰਧੀ ਪਿੰਡਾਂ 'ਚ ਮੀਟਿੰਗਾਂ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੁਕਤਸਰ ਸਾਹਿਬ ਦਿਹਾਤੀ ਮਜ਼ਦੂਰ ਸਭਾ ਵੱਲੋਂ ਪਿੰਡ ਪਿੰਡ ਮਜ਼ਦੂਰਾਂ ਦੀਆਂ ਨੁਕੜ ਮੀਟਿੰਗਾਂ ਕਰਕੇ 6 ਜਨਵਰੀ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਡੀਸੀ ਦਫ਼ਤਰ ਵਿਖੇ ਲੱਗਣ ਵਾਲੇ ਧਰਨੇ ਦੀਆਂ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪਿੰਡ-ਪਿੰਡ ਨੁੱਕੜ ਮੀਟਿੰਗਾਂ ਕਰਕੇ ਮਜ਼ਦੂਰਾਂ ਨੂੰ ਧਰਨੇ 'ਚ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ। ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਤਖਤਮ ਲਾਣਾ, ਜ਼ਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਮਦਰੱਸਾ, ਮੀਤ ਪ੍ਰਧਾਨ ਕਰਮ ਸਿੰਘ ਮਦਰੱਸਾ ਤੇ ਸਭਾ ਦੇ ਸੂਬਾ ਆਗੂ ਜਗਜੀਤ ਸਿੰਘ ਜਸਿਆਣਾ ਨੇ ਮੀਟਿੰਗਾਂ ਨੂੰ ਸੰਬੋਧਨ ਕੀਤਾ ਹੈ। ਹੁਣ ਤੱਕ ਇੱਕ ਦਰਜਨ ਦੇ ਕਰੀਬ ਇੱਕ ਦਰਜਨ ਦੇ ਕਰੀਬ ਮੀਟਿੰਗਾਂ ਕਰਾਈਆਂ ਹਨ। ਇਹ ਵੀ ਦੱਸਿਆ ਕਿ ਧਰਨੇ ਤੋਂ ਬਾਅਦ ਮਜ਼ਦੂਰ ਮੰਗਾਂ ਦਾ ਮੰਗ ਪੱਤਰ, ਜਿਸ 'ਚ ਨਰੇਗਾ ਦਾ ਬੰਦ ਕੰਮ ਚਲਾਉਣ ਲਈ ਦੀ ਮੰਗ ਕੀਤੀ ਜਾਵੇਗੀ।

### ਛੀਨੀਵਾਲ ਕਲਾਂ ਦੇ ਨੌਜਵਾਨ ਦੀ ਕੈਨੇਡਾ 'ਚ ਮੌਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਛੀਨੀਵਾਲ ਕਲਾਂ (ਬਰਨਾਲਾ) ਦੇ ਇਕ ਨੌਜਵਾਨ ਦੀ ਕੈਨੇਡਾ 'ਚ ਮੌਤ ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਬਲਤੇਜ ਸਿੰਘ (24) ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਛੀਨੀਵਾਲ ਕਲਾਂ ਜੋ ਕੈਨੇਡਾ ਦੇ ਸਰੀ ਇਲਾਕੇ ਵਿੱਚ ਰਹਿ ਰਿਹਾ ਹੈ, ਜਿੱਥੇ ਉਸ ਦੀ ਬੀਤੇ ਦਿਨੀਂ ਮੌਤ ਹੋ ਗਈ। ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਸਹਾਰਾ ਸੀ। ਜਿੰਨ੍ਹਾ ਨੇ ਸੁਨਹਿਰੇ ਦਿਨਾਂ ਦੀ ਆਸ ਨਾਲ ਬਲਤੇਜ ਨੂੰ ਲੱਖਾਂ ਰੁਪਏ ਕਰਜਾ ਚੁਕ ਕੇ 2023 'ਚ ਸਟੱਡੀ ਵੀਜੇ ਉਪਰ ਕੈਨੇਡਾ ਭੇਜਿਆ ਸੀ। ਮ੍ਰਿਤਕ ਨੌਜਵਾਨ ਦੇ ਪਿਤਾ ਜਗਤਾਰ ਸਿੰਘ ਮਾਤਾ ਪਰਮਿੰਦਰ ਕੌਰ ਨੇ ਭਰੇ ਮਨ ਨਾਲ ਦੱਸਿਆ ਕਿ ਲੰਘੀ 26 ਦਸੰਬਰ ਨੂੰ ਉਨ੍ਹਾਂ ਦੇ ਬੇਟੇ ਨਾਲ ਕੈਨੇਡਾ ਰਹਿੰਦੇ ਦੋਸਤਾਂ ਨੇ ਫੋਨ ਰਾਹੀਂ ਸਾਨੂੰ ਦੱਸਿਆ ਕਿ ਰਾਤ ਨੂੰ ਗੱਲਬਾਤ ਕਰਕੇ ਖਾਣਾ ਖਾ ਕੇ ਸੁੱਤੇ ਬਲਤੇਜ ਨੂੰ ਸਵੇਰੇ ਬੈਡ ਤੋਂ ਉੱਠਣ ਲਈ ਆਵਾਜ਼ਾਂ ਦਿਤੀਆਂ ਪਰ ਉਹ ਨਾ ਉਠਿਆ। ਪੀੜਤ ਮਾਪਿਆਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਇਲਾਵਾ ਸਮੂਹ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਨੌਜਵਾਨ ਦੀ ਲਾਸ਼ ਘਰ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ।

### ਦੁਕਾਨ ਅੱਗੋਂ ਜਨਰੇਟਰ ਚੋਰੀ

**ਬਰੇਟਾ (ਰੀਤਵਾਲ)**-ਬਰੇਟਾ ਦੇ ਮੇਨ ਬਾਜ਼ਾਰ 'ਚ ਸਪੇਅਰ ਪਾਰਟਸ ਦੀ ਦੁਕਾਨ ਅੱਗੋਂ ਜਨਰੇਟਰ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਪੀੜਿਤ ਦੁਕਾਨਦਾਰ ਰਾਜੇਸ਼ ਕੁਮਾਰ ਰਾਜੂ ਨੇ ਦੱਸਿਆ ਕਿ ਸ਼ਨੀਵਾਰ ਦੀ ਰਾਤ ਤਿੰਨ ਮੋਟਰਸਾਈਕਲ ਸਵਾਰ ਸਾਡੀ ਦੁਕਾਨ ਅੱਗੋਂ ਖੜ੍ਹੇ ਜਨਰੇਟਰ ਨੂੰ ਚੋਰੀ ਕਰਕੇ ਰਫੂ ਚੱਕਰ ਹੋ ਗਏ। ਜਿਨ੍ਹਾਂ ਦੀਆਂ ਤਸਵੀਰਾਂ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋ ਗਈਆਂ ਹਨ।ਉਹਨਾਂ ਕਿਹਾ ਕਿ ਇਸ ਸਬੰਧੀ ਅਸੀਂ ਬਰੇਟਾ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ।ਪੀੜਤ ਦੁਕਾਨਦਾਰ ਨੇ ਦੱਸਿਆ ਕਿ ਚੋਰੀ ਹੋਏ ਜਨਰੇਟਰ ਦੀ ਕੀਮਤ ਤੀਹ ਹਜ਼ਾਰ ਰੁਪਏ ਹੈ।

# ਨਰੇਗਾ ਮਜ਼ਦੂਰਾਂ ਵੱਲੋਂ 8 ਨੂੰ ਬਰਨਾਲਾ ਵਿਖੇ ਕੀਤੀ ਜਾਵੇਗੀ ਕਨਵੈਨਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੇਂਦਰ ਸਰਕਾਰ ਵੱਲੋਂ ਨਰੇਗਾ ਨੂੰ ਖ਼ਤਮ ਕਰਨ ਅਤੇ ਨਵਾਂ ਕਾਨੂੰਨ ਵਿਕਸਤ ਭਾਰਤ-ਰੁਜ਼ਗਾਰ ਗਾਰੰਟੀ ਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) ਲਿਆਉਣ ਵਿਰੁੱਧ 8 ਜਨਵਰੀ ਨੂੰ ਬਰਨਾਲਾ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ।ਇਸ ਦੀ ਜਾਣਕਾਰੀ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਅਤੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਦਿੰਦਿਆਂ ਦੱਸਿਆ ਕਿ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਅਤੇ ਹੋਰ ਜਥੇਬੰਦੀਆਂ ਵੱਲੋਂ 'ਮਨਰੇਗਾ ਰੁਜ਼ਗਾਰ ਬਚਾਓ ਸਯੁੰਕਤ ਮੋਰਚਾ' ਦੇ ਬੈਨਰ ਹੇਠ ਸੰਘਰਸ਼ ਵਿੱਢਿਆ ਗਿਆ ਹੈ, ਜਿਸ ਤਹਿਤ ਤਰਕਸ਼ੀਲ ਭਵਨ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ ਤੇ ਇਸ ਕਨਵੈਨਸ਼ਨ ਵਿੱਚ ਹੀ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

ਆਗੂਆਂ ਨੇ ਅੱਗੇ ਮਨਰੇਗਾ ਤਹਿਤ ਜਿੱਥੇ ਸਾਰਾ ਸਾਲ ਮਨਰੇਗਾ ਮਜ਼ਦੂਰਾਂ ਵੱਲੋਂ ਕੰਮ ਦੀ ਮੰਗ ਕੀਤੀ ਜਾ ਸਕਦੀ ਸੀ, ਉੱਥੇ ਨਵੇਂ ਕਾਨੂੰਨ ਵਿੱਚ ਸਾਲ ਵਿੱਚ 60 ਦਿਨ ਲਈ ਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਤੋਂ ਵਾਂਝੇ ਕਰ ਦਿੱਤਾ ਗਿਆ।ਇਸ ਦੇ ਨਾਲ ਹੀ ਨਰੇਗਾ ਵਿੱਚ ਜਿੱਥੇ ਮਜ਼ਦੂਰ ਅੱਠ ਘੰਟੇ ਕੰਮ ਕਰਕੇ ਘੱਟੋ-ਘੱਟ ਉਜਰਤ ਦੇ ਹੱਕਦਾਰ ਸਨ।ਨਵੇਂ ਕਾਨੂੰਨ ਵਿੱਚ ਘੱਟੋ-ਘੱਟ ਉਜਰਤ ਸ਼ਬਦ ਨੂੰ ਹਟਾ ਦਿੱਤਾ ਗਿਆ ਹੈ ਤੇ ਨਰੇਗਾ ਦੇ ਕੰਮ ਦੀ ਦਿਹਾੜੀ 12 ਘੰਟੇ ਤੱਕ ਲੰਬੀ ਜਾ ਸਕਦੀ ਹੈ।ਇਸ ਤੋਂ ਇਲਾਵਾ ਸੂਬਾ ਸਰਕਾਰਾਂ ਵੱਲੋਂ ਨਰੇਗਾ ਵਿੱਚ ਸਿਰਫ 10% ਯੋਗਦਾਨ ਪਾਇਆ ਜਾਣਾ ਹੁੰਦਾ ਸੀ ਤੇ ਨਵੇਂ ਕਾਨੂੰਨ ਵਿੱਚ ਸੂਬਾ ਸਰਕਾਰਾਂ ਤੇ 40% ਫੰਡ ਦਾ ਬੋਝ ਪਾ ਦਿੱਤਾ ਗਿਆ ਹੈ, ਜਿਹੜਾ ਬਹੁਤੀਆਂ ਸਰਕਾਰਾਂ ਚੱਕਣ ਤੋਂ ਕੰਨੀ ਕਤਰਾਉਣਗੀਆਂ ਤੇ ਇਸ ਨਾਲ ਮਜ਼ਦੂਰਾਂ ਦਾ ਨੁਕਸਾਨ ਹੋਵੇਗਾ ਆਗੂਆਂ ਨੇ ਦੱਸਿਆ ਕਿ ਇਸ ਕਨਵੈਂਸ਼ਨ ਦੀ ਤਿਆਰੀ ਤੇ ਨਰੇਗਾ ਮਜ਼ਦੂਰਾਂ ਨੂੰ ਨਵੇਂ ਕਾਨੂੰਨ ਦੀਆਂ ਖਾਮੀਆਂ ਵਿਰੁੱਧ ਲਾਮਬੰਦ ਕਰਨ ਲਈ ਇਕ ਜਨਵਰੀ ਤੋਂ 7 ਜਨਵਰੀ ਤੱਕ ਪੰਜਾਬ ਦੇ ਪਿੰਡਾਂ ਵਿੱਚ ਚੇਤਨਾ ਜੱਥੇ ਤੋਰੇ ਜਾਣਗੇ।

# ਰਾਜਸਥਾਨ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਗਲੋਬਲ ਮੈਡੀਕਲ ਸਿੱਖਿਆ ਤੇ ਕੈਰੀਅਰ ਦੇ ਮਾਰਗਾਂ ਦੀ ਕੀਤੀ ਪੜਚੋਲ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਰਾਜਸਥਾਨ ਫਾਊਂਡੇਸ਼ਨ-ਨਿਊਯਾਰਕ ਚੈਪਟਰ (ਯੂਐਸਏ) ਦੀ ਪ੍ਰਧਾਨ, ਨੈਸ਼ਨਲ ਯੂਐਸ-ਇੰਡੀਆ ਚੈਂਬਰ ਆਫ਼ ਕਾਮਰਸ ਦੀ ਸੰਸਥਾਪਕ ਅਤੇ ਸੀਈਓ ਤੇ ਯੂਐਸ ਸੈਕਟਰੀ ਆਫ਼ ਕਾਮਰਸ ਦੀ ਸਲਾਹਕਾਰ ਡਾ. ਪੂਰਨਿਮਾ ਵੋਰੀਆ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਵਫ਼ਦ ਨੇ ਰਾਜਸਥਾਨ ਦੇ ਮੁੱਖ ਮੰਤਰੀ ਸ਼੍ਰੀ ਭਜਨ ਲਾਲ ਸ਼ਰਮਾ ਨਾਲ ਜੈਪੁਰ ਵਿੱਚ ਮੁਲਾਕਾਤ ਕੀਤੀ ਤਾਂ ਜੁ ਰਾਜਸਥਾਨ ਦੇ ਨੌਜਵਾਨਾਂ ਲਈ ਵਿਸ਼ਵਵਿਆਪੀ ਸਿੱਖਿਆ ਪਹਿਲਕਦਮੀਆਂ ਤੇ ਅੰਤਰਰਾਸ਼ਟਰੀ ਕਰੀਅਰ ਦੇ ਮੌਕਿਆਂ ਬਾਰੇ ਚਰਚਾ ਕੀਤੀ ਜਾ ਸਕੇ।

ਵਫ਼ਦ ਵਿੱਚ ਡਾ. ਸੰਦੀਪ ਸਿੰਘ, ਪ੍ਰਧਾਨ ਡੀਬੀਯੂ ਗਰੁੱਪ ਤੇ ਮੈਂਬਰ ਰਾਜਸਥਾਨ ਫਾਊਂਡੇਸ਼ਨ-ਨਿਊਯਾਰਕ ਚੈਪਟਰ (ਯੂਐਸਏ) ਤੇ ਇੰਜੀਨੀਅਰ ਅਰੁਣ ਮਲਿਕ, ਡਾਇਰੈਕਟਰ ਓਪਰੇਸ਼ਨ, ਡੀਬੀਯੂ ਅਮਰੀਕਾ ਸ਼ਾਮਲ ਸਨ।ਗੱਲਬਾਤ ਅਕਾਦਮਿਕ ਸਹਿਯੋਗ, ਅੰਤਰਰਾਸ਼ਟਰੀ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਲਈ ਖਾਸ ਤੌਰ 'ਤੇ ਮੈਡੀਕਲ ਸਿੱਖਿਆ ਅਤੇ ਸਿਹਤ ਸੰਭਾਲ ਵਿਗਿਆਨ ਦੇ ਖੇਤਰ ਵਿੱਚ ਮਾਰਗਾਂ ਦਾ ਵਿਸਥਾਰ ਕਰਨ 'ਤੇ ਕੇਂਦਰਤ ਸੀ।ਚਰਚਾ ਦੌਰਾਨ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਵਿੱਚ ਸਥਿਤ ਡੀਬੀਯੂ ਅਮਰੀਕਾ ਸਕੂਲ ਆਫ਼ ਮੈਡੀਸਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜੋ ਵਿਸ਼ਵ ਪੱਧਰ 'ਤੇ ਇਕਸਾਰ ਐਮਡੀ (ਡਾਕਟਰ ਆਫ਼ ਮੈਡੀਸਨ) ਪ੍ਰੋਗਰਾਮ ਪੇਸ਼ ਕਰਦਾ ਹੈ।ਇਹ ਪ੍ਰੋਗਰਾਮ ਭਾਰਤੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਡਾਕਟਰੀ ਸਿੱਖਿਆ, ਅੰਗਰੇਜ਼ੀ-ਮਾਧਿਅਮ ਦੀ ਹਦਾਇਤ ਤੇ ਕਲੀਨਿਕਲ ਐਕਸਪੋਜ਼ਰ ਅਤੇ ਗਲੋਬਲ ਮੈਡੀਕਲ ਕਰੀਅਰ ਲਈ ਢਾਂਚਾਗਤ ਮਾਰਗ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।

ਵਫ਼ਦ ਨੇ ਜ਼ੋਰ ਦਿੱਤਾ ਕਿ ਕਿਵੇਂ ਅਜਿਹੇ ਅੰਤਰਰਾਸ਼ਟਰੀ ਮੈਡੀਕਲ ਸਿੱਖਿਆ ਦੇ ਮੌਕੇ ਰਾਜਸਥਾਨ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ, ਵਿਸ਼ਵ ਪੱਧਰ 'ਤੇ ਬੈਂਚਮਾਰਕ ਕੀਤੇ ਪਾਠਕ੍ਰਮ ਅਤੇ ਸਿਹਤ ਸੰਭਾਲ ਵਿੱਚ ਅੰਤਰਰਾਸ਼ਟਰੀ ਕਰੀਅਰ ਦੀਆਂ ਸੰਭਾਵਨਾਵਾਂ ਤੱਕ ਪਹੁੰਚ ਪ੍ਰਦਾਨ ਕਰਕੇ ਲਾਭ ਪੁਚਾ ਸਕਦੇ ਹਨ।ਮੀਟਿੰਗ ਨੇ ਰਾਜਸਥਾਨ ਦੇ ਨੌਜਵਾਨਾਂ ਨੂੰ ਵਿਸ਼ਵ ਪੱਧਰੀ ਸਿੱਖਿਆ ਰਾਹੀਂ, ਖਾਸ ਕਰਕੇ ਦਵਾਈ ਤੇ ਸਿਹਤ ਸੰਭਾਲ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ, ਸਸ਼ਕਤ ਬਣਾਉਣ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਇਆ, ਜਿਸ ਨਾਲ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਯੋਗਦਾਨ ਪਾਉਣ ਲਈ ਭਵਿੱਖ ਲਈ ਤਿਆਰ ਪੇਸ਼ੇਵਰ ਬਣ ਸਕਣ।

# ਲਖਵੀਰ ਧਾਂਦਰਾ ਸਰਬਸੰਮਤੀ ਨਾਲ ਤੀਜੀ ਵਾਰ ਪੰਜਾਬ ਜਰਨਲਿਜ਼ਮ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਜਰਨਲਿਜ਼ਮ ਐਸੋਸੀਏਸ਼ਨ ਦੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸ਼ਾਂਤੀਪੂਰਨ ਤੇ ਸੁਚੱਜੇ ਢੰਗ ਨਾਲ ਸੰਪੰਨ ਹੋਈ।ਸਰਬਸੰਮਤੀ ਨਾਲ ਲਖਵੀਰ ਸਿੰਘ ਧਾਂਦਰਾ ਨੂੰ ਤੀਜੀ ਵਾਰ ਐਸੋਸੀਏਸ਼ਨ ਦਾ ਪ੍ਰਧਾਨ ਚੁਣ ਲਿਆ ਗਿਆ।ਚੋਣ ਮੌਕੇ ਮੌਜੂਦ ਸਾਰੇ ਮੈਂਬਰਾਂ ਨੇ ਲਖਵੀਰ ਸਿੰਘ ਧਾਂਦਰਾ ਦੀ ਪਿਛਲੀ ਕਾਰਗੁਜ਼ਾਰੀ ਤੇ ਪੱਤਰਕਾਰਾਂ ਦੇ ਹਿੱਤਾਂ ਲਈ ਕੀਤੇ ਗਏ ਯਤਨਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਉਨ੍ਹਾਂ 'ਤੇ ਮੁੜ ਭਰੋਸਾ ਪ੍ਰਗਟਾਇਆ।ਨਵੀਂ ਬਣੀ ਟੀਮ ਨੇ ਪੱਤਰਕਾਰ ਭਾਈਚਾਰੇ ਦੀ ਏਕਤਾ ਮਜ਼ਬੂਤ ਕਰਨ, ਹੱਕਾਂ ਦੀ ਰੱਖਿਆ ਕਰਨ ਅਤੇ ਸਮਾਜਕ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਨ ਲਈ ਇਕਜੁਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ।ਪ੍ਰਧਾਨ ਲਖਵੀਰ ਸਿੰਘ ਧਾਂਦਰਾ ਨੇ ਸਭ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਭਵਿੱਖ ਵਿੱਚ ਵੀ ਪੱਤਰਕਾਰਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਉਠਾਉਂਦੇ ਰਹਿਣਗੇ।ਚੋਣਾਂ ਦੌਰਾਨ ਚੁਣੀ ਗਈ ਕਾਰਜਕਾਰੀ ਕਮੇਟੀ ਵਿੱਚ ਸੀਨੀਅਰ ਅਡਵਾਈਜ਼ਰ ਤਰਸੇਮ ਵਰਮਾ, ਅਡਵਾਈਜ਼ਰ ਸੁਖਦੇਵ ਸ਼ਰਮਾ ਤੇ ਸੰਜੀਵ ਗਰਗ, ਸਰਪ੍ਰਸਤ ਤਰਸੇਮ ਸ਼ਰਮਾ ਅਤੇ ਹਰਨੇਕ ਸਿੰਘ ਪੇਧਨੀ, ਕਨਵੀਨਰ ਰਵਿੰਦਰ ਸਿੰਘ ਜੌਲੀ, ਚੇਅਰਮੈਨ ਸੁਖਵਿੰਦਰ ਸਿੰਘ ਪਲਾਹਾ ਤੇ ਮਲਕੀਤ ਸਿੰਘ ਚੰਗਲੀ, ਵਾਈਸ ਚੇਅਰਮੈਨ ਬਰਿੰਦਰ ਕੁਮਾਰ, ਵਾਈਸ ਪ੍ਰਧਾਨ ਵਿਕਾਸ ਵਰਮਾ ਰਾਜਾ, ਜਨਰਲ ਸਕੱਤਰ ਅਸ਼ਵਨੀ ਸਿੰਗਲਾ ਅਤੇ ਨਰੇਸ਼ ਅਤਰੀ, ਖ਼ਜ਼ਾਨਚੀ ਮਹੇਸ਼ ਜਿੰਦਲ, ਸਹਾਇਕ ਖ਼ਜ਼ਾਨਚੀ ਗੁਰਜੋਤ ਸਿੰਘ, ਪ੍ਰੈਸ ਸਕੱਤਰ ਸੁਰਿੰਦਰ ਸਿੰਘ ਤੇ ਰਤਨ ਭੰਡਾਰੀ, ਜਦਕਿ ਅਗਜੈਕਟਿਵ ਮੈਂਬਰ ਵਜੋਂ ਸੋਹਨ ਲਾਲ, ਵਾਸੂ ਗਰਗ ਤੇ ਰਕੇਸ਼ ਕੁਮਾਰ ਨੂੰ ਸ਼ਾਮਲ ਕੀਤਾ ਗਿਆ।

# ਪੰਜਾਬੀ ਹਿੰਦੂ ਗਰੁੱਪ ਨੇ ਭਾਰਤ ਸਰਕਾਰ ਤੇ ਯੂ ਐੱਨ ਨੂੰ ਭੇਜਿਆ ਮੰਗ ਪੱਤਰ



ਗਰੁੱਪ ਦੇ ਨੇਤਾ ਸ਼੍ਰੀ ਰਜਿੰਦਰ ਗੋਇਲ ਨੇ ਦੱਸਿਆ ਕਿ ਬੰਗਲਾਦੇਸ਼ ਦੇ ਮੈਮਨ ਸਿੰਘ ਜ਼ਿਲ੍ਹੇ ਦੇ ਦੁਬਾਲੀਆ ਪਾੜਾ ਵਿੱਚ ਇੱਕ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਨੂੰ ਧਰਮ ਦੇ ਅਪਮਾਨ ਦੇ ਝੂਠੇ ਦੋਸ਼ ਲਾ ਕੇ ਕੱਟੜਪੰਥੀ ਭੀੜ ਵੱਲੋਂ ਦਰੱਖਤ ਨਾਲ ਬੰਨ੍ਹ ਕੇ ਜ਼ਿੰਦਾ ਸਾੜ ਦਿੱਤਾ ਗਿਆ।ਇਸ ਦਿਲ ਕੰਬਾਊ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਨਸਲਕੁਸ਼ੀ ਵਿਰੁੱਧ ਪੰਜਾਬੀ ਹਿੰਦੂ ਗਰੁੱਪ ਨੇ ਸਬ ਡਵੀਜ਼ਨਲ ਮੈਜਿਸਟ੍ਰੇਟ ਰਾਹੀਂ ਭਾਰਤ ਸਰਕਾਰ ਤੇ ਯੂ ਐਨ ਨੂੰ ਮੰਗ ਪੱਤਰ ਭੇਜਿਆ। ਪਿਛਲੇ ਕੁੱਝ ਦਿਨਾਂ ਤੋਂ ਘੱਟ ਗਿਣਤੀ ਹਿੰਦੂਆਂ ਵਿਰੁੱਧ ਹੋ ਰਹੀ ਅੰਨ੍ਹੇਵਾਹ ਹਿੰਸਾ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਪੰਜਾਬੀ ਹਿੰਦੂ ਗਰੁੱਪ ਵੱਲੋਂ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਗਰੁੱਪ ਦੇ ਨੁਮਾਇੰਦਿਆਂ ਨੇ ਪੰਜਾਬੀ ਹਿੰਦੂ ਗਰੁੱਪ ਦੇ ਨੇਤਾ ਸ਼੍ਰੀ ਰਾਜਿੰਦਰ ਗੋਇਲ ਦੀ ਅਗੁਆਈ ਹੇਠ ਬੰਗਲਾਦੇਸ਼ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਕੇ ਸਬ ਡਵੀਜ਼ਨਲ ਮੈਜਿਸਟ੍ਰੇਟ ਰਾਹੀਂ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਦੇ ਨਾਂਅ ਵਿਸ਼ੇਸ਼ ਮੰਗ ਪੱਤਰ ਸੌਂਪਿਆ।ਪੰਜਾਬੀ ਹਿੰਦੂ ਘਟਨਾ ਅਤੇ ਖੁਲਨਾ ਵਿੱਚ ਨੌਜਵਾਨ ਉਤਸਵ ਕੁੰਡੂ 'ਤੇ ਹੋਏ ਕਾਤਲਾਨਾ ਹਮਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਹੋਂਦ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਨ੍ਹਾਂ ਘਟਨਾਵਾਂ ਤੋਂ ਇਲਾਵਾ ਹੋਰ ਵੀ ਸੈਂਕੜੇ ਘਟਨਾਵਾਂ ਅਜਿਹੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਧਾਰਮਿਕ ਭੇਦਭਾਵ ਕਰਕੇ ਬੰਗਲਾਦੇਸ਼ ਵਿੱਚ ਰਹਿੰਦੇ ਘੱਟ ਗਿਣਤੀ ਹਿੰਦੂਆਂ ਨੂੰ ਬੰਗਲਾਦੇਸ਼ ਦੀ ਕੱਟੜਪੰਥੀ ਭੀੜ ਵਲੋਂ ਨਿਸ਼ਾਨਾ ਬਣਾਇਆ ਗਿਆ ਹੈ। ਗਰੁੱਪ ਦੇ ਬੁਲਾਰੇ ਸ਼੍ਰੀ ਰਜਿੰਦਰ ਗੋਇਲ ਨੇ ਕਿਹਾ ਕਿ ਬੰਗਲਾਦੇਸ਼ ਭਾਰਤੀ ਉਪਮਹਾਂਦੀਪ ਦਾ ਇੱਕ ਅਟੁੱਟ ਅੰਗ ਹੈ।ਇਤਿਹਾਸਕ ਤੇ ਸੱਭਿਆਚਾਰਕ ਸਾਂਝ ਹੋਣ ਕਾਰਨ ਭਾਰਤ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉੱਥੋਂ ਦੇ ਹਿੰਦੂਆਂ ਦੀ ਸੁਰੱਖਿਆ ਲਈ ਸਖ਼ਤ ਕੂਟਨੀਤਕ ਕਦਮ ਚੁੱਕ।

### ਮਾਤਾ ਦੇ ਦਰਸ਼ਨ ਕਰਨ ਗਿਆ ਨੌਜਵਾਨ ਸੂਰਜ ਪ੍ਰਕਾਸ਼ ਟੋਨੀ ਲਾਪਤਾ



**ਮਾਨਸਾ (ਆਤਮਾ ਸਿੰਘ ਪਮਾਰ)**-ਵਾਰਡ ਨੰ:10 ਵਿਖੇ ਆਟਾ ਤੇ ਖਲ਼ ਸਰ੍ਹੋਂ ਦੀ ਚੱਕੀ ਚਲਾਉਣ ਵਾਲਾ ਨੌਜਵਾਨ ਸੂਰਜ ਪ੍ਰਕਾਸ਼ ਟੋਨੀ (40) ਪੁੱਤਰ ਸੋਹਣ ਲਾਲ ਦੇ ਲਾਪਤਾ ਹੋਣ ਦੀ ਖ਼ਬਰ ਹੈ।ਉਸ ਦਾ ਪਿਛਲੇ 4 ਦਿਨਾਂ ਤੋਂ ਕੋਈ ਥਹੁ ਪਤਾ ਨਹੀਂ ਲੱਗ ਰਿਹਾ।ਸੂਰਜ ਪ੍ਰਕਾਸ਼ ਟੋਨੀ ਲੰਘੀ 26 ਦਸੰਬਰ ਨੂੰ ਘਰੋਂ ਮਾਤਾ ਸ਼੍ਰੀ ਚਿੰਤਪੁਰਨੀ ਦੇ ਦਰਸ਼ਨ ਕਰਨ ਲਈ ਕਹਿ ਕੇ ਟੈਕਸੀ ਕਰਾ ਕੇ ਗਿਆ ਸੀ, ਪਰ ਉੱਥੇ ਰਾਹ 'ਚ ਉਹ ਗੱਡੀ ਚਾਲਕ ਨਾਲੋਂ ਵਿੱਛੜ ਗਿਆ।

ਟੋਨੀ ਦੀ ਮਾਤਾ ਸ਼ਿਮਲਾ ਦੇਵੀ ਦੇ ਦੱਸਣ ਅਨੁਸਾਰ ਉਸ ਦਾ ਮੋਬਾਇਲ ਨੰਬਰ ਵੀ ਬੰਦ ਆ ਰਿਹਾ ਹੈ।ਉਹ ਮਾਪਿਆਂ ਦਾ ਇਕਲੌਤਾ ਪੁੱਤਰ ਹੈ।ਸ਼ਿਮਲਾ ਦੇਵੀ ਨੇ ਦੱਸਿਆ ਕਿ ਉਸ ਦੀ ਗੁੰਮਸ਼ੁਦਗੀ ਦੀ ਇਤਲਾਹ ਵੇਰਵਿਆਂ ਸਮੇਤ ਥਾਣਾ ਸਿਟੀ 2 ਦੀ ਪੁਲਸ ਨੂੰ ਵੀ ਦਿੱਤੀ ਗਈ ਹੈ।ਪੁਲਸ ਨੂੰ ਵੀ ਅਜੇ ਤੱਕ ਉਸ ਦਾ ਕੋਈ ਸੁਰਾਗ ਨਹੀਂ ਲੱਗਾ।ਥਾਣਾ ਸਿਟੀ 2 ਦੇ ਐਸ.ਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਉਸ ਦਾ ਫੋਨ ਬੰਦ ਆ ਰਿਹਾ ਹੈ, ਜਿਸ ਦੀ ਭਾਲ ਅਤੇ ਜਾਂਚ ਕੀਤੀ ਜਾ ਰਹੀ ਹੈ।ਮਾਪਿਆਂ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਸ ਦੀ ਸੂਚਨਾ ਮਿਲਣ 'ਤੇ ਕਿਰਪਾ ਕਰਕੇ ਮੋਬਾਈਲ ਨੰਬਰ 9463214760 'ਤੇ ਸੰਪਰਕ ਕਰਨ ਦੀ ਖੇਚਲ ਕੀਤੀ ਜਾਵੇ।

# ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਸਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਵਿਖੇ ਨਵਾਂ ਸਾਲ 2026 ਦਾ ਕੈਲੰਡਰ ਜਾਰੀ ਕੀਤਾ ਗਿਆ।ਇਹ ਕੈਲੰਡਰ ਜਾਰੀ ਕਰਨ ਦੀ ਰਸਮ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੂਬਾ ਵਿੱਤ ਸਕੱਤਰ ਨਵੀਨ ਸਚਦੇਵਾ, ਸੂਬਾ ਸਲਾਹਕਾਰ ਪ੍ਰੇਮ ਚਾਵਲਾ ਤੇ ਬੂਟਾ ਸਿੰਘ ਭੱਟੀ ਮੋਗਾ, ਐਡੀਸ਼ਨਲ ਜਨਰਲ ਸਕੱਤਰ ਬਾਜ਼ ਸਿੰਘ ਭੁੱਲਰ ਫ਼ਿਰੋਜ਼ਪੁਰ, ਜਸਪਾਲ ਸੰਧੂ ਜਲੰਧਰ, ਰਾਕੇਸ਼ ਧਵਨ ਅੰਮ੍ਰਿਤਸਰ, ਸੰਜੀਵ ਕੁਮਾਰ ਲੁਧਿਆਣਾ, ਕੁਲਦੀਪ ਸਿੰਘ ਸਹਿਦੇਵ ਫਰੀਦਕੋਟ, ਸੱਤਪਾਲ ਸਿੰਘ ਸਹਿਗਲ ਮੋਗਾ ਤੇ ਗੁਰਪਾਲ ਜ਼ੀਰਵੀ ਵੱਲੋਂ ਸਾਂਝੇ ਤੌਰ 'ਤੇ ਅਦਾ ਕੀਤੀ ਗਈ।

ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਨੇ ਕਿਹਾ ਕਿ ਜਥੇਬੰਦੀ ਪਿਛਲੇ 18 ਸਾਲ ਤੋਂ ਲਗਾਤਾਰ ਕੈਲੰਡਰ ਜਾਰੀ ਕਰ ਰਹੀ ਹੈ ਤੇ ਕੈਲੰਡਰ ਵਿੱਚ ਜਥੇਬੰਦੀ ਦੇ ਲਿਖੇ ਉਦੇਸ਼ਾਂ ਵਿੱਚ ਹੁਕਮਰਾਨ ਸਰਕਾਰਾਂ ਤੋਂ ਮੰਗ ਕੀਤੀ ਗਈ ਹੈ ਕਿ ਨਵੀਂ ਸਿੱਖਿਆ ਨੀਤੀ 2020 ਤੁਰੰਤ ਰੱਦ ਕਰਕੇ ਕਾਮਨ ਸਕੂਲ ਸਿੱਖਿਆ ਸਿਸਟਮ ਲਾਗੂ ਕੀਤਾ ਜਾਵੇ।ਇਸ ਤੋਂ ਇਲਾਵਾ ਹੋਰ ਉਦੇਸ਼ਾਂ 'ਚ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਦੇ ਖਿਲਾਫ਼ ਲਗਾਤਾਰ ਸੰਘਰਸ਼ ਕਰਨਾ, ਪੁਰਾਣੀ ਪੈਨਸ਼ਨ ਸਕੀਮ ਹੂਬਹੂ ਬਹਾਲ ਕਰਾਉਣਾ, ਸਕੂਲ ਆਫ਼ ਐਮੀਨੈਂਸ ਅਤੇ ਪੀ ਐਮ ਸ੍ਰੀ ਸਕੂਲਾਂ ਦੀ ਬਜਾਏ ਸਾਰਿਆਂ ਲਈ ਇਕਸਾਰ ਗੁਣਾਤਮਕ ਸਿੱਖਿਆ ਵਾਸਤੇ ਯਤਨ ਕਰਨੇ ਅਤੇ 10+2 ਜਮਾਤ ਤੱਕ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਾਉਣਾ, ਪਰਖ ਕਾਲ ਦੇ ਸਮੇਂ ਦੌਰਾਨ ਪੂਰੀਆਂ ਤਨਖਾਹਾਂ ਤੇ ਭੱਤਿਆਂ ਨੂੰ ਲਾਗੂ ਕਰਾਉਣਾ, ਐਨ ਐਸ ਕਿਊ ਐਫ, ਕੰਪਿਊਟਰ ਅਧਿਆਪਕਾਂ, ਐਸੋਸੀਏਟ ਅਧਿਆਪਕਾਂ ਤੇ ਹੋਰ ਵਲੰਟੀਅਰਾਂ, ਕੱਚੇ ਅਤੇ ਠੇਕਾ ਅਧਾਰਤ ਅਧਿਆਪਕਾਂ ਦੀਆਂ ਸੇਵਾਵਾਂ ਸਿੱਖਿਆ ਵਿਭਾਗ ਪੰਜਾਬ ਵਿੱਚ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਰੈਗੂਲਰ ਕਰਾਉਣਾ, ਅਧਿਆਪਕਾਂ ਦੇ ਵੱਖ-ਵੱਖ ਵਰਗਾਂ ਲਈ ਸ਼ਾਨਦਾਰ ਤਨਖਾਹ ਸਕੇਲਾਂ ਦੀ ਪ੍ਰਾਪਤੀ ਕਰਨਾ, ਕੇਂਦਰੀ ਪੈਟਰਨ ਤੇ ਤਨਖਾਹਾਂ ਦੇਣ ਸਬੰਧੀ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕਰਾਉਣਾ, ਜਥੇਬੰਦੀ ਦੇ ਮੰਗ ਪੱਤਰ ਵਿੱਚ ਦਰਜ ਸਾਰੀਆਂ ਮੰਗਾਂ ਦੇ ਨਿਪਟਾਰੇ ਲਈ ਲਗਾਤਾਰ ਸੰਘਰਸ਼ ਕਰਨਾ ਆਦਿ ਮੁੱਖ ਉਦੇਸ਼ ਸ਼ਾਮਲ ਕੀਤੇ ਗਏ ਹਨ।

### ਮਨਰੇਗਾ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਹੋਏ : ਪ੍ਰਕਾਸ਼ ਸਿੰਘ ਸਹਿਜੜਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਲਕਾ ਮਹਿਲ ਕਲਾਂ ਦੇ ਪਿੰਡਾਂ ਅੰਦਰ ਪਿਛਲੇ ਕਈ ਮਹੀਨੇ ਤੋਂ ਮਨਰੇਗਾ ਤਹਿਤ ਕੰਮ ਬੰਦ ਪਿਆ ਹੋਣ ਕਰਕੇ ਅਸਮਾਨੀ ਛੋਹ ਰਹੀ ਮਹਿੰਗਾਈ ਦੇ ਦੌਰ 'ਚ ਮਜ਼ਦੂਰ ਪਰਿਵਾਰਾਂ ਦੇ ਚੁੱਲੇ ਠੰਢੇ ਹੋ ਕੇ ਰਹਿ ਗਏ ਹਨ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਐਸ ਸੀ ਵਿੰਗ ਦੇ ਆਗੂ ਪ੍ਰਕਾਸ਼ ਸਿੰਘ ਸਹਿਜੜਾ ਨੇ ਕੀਤਾ।

ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਉਸ ਵੇਲੇ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਗਈਆਂ ਜਦੋਂ ਮਨਰੇਗਾ ਨੂੰ ਹੋਰ ਮਜ਼ਬੂਤ ਢੰਗ ਨਾਲ ਲਾਗੂ ਕਰਨ ਲਈ ਉਸ ਦੇ ਫੰਡਾਂ ਵਿਚ ਵਾਧਾ, ਕੰਮ ਦਾ ਅਧਿਕਾਰ ਵਧਾਉਣ ਦੀ ਥਾਂ ਉਲਟਾ ਮਨਰੇਗਾ ਦਾ ਨਾਂਅ ਬਦਲਣ ਦਾ ਢਕਵੰਜ ਰੱਚ ਕੇ ਇਸ ਨੂੰ ਹੌਲੀ ਹੌਲੀ ਬਿਲਕੁਲ ਖਤਮ ਕਰਨ ਦੀਆ ਵਿਉਂਤਬੰਦੀਆਂ ਬਣਾਈਆਂ ਜਾ ਰਹੀਆਂ ਹਨ। ਸਹਿਜੜਾ ਨੇ ਦੱਸਿਆ ਕਿ ਕਾਂਗਰਸ ਪਾਰਟੀ ਵੱਲੋਂ ਮਨਰੇਗਾ ਨੂੰ ਮੁੜ ਬਹਾਲ ਕਰਵਾਉਣ ਲਈ ਦੇਸ਼ ਭਰ ਅੰਦਰ 5 ਜਨਵਰੀ ਤੋਂ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰ ਉਨ੍ਹਾਂ ਚਿਰ ਟਿਕ ਕੇ ਨਹੀਂ ਬੈਠਣਗੇ ਜਿਨ੍ਹਾਂ ਚਿਰ ਮਜ਼ਦੂਰ ਹਿਤੈਸ਼ੀ ਇਹ ਮਨਰੇਗਾ ਯੋਜਨਾ ਮੁੜ ਪਹਿਲਾ ਦੀ ਤਰਾਂ ਲਾਗੂ ਨਹੀਂ ਕੀਤੀ ਜਾਂਦੀ।

# ਪਟਿਆਲਾ ਪੁਲਸ ਦੀ ਸਾਲ 2025 ਦੀ ਕਾਰਵਾਈ ਦਾ ਲੇਖਾ-ਜੋਖਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਸਾਲ 2025 ਪਟਿਆਲਾ ਪੁਲਸ ਲਈ ਇੱਕ ਅਜਿਹਾ ਸਾਲ ਰਿਹਾ, ਜਿੱਥੇ ਵਿਭਾਗ ਨੇ ਕਈ ਵੱਡੀਆਂ ਕਾਮਯਾਬੀਆਂ ਹਾਸਲ ਕੀਤੀਆਂ, ਪਰ ਨਾਲ ਹੀ ਕਈ ਅਜਿਹੇ ਗੰਭੀਰ ਵਿਵਾਦ ਵੀ ਸਾਹਮਣੇ ਆਏ, ਜਿਨ੍ਹਾਂ ਨੇ ਪੁਲਸ ਦੀ ਕਾਰਜਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਖੜੇ ਕਰ ਦਿੱਤੇ।ਸਿਆਸੀ ਦਖਲਅੰਦਾਜ਼ੀ ਤੋਂ ਲੈ ਕੇ ਅਪਰਾਧਿਕ ਮਾਮਲਿਆਂ 'ਚ ਪੁਲਸ ਅਧਿਕਾਰੀਆਂ ਦੀ ਸ਼ਮੂਲੀਅਤ ਤੱਕ, ਪਟਿਆਲਾ ਪੁਲਸ ਪੂਰਾ ਸਾਲ ਸੁਰਖੀਆਂ ਵਿਚ ਰਹੀ।ਅਦਾਲਤੀ ਦਖਲਅੰਦਾਜ਼ੀ ਤੇ ਕੇਂਦਰੀ ਏਜੰਸੀ ਦੀ ਜਾਂਚ ਨੇ ਸਥਾਨਕ ਪੁਲਿਸ ਪ੍ਰਸ਼ਾਸਨ 'ਤੇ ਦਬਾਅ ਬਣਾਈ ਰੱਖਿਆ।2025 ਪਟਿਆਲਾ ਪੁਲਸ ਲਈ ਸਿਰਫ਼ ਵਿਵਾਦਾਂ ਵਾਲਾ ਹੀ ਨਹੀਂ ਰਿਹਾ, ਸਗੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਭਾਗ ਨੇ ਕਈ ਇਤਿਹਾਸਕ ਪ੍ਰਾਪਤੀਆਂ ਵੀ ਦਰਜ ਕੀਤੀਆਂ ਹਨ।ਪੁਲਸ ਨੇ ਨਸ਼ਾ ਤਸਕਰਾਂ ਦੀ ਸਪਲਾਈ ਲਾਈਨ ਤੋੜਨ ਤੋਂ ਲੈ ਕੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਤੱਕ ਸਖ਼ਤ ਕਾਰਵਾਈ ਕੀਤੀ।ਪੁਲਸ ਨੇ ਇਸ ਸਾਲ ਨਸ਼ਾ ਤਸਕਰੀ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਅਪ੍ਰੇਸ਼ਨ ਚਲਾਏ।ਸਾਲ ਦੇ ਪਹਿਲੇ 100 ਦਿਨਾਂ ਵਿੱਚ ਹੀ ਪਟਿਆਲਾ ਰੇਂਜ ਪੁਲਸ ਨੇ 693 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਤੇ 484 ਐਫਆਈਆਰ ਦਰਜ ਕੀਤੀਆਂ।

ਪਟਿਆਲਾ ਪੁਲਿਸ ਨੇ ਸਿਰਫ਼ ਨਸ਼ਾ ਤਸਕਰਾਂ ਨੂੰ ਜੇਲ੍ਹ ਨਹੀਂ ਭੇਜਿਆ, ਸਗੋਂ ਨਸ਼ੇ ਦੀ ਕਮਾਈ ਨਾਲ ਬਣਾਈਆਂ ਗਈਆਂ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਵੀ ਸਖ਼ਤ ਕਾਰਵਾਈ ਕੀਤੀ।

## ਸਫ਼ਲਤਾਵਾਂ ਤੇ ਇਲਜ਼ਾਮਾਂ ਦੇ ਲੇਖੇ ਲੱਗਾ ਰਿਹਾ ਇਹ ਵਰ੍ਹਾ

ਪਟਿਆਲਾ ਦੇ ਰੋੜੀ ਕੁੱਟ ਇਲਾਕੇ 'ਚ ਨਸ਼ਾ ਤਸਕਰ ਦੇ ਗੈਰ-ਕਾਨੂੰਨੀ ਘਰ ਨੂੰ ਪੁਲਸ ਨੇ ਢਾਹ ਦਿੱਤਾ।ਸਮਾਣਾ ਤੇ ਹੋਰ ਇਲਾਕਿਆਂ 'ਚ ਐੱਨਡੀਪੀਐੱਸ ਐਕਟ ਤਹਿਤ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਫ੍ਰੀਜ਼ ਕੀਤੀਆਂ ਗਈਆਂ। ਇਕੱਲੇ ਸ਼ੁਰੂਆਤੀ ਮਹੀਨਿਆਂ ਵਿੱਚ ਹੀ 4.83 ਕਰੋੜ ਰੁਪਏ ਦੀ ਜਾਇਦਾਦ ਫਰੀਜ਼ ਕੀਤੀ ਗਈ ਸੀ।ਸਾਲ 2025 ਦੌਰਾਨ ਪਟਿਆਲਾ ਜ਼ਿਲ੍ਹੇ 'ਚ ਕਈ ਅਜਿਹੇ ਗੈਂਗਸਟਰ ਕਾਬੂ ਕੀਤੇ ਗਏ, ਜੋ ਵਿਦੇਸ਼ਾਂ 'ਚ ਬੈਠੇ ਆਕਾਵਾਂ ਦੇ ਇਸ਼ਾਰੇ 'ਤੇ ਫਿਰੌਤੀ ਤੇ ਟਾਰਗੇਟ ਕਿਲਿੰਗ ਦੀ ਯੋਜਨਾ ਬਣਾ ਰਹੇ ਸਨ। ਪੁਲਿਸ ਨੇ ਆਧੁਨਿਕ ਤਕਨੀਕ ਪੀਏਆਈਐਸ 2.0 ਦੀ ਵਰਤੋਂ ਕਰਕੇ ਅਪਰਾਧੀਆਂ ਦੇ ਨੈੱਟਵਰਕ ਨੂੰ ਟਰੈਕ ਕੀਤਾ।ਪੁਲਸ ਨੇ ਸਿਰਫ਼ ਸਖ਼ਤੀ ਹੀ ਨਹੀਂ ਵਰਤੀ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ 'ਨਰਮ ਰਵੱਈਆ' ਵੀ ਅਪਣਾਇਆ।ਜ਼ਿਲ੍ਹੇ 'ਚ 1,100 ਤੋਂ ਵੱਧ ਸੈਮੀਨਾਰ ਤੇ ਕਮਿਊਨਿਟੀ ਮੀਟਿੰਗਾਂ ਕੀਤੀਆਂ ਗਈਆਂ।ਸਾਈਕਲ ਰੈਲੀਆਂ ਤੇ ਖੇਡ ਟੂਰਨਾਮੈਂਟਾਂ ਰਾਹੀਂ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਨਾਲ ਜੋੜਿਆ ਗਿਆ।ਪੁਲਸ ਦੇ ਯਤਨਾਂ ਸਦਕਾ ਸੈਂਕੜੇ ਨੌਜਵਾਨਾਂ ਨੇ ਖ਼ੁਦ ਅੱਗੇ ਆ ਕੇ ਨਸ਼ਾ ਛੱਡਣ ਲਈ ਮੁੜ-ਵਸੇਬਾ ਕੇਂਦਰਾਂ 'ਚ ਰਜਿਸਟ੍ਰੇਸ਼ਨ ਕਰਾਈ।ਸਾਲ ਦੇ ਅੰਤ 'ਚ ਦਸੰਬਰ 2025 ਦੌਰਾਨ ਪਟਿਆਲਾ ਪੁਲਸ ਸਭ ਤੋਂ ਵੱਡੇ ਸਿਆਸੀ ਵਿਵਾਦ 'ਚ ਉਲਝ ਗਈ। ਇੱਕ ਆਡੀਓ ਕਲਿੱਪ ਵਾਇਰਲ ਹੋਈ, ਜਿਸ ਵਿੱਚ ਕਥਿਤ ਤੌਰ 'ਤੇ ਐੱਸ.ਐੱਸ.ਪੀ. ਨੂੰ ਪੰਚਾਇਤੀ ਚੋਣਾਂ ਦੌਰਾਨ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਨਾਮਜ਼ਦਗੀ ਭਰਨ ਤੋਂ ਰੋਕਣ ਦੀਆਂ ਹਦਾਇਤਾਂ ਦਿੰਦੇ ਸੁਣਿਆ ਗਿਆ।ਹਾਲਾਂਕਿ ਪੁਲਸ ਨੇ ਇਸ ਨੂੰ ਏ.ਆਈ-ਜਨਰੇਟਿਡ ਤੇ ਫਰਜ਼ੀ ਦੱਸਿਆ, ਪਰ ਮਾਮਲਾ ਹਾਈਕੋਰਟ ਤੱਕ ਪਹੁੰਚ ਗਿਆ।

ਇਸਦੇ ਨਾਲ ਹੀ ਕਰਨਲ ਪੁਸ਼ਪਿੰਦਰ ਬਾਠ ਹਮਲਾ ਮਾਮਲਾ ਪਟਿਆਲਾ ਪੁਲਸ ਲਈ ਗਲੇ ਦੀ ਹੱਡੀ ਬਣਿਆ ਰਿਹਾ।ਕਰਨਲ ਤੇ ਉਨ੍ਹਾਂ ਦੇ ਬੇਟੇ 'ਤੇ ਪੁਲਸ ਮੁਲਾਜ਼ਮਾਂ ਵੱਲੋਂ ਕੀਤੇ ਗਏ ਕਥਿਤ ਹਮਲੇ ਦੀ ਜਾਂਚ ਸੀ.ਬੀ.ਆਈ ਨੂੰ ਸੌਂਪੀ ਗਈ ਸੀ।ਦਸੰਬਰ 2025 ਵਿੱਚ ਸੀ.ਬੀ.ਆਈ. ਨੇ ਇਸ ਮਾਮਲੇ 'ਚ ਪਟਿਆਲਾ ਦੇ ਚਾਰ ਪੁਲਸ ਅਧਿਕਾਰੀਆਂ ਵਿਰੁੱਧ ਚਾਰਜਸ਼ੀਟ ਦਾਖਲ ਕੀਤੀ।ਪੁਲਸ ਅਧਿਕਾਰੀਆਂ 'ਤੇ ਸ਼ਕਤੀ ਦੀ ਦੁਰਵਰਤੋਂ ਤੇ ਕੁੱਟਮਾਰ ਦੇ ਸੰਗੀਨ ਇਲਜ਼ਾਮਾਂ ਨੇ ਪੂਰੇ ਮਹਿਕਮੇ ਦੀ ਦਿੱਖ ਨੂੰ ਪ੍ਰਭਾਵਤ ਕੀਤਾ, ਜਿੱਥੇ ਪੁਲਿਸ ਨੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ, ਉੱਥੇ ਹੀ ਕੁਝ ਐਨਕਾਊਂਟਰਾਂ ਨੂੰ ਲੈ ਕੇ ਵਿਵਾਦ ਵੀ ਹੋਏ।

ਅਗਸਤ ਅਤੇ ਦਸੰਬਰ ਵਿੱਚ ਰਾਜਪੁਰਾ ਤੇ ਪਟਿਆਲਾ ਦੇ ਆਲੇ-ਦੁਆਲੇ ਹੋਈਆਂ ਪੁਲਸ ਮੁਠਭੇੜਾਂ ਵਿੱਚ ਕਈ ਬਦਮਾਸ਼ਾਂ ਨੂੰ ਕਾਬੂ ਕੀਤਾ ਗਿਆ।ਹਾਲਾਂਕਿ ਪੁਲਸ ਨੇ ਇਹਨਾਂ ਨੂੰ ਵੱਡੀ ਕਾਮਯਾਬੀ ਦੱਸਿਆ, ਪਰ ਵਿਰੋਧੀ ਧਿਰਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਕੁਝ ਮਾਮਲਿਆਂ ਵਿੱਚ ਪੁਲਸ ਦੀ ਕਾਰਵਾਈ ਨੂੰ ਪਹਿਲਾਂ ਤੋਂ ਮਿਥੀ ਹੋਈ ਕਰਾਰ ਦਿੱਤਾ।

# ਯੂਥ ਕਾਂਗਰਸ ਨੇ ਐੱਸ ਐੱਸ ਪੀ ਦਫਤਰ ਅੱਗੇ ਦਿੱਤਾ ਧਰਨਾ



**ਮਾਨਸਾ (ਰੀਤਵਾਲ)**-ਪੰਜਾਬ ਅੰਦਰ ਦਿਨ ਬਦਿਨ ਵਿਗੜਦੀ ਜਾ ਰਹੀ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਆਲ ਇੰਡੀਆ ਪ੍ਰਧਾਨ ਯੂਥ ਕਾਂਗਰਸ ਉਦੈ ਬਾਨੂੰ ਚਿੱਬ ਅਤੇ ਪੰਜਾਬ ਪ੍ਰਧਾਨ ਮੋਹਿਤ ਮਹਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਧਾਨ ਮਾਨਸਾ ਸੰਜੋਗਪ੍ਰੀਤ ਸਿੰਘ ਡੈਵੀ ਦੀ ਅਗਵਾਈ 'ਚ ਐਸ ਐਸ ਪੀ ਦਫਤਰ ਮਾਨਸਾ ਦਾ ਘਿਰਾਓ ਕਰਕੇ ਧਰਨਾ ਦਿੱਤਾ ਗਿਆ। ਯੂਥ ਕਾਂਗਰਸ ਇਸ ਧਰਨੇ ਵਿੱਚ ਸਿੱਧੂ ਮੂਸੇਵਾਲੇ ਦੇ ਪਿਤਾ ਬਲਕੌਰ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੰਜੋਗਪ੍ਰੀਤ ਸਿੰਘ ਡੈਵੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਅੰਦਰ ਕਾਨੂੰਨ ਦਾ ਕੋਈ ਡਰ ਨਹੀਂ ਰਿਹਾ। ਆਏ ਦਿਨ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਅੰਦਰ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲ ਰਿਹਾ ਹੈ। ਸੂਬਾ ਵਾਸੀ ਆਪਣੇ-ਆਪ ਨੂੰ ਅਸੁਰੱਖਿਅਤ ਸਮਝ ਰਹੇ ਹਨ। ਸੂਬੇ ਦੀ ਜਨਤਾ ਨਾਲ ਕੀਤਾ ਕੋਈ ਵਾਅਦਾ ਪੂਰਾ ਨਹੀਂ ਕੀਤਾ। ਸੂਬੇ ਦੇ ਲੋਕ ਹੁਣ ਆਪ ਦੇ ਝੂਠੇ ਵਾਅਦਿਆਂ 'ਚ ਨਹੀਂ ਆਉਣਗੇ।ਧਰਨਾਕਾਰੀਆਂ ਨੇ ਆਪਣਾ ਇਕ ਮੰਗ ਪੱਤਰ ਐਸ.ਐਸ.ਪੀ. ਮਾਨਸਾ ਨੂੰ ਦਿੱਤਾ। ਇਸ ਮੌਕੇ ਚਮਕੌਰ ਸਿੰਘ ਮੂਸਾ, ਹਲਕਾ ਪ੍ਰਧਾਨ ਯੂਥ ਕਾਂਗਰਸ ਸਰਦੂਲਗੜ ਲਛਮਣ ਸਿੰਘ ਦਸੌਂਦੀਆ, ਇਕਬਾਲ ਸਿੰਘ ਹਲਕਾ ਪ੍ਰਧਾਨ ਮਾਨਸਾ, ਹਲਕਾ ਪ੍ਰਧਾਨ ਬੁੱਢਲਾਡਾ ਕੁਲਵਿੰਦਰ ਸਿੰਘ ਦਿਆਲਪੁਰਾ, ਸਾਬਕਾ ਚੇਅਰਮੈਨ ਲੇਬਰਫੈਡ ਬੀਰਇੰਦਰ ਸਿੰਘ ਸਿੰਘ ਧਾਲੀਵਾਲ, ਸੀਨੀਅਰ ਕਾਂਗਰਸੀ ਆਗੂ ਸੰਤਾ ਸਿੰਘ ਬਰਨਾਲਾ, ਯੂਥ ਆਗੂ ਰਾਵਲ ਸਿੰਘ ਕੋਟੜਾ, ਬਲਜੀਤ ਸਿੰਘ ਮਾਖਾ, ਪ੍ਰਦੀਪ ਸਿੰਘ ਮਾਖਾ, ਜਸਵਿੰਦਰ ਸਿੰਘ ਕੌਰਵਾਲਾ, ਜਗਦੀਪ ਸਿੰਘ ਜਵਾਹਰਕੇ, ਗੁਰਵਿੰਦਰ ਸਿੰਘ ਭਲਾਈਕੇ, ਆਦਿ ਹਾਜ਼ਰ ਸਨ।

# 2 ਜਵਾਨ ਪੁੱਤਾਂ ਦੇ ਇਲਾਜ ਲਈ ਗਰੀਬ ਮਾਪਿਆਂ ਵੱਲੋਂ ਗੁਹਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਦੇ ਪਿੰਡ ਭੱਟੀਆਂ ਵਿਖੇ ਇੱਕ ਗਰੀਬ ਮਾਪਿਆਂ ਦੇ 2 ਨੌਜਵਾਨ ਪੁੱਤਰ ਸੜਕ ਹਾਦਸੇ ਵਿਚ ਪੂਰੀ ਤਰ੍ਹਾਂ ਅਪਾਹਜ ਤੇ ਜ਼ਖ਼ਮੀ ਹੋਏ ਪਏ ਹਨ ਜਿਨ੍ਹਾਂ ਦੇ ਇਲਾਜ ਲਈ ਦਾਨੀ ਸੱਜਣਾਂ ਅੱਗੇ ਮਦਦ ਦੀ ਗੁਹਾਰ ਲਗਾਈ ਹੈ। ਪਿੰਡ ਭੱਟੀਆਂ ਦੀ ਰਹਿਣ ਵਾਲੀ ਮਾਤਾ ਨਿਰਮਲਾ ਨੇ ਦੱਸਿਆ ਕਿ ਉਸ ਦੇ ਦੋਵੇਂ ਨੌਜਵਾਨ ਪੁੱਤਰ ਬਿਕਰਮ ਤੇ ਵਿਸ਼ਾਲ ਲੰਘੀ 9 ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਆਪਣੇ ਦੋਸਤ ਹਰਦੇਵ ਸਿੰਘ ਨਾਲ ਮੱਥਾ ਟੇਕ ਕੇ ਕਾਰ ਰਾਹੀਂ ਵਾਪਸ ਪਰਤ ਰਹੇ ਸਨ। ਰਸਤੇ ਵਿਚ ਸ਼ਹਿਰ ਬਿਆਸ ਨੇੜੇ ਉਨ੍ਹਾਂ ਦੀ ਕਾਰ ਡਿਵਾਇਡਰ ਨਾਲ ਟਕਰਾ ਗਈ ਜਿਸ ਵਿਚ ਉਸ ਦੇ ਦੋਵੇਂ ਪੁੱਤਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਜਦਕਿ ਉਨ੍ਹਾਂ ਦਾ ਦੋਸਤ ਹਾਦਸੇ ਦੌਰਾਨ ਮੌਤ ਦੇ ਮੂੰਹ ਵਿਚ ਜਾ ਪਿਆ। ਹਾਦਸੇ ਵਿਚ ਜ਼ਖ਼ਮੀ ਹੋਏ ਦੋਵੇਂ ਨੌਜਵਾਨ ਬਿਕਰਮ ਦੀਆਂ ਇਲਾਜ ਦੌਰਾਨ ਦੋਵੇਂ ਬਾਂਹਾਂ ਕੱਟਣੀਆਂ ਪਈਆਂ ਤੇ ਉਸ ਦੀ ਲੱਤ ਚਾਰ ਜਗ੍ਹਾ ਤੋਂ ਟੁੱਟ ਗਈ ਜਿਸ ਦਾ ਆਪ੍ਰੇਸ਼ਨ ਕਰ ਰਾਡ ਪਾਈ ਗਈ।

ਦੂਸਰਾ ਪੁੱਤਰ ਵਿਸ਼ਾਲ ਦੀ ਚੂਲ੍ਹਾ ਟੁੱਟ ਗਿਆ ਜਿਸ ਦਾ ਆਪ੍ਰੇਸ਼ਨ ਕਰਵਾਉਣਾ ਪਿਆ ਅਤੇ ਗੀੜ ਦੀ ਹੱਡੀ ਦੇ ਮਣਕੇ ਟੁੱਟ ਗਏ ਜਿਸ ਕਾਰਨ ਉਹ ਬਿਸਤਰੇ 'ਤੇ ਪਏ ਹੋਣ ਕਾਰਨ ਚੱਲਣਾ ਫਿਰਨਾ ਤਾਂ ਦੂਰ, ਉੱਠ ਕੇ ਬੈਠ ਵੀ ਨਹੀਂ ਸਕਦਾ। ਦੋਵੇਂ ਪੁੱਤਰਾਂ ਦੇ ਪਹਿਲੇ ਇਲਾਜ ਲਈ ਉਨ੍ਹਾਂ ਕੋਲ ਜੋ ਪੈਸੇ ਸਨ ਉਹ ਸਾਰੇ ਦਵਾਈਆਂ ਆਦਿ 'ਤੇ ਲੱਗ ਗਏ ਜਿਸ ਵਿਚ ਪਿੰਡ ਵਾਸੀਆਂ ਨੇ ਵੀ ਮੱਦਦ ਕੀਤੀ ਤਾਂ ਜਾ ਕੇ ਉਹ ਆਪਣੇ ਪੁੱਤਰਾਂ ਨੂੰ ਘਰ ਲੈ ਕੇ ਆਏ। ਹੁਣ ਡਾਕਟਰਾਂ ਵਲੋਂ ਛੋਟੇ ਲੜਕੇ ਵਿਸ਼ਾਲ ਦੀ ਗੀੜ੍ਹ ਦੀ ਹੱਡੀ ਦਾ ਆਪ੍ਰੇਸ਼ਨ ਕਰਵਾਉਣ ਲਈ ਕਿਹਾ ਹੈ ਜਿਸ ਉੱਪਰ ਡੇਢ ਤੋਂ ਦੋ ਲੱਖ ਰੁਪਏ ਖਰਚਾ ਆਵੇਗਾ, ਜਿਸ ਤੋਂ ਬਾਅਦ ਉਹ ਤੁਰਨ ਫਿਰਨ ਦੇ ਸਮਰੱਥ ਹੋਵੇਗਾ।

ਮਾਤਾ ਨਿਰਮਲਾ ਨੇ ਦੱਸਿਆ ਕਿ ਉਸ ਦਾ ਇੱਕ ਪੁੱਤਰ ਫੈਕਟਰੀ ਤੇ ਦੂਜਾ ਦੁਕਾਨ 'ਤੇ ਨੌਕਰੀ ਕਰਦਾ ਸੀ ਜਿਸ ਤੋਂ ਬਾਅਦ ਪਰਵਾਰ ਦਾ ਪਾਲਣ ਪੋਸ਼ਣ ਹੁੰਦਾ ਸੀ ਪਰ ਹੁਣ ਦੋਵੇਂ ਹੀ ਅਪਾਹਿਜ ਹੋ ਕੇ ਬਿਸਤਰਿਆਂ 'ਤੇ ਪਏ ਹਨ ਤੇ ਰੋਜ਼ਾਨਾ ਦਵਾਈਆਂ 'ਤੇ ਖਰਚਾ ਹੋ ਰਿਹਾ ਹੈ। ਇਸ ਸਮੇਂ ਪਰਵਾਰ ਦੇ ਹਾਲਾਤ ਇਹ ਹਨ ਕਿ ਦਵਾਈਆਂ ਤੇ ਆਪ੍ਰੇਸ਼ਨ ਲਈ ਵੀ ਪੈਸੇ ਨਹੀਂ ਹਨ। ਨਿਰਮਲਾ ਨੇ ਦੱਸਿਆ ਕਿ ਉਹ ਤੇ ਉਸ ਦਾ ਪਤੀ ਪਹਿਲਾਂ ਮਜ਼ਦੂਰੀ ਕਰਦੇ ਸਨ ਪਰ ਹੁਣ ਕੰਮਕਾਰ ਛੱਡ ਉਨ੍ਹਾਂ ਨੂੰ ਆਪਣੇ ਜਵਾਨ ਪੁੱਤਰਾਂ ਦਾ ਬਿਸਤਰੇ 'ਤੇ ਪਿਆਂ ਦੀ ਸੰਭਾਲ ਕਰਨੀ ਪੈਂਦੀ ਹੈ। ਇਨ੍ਹਾਂ ਗਰੀਬ ਮਾਪਿਆਂ ਨੇ ਇਲਾਕੇ ਦੀਆਂ ਸਮਾਜ ਸੇਵੀ, ਧਾਰਮਿਕ, ਦਾਨੀ ਸੱਜਣਾਂ ਤੋਂ ਇਲਾਵਾ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੇ ਇਲਾਜ ਲਏ ਆਰਥਿਕ ਮਦਦ ਦੀ ਲੋੜ ਹੈ ਜਿਸ ਲਈ ਉਹ ਪਰਿਵਾਰ ਦੀ ਸਹਾਇਤਾ ਲਈ ਅੱਗੇ ਆਉਣ। ਪਰਵਾਰ ਨਾਲ ਸੰਪਰਕ ਕਰਨ ਲਈ ਉਨ੍ਹਾਂ ਵਲੋਂ 75278-95288 ਸੰਪਰਕ ਨੰਬਰ ਵੀ ਦਿੱਤਾ ਗਿਆ ਹੈ।

## ਲਾਪਤਾ ਹੋਇਆ ਬੱਚਾ ਗਰੀਬ ਮਾਪਿਆਂ ਦੇ ਸਪੁਰਦ ਕੀਤਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਨੇ 3 ਘੰਟਿਆਂ ਵਿਚ ਹੀ ਪਿੰਡ ਭੱਟੀਆਂ ਦੇ ਗਰੀਬ ਮਜ਼ਦੂਰ ਪਰਵਾਰ ਦਾ ਲਾਪਤਾ ਹੋਇਆ ਬੱਚਾ ਮੰਗਲਮ (5) ਦੀ ਭਾਲ ਕਰ ਮਾਪਿਆਂ ਸਪੁਰਦ ਕੀਤਾ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਇੱਕ ਛੋਟਾ ਬੱਚਾ ਪਿੰਡ ਝੜੌਦੀ ਦੇ ਬੱਸ ਅੱਡੇ 'ਤੇ ਮਿਲਿਆ ਜਿਸ ਨੇ ਦੱਸਿਆ ਕਿ ਉਹ ਪਿੰਡ ਭੱਟੀਆਂ ਵਿਖੇ ਰਹਿੰਦਾ ਹੈ। ਪੁਲਸ ਵਲੋਂ ਪਿੰਡ ਭੱਟੀਆਂ ਜਾ ਕੇ ਮਾਪਿਆਂ ਦੀ ਤਲਾਸ਼ ਕੀਤੀ ਗਈ ਅਤੇ 3 ਘੰਟਿਆਂ ਵਿਚ ਹੀ ਇਹ ਬੱਚਾ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਗਿਆ। ਬੱਚੇ ਦੇ ਪਿਤਾ ਰਾਜਾ ਨੇ ਦੱਸਿਆ ਕਿ ਉਹ ਤੇ ਉਸ ਦੀ ਪਤਨੀ ਫੈਕਟਰੀ ਵਿਚ ਮਜ਼ਦੂਰੀ ਕਰਦੇ ਹਨ ਅਤੇ ਸਵੇਰੇ ਕੰਮ 'ਤੇ ਚਲੇ ਗਏ ਅਤੇ ਬੱਚਾ ਘਰ ਵਿਚ ਹੀ ਮੌਜੂਦ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਇਹ ਬੱਚਾ ਘਰ ਨੇੜੇ ਹੀ ਖੇਡਦਾ ਰਹਿੰਦਾ ਸੀ ਪਰ ਅਚਾਨਕ ਅੱਜ ਉਹ ਮਾਛੀਵਾੜਾ ਤੇ ਫਿਰ ਝੜੌਦੀ ਪਿੰਡ ਕਿਵੇਂ ਪਹੁੰਚ ਗਿਆ, ਅਸੀਂ ਵੀ ਹੈਰਾਨ ਹਾਂ। ਮਾਪਿਆਂ ਨੇ ਮਾਛੀਵਾੜਾ ਪੁਲਸ ਦਾ ਧੰਨਵਾਦ ਕੀਤਾ ਜਿਨ੍ਹਾਂ 3 ਘੰਟਿਆਂ ਵਿਚ ਸਾਡੇ ਸਪੁਰਦ ਕਰ ਦਿੱਤਾ।

## ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਮੀਟਿੰਗ ਹੋਈ



**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਮੀਟਿੰਗ ਦਾਣਾ ਮੰਡੀ ਵਿਖੇ ਦਲਜੀਤ ਸਿੰਘ ਜੱਗੇਵਾਲਾ ਜ਼ਿਲ੍ਹਾ ਖਜ਼ਾਨਚੀ ਦੀ ਆੜ੍ਹਤ ਦੀ ਦੁਕਾਨ 'ਤੇ ਹੋਈ।ਮੀਟਿੰਗ ਵਿੱਚ ਤਹਿਸੀਲ ਜ਼ੀਰਾ ਦੇ ਪ੍ਰਧਾਨ ਲਖਵਿੰਦਰ ਸਿੰਘ ਵਾਹੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿਛਲੀ ਵਿਧਾਨ ਸਭਾ ਚੋਣਾਂ ਦੌਰਾਨ ਨੰਬਰਦਾਰਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਾਰਨ ਨੰਬਰਦਾਰਾਂ ਵਿੱਚ ਭਾਰੀ ਰੋਸ ਪਾਇਆ ਗਿਆ। ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੇ ਤਹਿਸੀਲ ਪ੍ਰਧਾਨ ਲਖਵਿੰਦਰ ਸਿੰਘ ਵਾਹੀ, ਜ਼ਿਲ੍ਹਾ ਖਜ਼ਾਨਚੀ ਦਲਜੀਤ ਸਿੰਘ ਜੱਗੇਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਆਪਣੇ ਵਾਅਦੇ ਅਨੁਸਾਰ ਨੰਬਰਦਾਰਾਂ ਨੂੰ ਪਿਤਾ ਪੁਰਖੀ ਕਰਨ ਦੇ ਨਾਲ, ਨੰਬਰਦਾਰਾਂ ਦਾ ਮਾਨ ਭੱਤਾ 5 ਹਜ਼ਾਰ ਰੁਪਏ ਕਰੇ, ਬੱਸ ਪਾਸ ਸਮੇਤ ਨੰਬਰਦਾਰਾਂ ਦੀਆਂ ਸਾਰੀਆਂ ਹੱਕੀ ਮੰਗਾਂ ਪੂਰੀਆਂ ਕਰੇ।ਜੇਕਰ ਪੰਜਾਬ ਸਰਕਾਰ ਨੇ ਨੰਬਰਦਾਰਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਤਾਂ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਨੰਬਰਦਾਰ ਭਾਈਚਾਰੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਨਸ਼ਿਆਂ ਵਿੱਚ ਫੜੇ ਗਏ ਦੋਸ਼ੀ ਨਸ਼ਾ ਤਸਕਰਾਂ ਦੀ ਜ਼ਮਾਨਤ ਮੌਕੇ ਸ਼ਨਾਖਤ ਨਹੀਂ ਕਰਨਗੇ।

## ਸਿਵਲ ਹਸਪਤਾਲ ਦਾ ਅਗਲੇ ਮਹੀਨੇ ਮੁੱਖ ਮੰਤਰੀ ਕਰਨਗੇ ਉਦਘਾਟਨ : ਸੁਖਵੀਰ ਸਿੰਘ



**ਧੂਰੀ (ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਦੇ ਖਜ਼ਾਨੇ ਦਾ ਮੂੰਹ ਧੂਰੀ ਵੱਲ ਮੋੜ ਕੇ ਇਲਾਕੇ ਦੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਨ ਦੀ ਦ੍ਰਿੜ੍ਹ ਇੱਛਾ ਦਰਸਾਈ ਹੈ।ਉਨ੍ਹਾਂ ਕਿਹਾ ਕਿ ਧੂਰੀ ਦੇ ਲੋਕਾਂ ਨੇ ਜਿਹੜੀਆਂ ਜਿਹੜੀਆਂ ਮੰਗਾਂ ਸਰਕਾਰ ਅੱਗੇ ਰੱਖੀਆਂ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਗਿਆ ਹੈ, ਜਿਸ ਨਾਲ ਸ਼ਹਿਰ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੀ ਹੈ।ਸੁਖਵੀਰ ਸਿੰਘ ਨੇ ਦੱਸਿਆ ਕਿ ਲਗਭਗ 32 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋ ਚੁੱਕੇ ਨਵੇਂ ਸਿਵਲ ਹਸਪਤਾਲ ਧੂਰੀ ਦੀ ਸ਼ਾਨਦਾਰ ਇਮਾਰਤ ਦਾ ਉਦਘਾਟਨ ਅਗਲੇ ਮਹੀਨੇ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਕਰ-ਕਮਲਾਂ ਨਾਲ ਕਰਨਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਉਦਘਾਟਨ ਤੋਂ ਪਹਿਲਾਂ ਹੀ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਨੂੰ ਪੂਰੀ ਤਰ੍ਹਾਂ ਦੂਰ ਕੀਤਾ ਜਾਵੇਗਾ ਅਤੇ ਫਰਨੀਚਰ ਸਮੇਤ ਸਾਰਾ ਆਧੁਨਿਕ ਮੈਡੀਕਲ ਸਾਜ਼ੋ-ਸਾਮਾਨ ਫਿੱਟ ਕਰ ਦਿੱਤਾ ਜਾਵੇਗਾ, ਤਾਂ ਜੋ ਇਲਾਕੇ ਦੇ ਲੋਕਾਂ ਨੂੰ ਉੱਚ ਪੱਧਰੀ ਸਿਹਤ ਸਹੂਲਤਾਂ ਮਿਲ ਸਕਣ ਅਤੇ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਧੂਰੀ ਦੇ ਵਿਕਾਸ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਰਕਿੰਗ ਸਬੰਧੀ ਉਸਾਰੀ ਦੇ ਕੰਮਾਂ ਨੂੰ ਪੂਰੀ ਤਰ੍ਹਾਂ ਤਿਆਰ ਕਰ ਚੁੱਕੀ ਹੈ। ਕੇਵਲ ਕੇਂਦਰ ਸਰਕਾਰ ਵੱਲੋਂ ਇੱਕ ਤਕਨੀਕੀ ਮਨਜ਼ੂਰੀ ਵਿੱਚ ਦੇਰੀ ਕਾਰਨ ਕੰਮ ਅਟਕਿਆ ਹੋਇਆ ਹੈ, ਜਿਸਨੂੰ ਜਲਦੀ ਹੀ ਦੂਰ ਕਰਵਾ ਕੇ ਉਸਾਰੀ ਕਾਰਜ ਸ਼ੁਰੂ ਕਰ ਦਿੱਤਾ ਜਾਵੇਗਾ।

## ਟੀ ਬੀ ਦੇ ਮਰੀਜ਼ਾਂ ਨਿਊਟ੍ਰੀਸ਼ਨਲ ਫੂਡ ਕਿਟਸ ਵੰਡੀਆਂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਟੀਬੀ ਮੁਕਤ ਭਾਰਤ ਅਭਿਆਨ ਤਹਿਤ ਦਫਤਰ ਸਿਵਲ ਸਰਜਨ ਵਿਖੇ ਮਯੰਕ ਫਾਊਂਡੇਸ਼ਨ ਦੇ ਸਹਿਯੋਗ ਨਾਲ 50 ਟੀ.ਬੀ. ਦੀ ਦਵਾਈ ਲੈ ਰਹੇ ਰੋਗੀਆਂ ਨੂੰ ਨਿਊਟ੍ਰੀਸ਼ਨਲ ਫੂਡ ਕਿਟਸ ਦੀ ਵੰਡ ਕੀਤੀ ਗਈ। ਸਿਵਲ ਸਰਜਨ ਡਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਜਿੰਨੇ ਵੀ ਟੀ.ਬੀ. ਦੇ ਮਰੀਜ਼ ਨੋਟੀਫਾਈ ਹੁੰਦੇ ਹਨ, ਉਨ੍ਹਾਂ ਵਿੱਚ 56 ਫੀਸਦੀ ਕੁਪੋਸ਼ਣ ਦੇ ਸ਼ਿਕਾਰ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਟੀਬੀ ਦੇ ਹਰੇਕ ਮਰੀਜ਼ ਨੂੰ ਸਿਹਤ ਵਿਭਾਗ ਵੱਲੋਂ 1000 ਰੁਪਏ ਦੀ ਸਹਾਇਤਾ ਵਧੀਆ ਖਾਧ ਖੁਰਾਕ ਲਈ ਦਿੱਤੀ ਜਾਂਦੀ ਹੈ।ਹਰੇਕ ਮਰੀਜ਼ ਦੇ ਸਾਰੇ ਟੈਸਟ ਅਤੇ ਸਕਰੀਨਿੰਗ ਮੁਫ਼ਤ ਕੀਤੀ ਜਾਂਦੀ ਹੈ ਤੇ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਟੀ.ਬੀ ਦੀ ਦਵਾਈ ਮੁਫ਼ਤ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਨਿਕਸ਼ਾ ਮਿੱਤਰ ਸਕੀਮ ਤਹਿਤ ਹਰ ਬੰਦੇ ਨੂੰ ਟੀ.ਬੀ. ਦੇ ਮਰੀਜ਼ਾਂ ਨੂੰ ਗੋਦ ਲੈਣ ਲਈ ਪਹਿਲ ਕਰਨੀ ਚਾਹੀਦੀ ਹੈ।ਜ਼ਿਲ੍ਹਾ ਟੀ.ਬੀ. ਅਫਸਰ ਡਾ. ਗੁਰਪ੍ਰੀਤ ਨਾਗਰਾ ਨੇ ਦੱਸਿਆ ਕਿ ਨਿਊਟ੍ਰੀਸ਼ਨਲ ਫੂਡ ਕਿਟਸ ਉਹਨਾਂ ਟੀ.ਬੀ. ਦੇ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਬੀ.ਐਮ.ਆਈ ਘੱਟ ਹੋਵੇ, ਐਚ.ਆਈ.ਵੀ ਨਾਲ ਪੀੜਤ ਹੋਣ ਤੇ ਐਮ.ਡੀ.ਆਰ ਨਾਲ ਜੂਝ ਰਹੇ ਹੋਣ।ਉਨ੍ਹਾਂ ਦੱਸਿਆ ਕਿ ਨਿਊਟ੍ਰੀਸ਼ਨ ਕਿਟ ਵਿੱਚ ਸੋਇਆਬੀਨ, ਸਰਸੋਂ ਦਾ ਤੇਲ, ਗੁੜ, ਸਾਬਤ ਮੂੰਗੀ, ਚਨੇ ਦੀ ਦਾਲ, ਰੋਸਟਡ ਚਨਾ, ਦਲੀਆ ਆਦਿ ਸ਼ਾਮਿਲ ਹੈ।ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਮਰੀਜ਼ ਦੀ ਦਵਾਈ ਚੱਲੇਗੀ, ਉਨੀ ਦੇਰ ਇਨ੍ਹਾਂ ਮਰੀਜ਼ਾਂ ਨੂੰ ਫੂਡ ਬਾਸਕਿਟ ਪੋਸ਼ਨ ਸਹਾਇਤਾ ਵੱਜੋਂ ਦਿੱਤੀਆਂ ਜਾਣਗੀਆਂ।

## ਕਬੱਡੀ ਖਿਡਾਰਨ ਤੇ ਕੋਚ ਬੀਬਾ ਕੋਮਲ ਕੌਰ ਔਜਲਾ ਸਨਮਾਨਤ



**ਮੂਣਕ (ਰਾਜਪਾਲ ਸਿੰਗਲਾ)**-ਮੂਣਕ ਦੀ ਕਬੱਡੀ ਖਿਡਾਰਨ ਅਤੇ ਕੋਚ ਬੀਬਾ ਕੋਮਲ ਕੌਰ ਔਜਲਾ ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟ ਰਹੀ ਹੈ। ਇਹ ਕੁੜੀ ਸਖਤ ਮਿਹਨਤ ਕਰਕੇ ਧੀਆਂ ਲਈ ਇੱਕ ਮਿਸਾਲ ਹੈ ਇਹੋ ਜਿਹੀਆਂ ਬੱਚੀਆਂ ਨੂੰ ਖੇਡਾਂ ਦੇ ਮੈਦਾਨ ਵਿੱਚ ਵੇਖ ਕੇ ਹੀ ਮਾਪੇ ਆਪਣੇ ਬੱਚੇ ਬੱਚੀਆਂ ਨੂੰ ਗਰਾਊਂਡਾਂ ਵਿੱਚ ਭੇਜ ਰਹੇ ਹਨ।ਕੋਚ ਜੋਗਿੰਦਰ ਸਿੰਘ ਸੂਬਾ ਪ੍ਰਧਾਨ ਐਫ ਐਸ ਐਸ ਵੈਲਫੇਅਰ ਸਪੋਰਟਸ ਕਲੱਬ (ਰਜਿ:) ਮੂਣਕ ਨੇ ਬੀਬਾ ਕੋਮਲ ਕੌਰ ਔਜਲਾ ਨੂੰ ਬੈਲਟ ਦੇ ਕੇ ਸਨਮਾਨਤ ਕੀਤਾ।ਉਨ੍ਹਾਂ ਇਸ ਮੌਕੇ ਬੋਕਸਿੰਗ ਮੈਚ ਫਾਈਟਾਂ ਦਾ ਅਖਾੜਾ ਕਰਾਇਆ ਤੇ ਸ਼ਹੀਦ ਊਧਮ ਸਿੰਘ ਸਟੇਡੀਅਮ ਮੂਣਕ ਵਿੱਚ ਖਿਡਾਰੀਆਂ ਨੂੰ ਗੋਲਡ ਮੈਡਲ, ਸੀਲਡਾਂ, ਸਰਟੀਫਿਕੇਟ ਤੇ ਕੋਚ ਨੂੰ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ।

## ਗਸ਼ਤ ਦੌਰਾਨ 200 ਨਸ਼ੀਲੀਆਂ ਗੋਲੀਆਂ ਬਰਾਮਦ

**ਸਮਾਣਾ ( ਗੁਰਪਿਆਰ ਸਿੰਘ ਬੱਲ)**-ਸਮਾਣਾ ਦੇ ਡੀ ਐਸ ਪੀ ਫਤਹਿ ਸਿੰਘ ਬਰਾੜ ਦੀ ਨਿਗਰਾਨੀ ਹੇਠ ਸਮਾਣਾ ਸਬ ਡਵੀਜ਼ਨ ਅੰਦਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਅਤੇ ਭੈੜੇ ਪੁਰਸ਼ਾਂ ਨੂੰ ਪਕੜਨ ਸਬੰਧੀ ਵੱਡੀ ਮੁਹਿੰਮ ਤਹਿਤ ਥਾਣਾ ਸਦਰ ਸਮਾਣਾ ਦੀ ਇੰਚਾਰਜ ਅਜੇ ਪਰੋਚਾ ਦੀ ਅਗਵਾਈ ਹੇਠ ਵੱਖ ਵੱਖ ਥਾਵਾਂ ਤੋਂ ਦੋ ਦੋਸ਼ੀਆਂ ਪਾਸੋਂ ਕਰੀਬ 200 ਗੋਲੀਆਂ ਬਰਾਮਦ ਕੀਤੀਆਂ ਗਈਆਂ। ਸਹਾਇਕ ਥਾਣੇਦਾਰ ਸਰਬਜੀਤ ਸਿੰਘ ਦੀ ਪੁਲਸ ਪਾਰਟੀ ਨੇ ਸ਼ੱਕੀ ਤੇ ਭੈੜੇ ਪੁਰਸ਼ਾਂ ਨੂੰ ਫੜਨ ਲਈ ਗਸਤ ਕਰਦਿਆਂ ਪਿੰਡ ਕਾਹਨਗੜ ਭੂਤਨਾ ਪਾਸ ਨਾਕਾਬੰਦੀ ਕੀਤੀ ਹੋਈ ਸੀ ਤਾਂ ਪੁਲਸ ਨੇ ਸ਼ੱਕ ਦੇ ਆਧਾਰ ਤੇ ਇੱਕ ਵਿਅਕਤੀ ਨੂੰ ਰੋਕਿਆ ਤੇ ਤਲਾਸ਼ੀ ਲਈ ਜਿਸ ਪਾਸੋਂ 110 ਨਸ਼ੀਲੀਆਂ ਗੋਲੀਆਂ ਖੁੱਲ੍ਹੀਆਂ ਬਰਾਮਦ ਹੋਈਆਂ। ਦੋਸ਼ੀ ਦੀ ਪਹਿਚਾਣ ਜਸਕਰਨ ਸਿੰਘ ਪੁੱਤਰ ਤਰਸੇਮ ਸਿੰਘ ਪਿੰਡ ਕਾਹਨਗੜ੍ਹ ਭੂਤਨਾ ਥਾਣਾ ਸਦਰ ਸਮਾਣਾ ਵਜੋਂ ਹੋਈ। ਪੁਲਸ ਨੇ ਫੜੇ ਗਏ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਸਹਾਇਕ ਥਾਣੇਦਾਰ ਨਿਰਮਲ ਸਿੰਘ ਦੀ ਪੁਲਸ ਪਾਰਟੀ ਨੇ ਭੈੜੇ ਅਤੇ ਸ਼ੱਕੀ ਪੁਰਸ਼ਾਂ ਦੀ ਤਲਾਸ਼ ਦੇ ਸਬੰਧ ਵਿੱਚ ਅਸਰਪੁਰ ਚੁਪਕੀ ਕੋਲ ਮੌਜੂਦ ਸੀ ਕਿ ਪੁਲਸ ਨੂੰ ਇਤਲਾਹ ਮਿਲੀ ਕਿ ਦੋਸ਼ੀ ਗੁਰਪਿਆਰ ਸਿੰਘ ਪੁੱਤਰ ਜਗਦੇਵ ਸਿੰਘ ਪਿੰਡ ਕਾਹਨਗੜ੍ਹ ਭੂਤਨਾ ਥਾਣਾ ਸਦਰ ਸਮਾਣਾ ਨਸ਼ੀਲੀਆਂ ਗੋਲੀਆਂ ਵੇਚਣ ਲਈ ਅਨਾਜ ਮੰਡੀ ਅਸਰਪੁਰ ਪਾਸ ਬੈਠਾ ਹੈ। ਪੁਲਸ ਨੇ ਰੇਡ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਜਿਸ ਪਾਸੋਂ 90 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਉਕਤ ਦੋਸ਼ੀ ਖਿਲਾਫ ਵੀ ਮੁਕੱਦਮਾ ਦਰਜ ਕਰਕੇ ਪੁਲਸ ਨੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਕਾਂਗਰਸ ਗੁਰਦਾਸਪੁਰ ਤੋਂ ਮਨਰੇਗਾ ਨੂੰ ਬਚਾਉਣ ਲਈ ਮੁਹਿੰਮ ਸ਼ੁਰੂ ਕਰੇਗੀ : ਵੜਿੰਗ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਕਾਂਗਰਸ 8 ਜਨਵਰੀ ਨੂੰ ਗੁਰਦਾਸਪੁਰ ਤੋਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਨੂੰ ਬਚਾਉਣ ਲਈ ਸੂਬੇ ਭਰ ਵਿੱਚ ਇੱਕ ਜਨ ਅੰਦੋਲਨ ਸ਼ੁਰੂ ਕਰੇਗੀ।ਇਸ ਬਾਰੇ ਐਲਾਨ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇੱਥੇ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਤਹਿਤ ਪਾਰਟੀ ਸੂਬੇ ਭਰ ਵਿੱਚ ਪ੍ਰੈਸ ਕਾਨਫਰੰਸਾਂ ਕਰ ਰਹੀ ਹੈ, ਜਿਸ ਤੋਂ ਬਾਅਦ ਸੂਬੇ ਭਰ ਵਿੱਚ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ।ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਮੁੱਦੇ ਨੂੰ ਰਾਸ਼ਟਰੀ ਪੱਧਰ 'ਤੇ ਚੁੱਕਿਆ ਹੈ।ਤੇ ਇੱਕ ਵਿਸ਼ੇਸ਼ ਮੀਟਿੰਗ ਵੀ ਕੀਤੀ ਅਤੇ ਸਰਕਾਰ ਦੇ ਇਸ ਸਕੀਮ ਨੂੰ ਖਤਮ ਕਰਨ ਸਬੰਧੀ ਪ੍ਰਸਤਾਵ ਵਿਰੁੱਧ ਕੌਮੀ ਪੱਧਰੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।ਵੜਿੰਗ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਉਸੇ ਤਰ੍ਹਾਂ ਹੀ ਕੰਮ ਕੀਤਾ, ਜਿਵੇਂ ਇਸ ਨੇ ਤਿੰਨ ਕਾਲੇ ਖੇਤੀ ਕਾਨੂੰਨ ਪੇਸ਼ ਕਰਨ ਵੇਲੇ ਕੀਤਾ ਸੀ। ਜਿਸ ਨੂੰ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਵਾਪਸ ਲੈਣਾ ਪਿਆ ਸੀ।ਉਨ੍ਹਾਂ ਕਿਹਾ ਕਿ ਮਨਰੇਗਾ ਦੀ ਥਾਂ ਲੈਣ ਵਾਲੀ ਨਵੀਂ ਯੋਜਨਾ ਵੀ ਇੱਕ ਕਾਲੇ ਕਾਨੂੰਨ ਵਾਂਗ ਹੈ। ਉਨ੍ਹਾਂ ਕਿਹਾ ਕਿ ਭਾਜਪਾ ਮਨਰੇਗਾ ਨੂੰ ਖਤਮ ਕਰਕੇ ਲੱਖਾਂ ਪੇਂਡੂ ਗਰੀਬਾਂ ਅਤੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਦੀ ਰੋਜ਼ੀ-ਰੋਟੀ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੇ ਪੇਂਡੂ ਰੁਜ਼ਗਾਰ ਅਤੇ ਆਰਥਿਕਤਾ ਨੂੰ ਬਦਲ ਦਿੱਤਾ ਸੀ।ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਮਨਰੇਗਾ ਅਤੇ ਨਵੇਂ ਕਾਨੂੰਨ ਵਿੱਚ ਸਭ ਤੋਂ ਵੱਡਾ ਅੰਤਰ ਇਹ ਹੈ ਕਿ ਮਨਰੇਗਾ ਪੇਂਡੂ ਗਰੀਬਾਂ ਨੂੰ 100 ਦਿਨਾਂ ਦੇ ਕੰਮ ਦੀ ਗਰੰਟੀ ਦਿੰਦੀ ਸੀ। ਉਨ੍ਹਾਂ ਕਿਹਾ ਕਿ ਕੋਈ ਵੀ ਸੰਵਿਧਾਨਕ ਅਧਿਕਾਰ ਦੇ ਤੌਰ 'ਤੇ ਕੰਮ ਦੀ ਮੰਗ ਕਰ ਸਕਦਾ ਹੈ, ਜਿਸਨੂੰ ਸਰਕਾਰ ਪ੍ਰਦਾਨ ਕਰਨ ਲਈ ਪਾਬੰਦ ਸੀ।ਪਰ ਹੁਣ ਭਾਜਪਾ ਨੇ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦਾ ਇਹ ਅਧਿਕਾਰ ਖੋਹ ਲਿਆ ਹੈ।ਵੜਿੰਗ ਨੇ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਮਨਰੇਗਾ ਅਧੀਨ ਕੰਮ ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਲਈ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਹੁਣ ਆਪ ਸਰਕਾਰ ਭਾਜਪਾ ਦੇ ਨਵੇਂ ਕਾਨੂੰਨ ਪਿੱਛੇ ਲੁਕਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਸੈਸ਼ਨ ਸਿਰਫ਼ ਅੱਖਾਂ 'ਤੇ ਘੱਟਾ ਪਾਉਣ ਵਾਲਾ ਹੈ, ਕਿਉਂਕਿ ਆਪ ਨੇ ਮਨਰੇਗਾ ਅਧੀਨ 100 ਦਿਨਾਂ ਦਾ ਕੰਮ ਪ੍ਰਦਾਨ ਕਰਨ ਵਿੱਚ ਅਸਫਲ ਰਹਿ ਕੇ ਪਹਿਲਾਂ ਹੀ ਪੇਂਡੂ ਗਰੀਬਾਂ ਨਾਲ ਧੋਖਾ ਕੀਤਾ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਨਵਾਂ ਕਾਨੂੰਨ ਪੰਜਾਬ ਲਈ ਹੋਰ ਵੀ ਵਿਨਾਸ਼ਕਾਰੀ ਹੋਵੇਗਾ, ਕਿਉਂਕਿ ਹੁਣ ਸੂਬੇ ਨੂੰ ਪਹਿਲਾਂ 10 ਪ੍ਰਤੀਸ਼ਤ ਦੇ ਮੁਕਾਬਲੇ 40 ਪ੍ਰਤੀਸ਼ਤ ਹਿੱਸਾ ਦੇਣਾ ਪਵੇਗਾ। ਜਦੋਂ ਆਪ ਸਰਕਾਰ 10 ਪ੍ਰਤੀਸ਼ਤ ਨਹੀਂ ਦੇ ਸਕਦੀ, ਤਾਂ ਇਹ 40 ਪ੍ਰਤੀਸ਼ਤ ਕਿਵੇਂ ਪ੍ਰਦਾਨ ਕਰ ਸਕਦੀ ਹੈ? ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਆਪ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਵਰਗੇ ਪ੍ਰਤੀਕਾਤਮਕ ਵਿਰੋਧ ਨਾਲ ਆਪਣੀਆਂ ਅਸਫਲਤਾਵਾਂ ਦੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀ।ਪ੍ਰੈਸ ਕਾਨਫਰੰਸ ਦੌਰਾਨ ਸ਼ਹਿਰੀ ਅਤੇ ਪੇਂਡੂ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਤਲਵਾੜ, ਮੇਜਰ ਸਿੰਘ ਮੁੱਲਾਂਪੁਰ, ਸਾਬਕਾ ਮੰਤਰੀ ਰਾਕੇਸ਼ ਪਾਂਡੇ, ਮਲਕੀਅਤ ਸਿੰਘ ਦਾਖਾ, ਸਾਬਕਾ ਵਿਧਾਇਕ ਸੁਰਿੰਦਰ ਡਾਵਰ, ਕੁਲਦੀਪ ਵੈਦ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ, ਸੀਨੀਅਰ ਪਾਰਟੀ ਆਗੂ ਪਵਨ ਦੀਵਾਨ, ਕੇ.ਕੇ. ਬਾਵਾ, ਕਾਮਿਲ ਸਿੰਘ ਅਤੇ ਹੋਰ ਲੋਕ ਸ਼ਾਮਲ ਸਨ।

## ਕੱਚੇ ਘਰਾਂ ਦੇ 250 ਤੋਂ ਵੱਧ ਲਾਭਪਾਤਰੀਆਂ ਨੂੰ ਢਾਈ ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ-ਹਿਤੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਆਯੋਜਤ ਇਕ ਸੰਖੇਪ ਸਮਾਗਮ ਦੌਰਾਨ ਕੱਚੇ ਘਰਾਂ ਵਿੱਚ ਰਹਿ ਰਹੇ 250 ਤੋਂ ਵੱਧ ਲਾਭਪਾਤਰੀ ਪਰਿਵਾਰਾਂ ਨੂੰ ਪੱਕੇ ਘਰ ਬਣਾਉਣ ਲਈ ਗ੍ਰਾਂਟ ਦੇ ਮਨਜ਼ੂਰੀ ਪੱਤਰ ਤਕਸੀਮ ਕੀਤੇ ਗਏ।

ਸਮਾਗਮ ਦੀ ਅਗਵਾਈ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਸੁਖਵੀਰ ਸਿੰਘ, ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕੀਤੀ।ਸਮਾਗਮ 'ਚ ਆਲ ਇੰਡੀਆ ਐਫ.ਸੀ.ਆਈ ਐਗਜੀਕਿਊਟਵ ਸਟਾਫ਼ ਯੂਨੀਅਨ ਦੇ ਕੌਮੀ ਪ੍ਰਧਾਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਅਨਵਰ ਭਸੌੜ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ ਆਦਿ ਵੀ ਸ਼ਮੂਲੀਅਤ ਕੀਤੀ।ਚੇਅਰਮੈਨ ਮੁੱਖ ਮੰਤਰੀ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਦੱਸਿਆ ਕਿ ਕੱਚੇ ਘਰਾਂ ਵਿੱਚ ਰਹਿ ਰਹੇ ਹਰ ਯੋਗ ਲਾਭਪਾਤਰੀ ਨੂੰ 2 ਲੱਖ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਕਿਸ਼ਤਾਂ ਦੇ ਰੂਪ ਵਿੱਚ ਪ੍ਰਦਾਨ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਪਹਿਲੀ ਕਿਸ਼ਤ ਦੇ ਤਹਿਤ 255 ਲਾਭਪਾਤਰੀਆਂ ਨੂੰ ਕੁੱਲ 2 ਕਰੋੜ 50 ਲੱਖ ਰੁਪਏ ਦੇ ਮੰਜ਼ੂਰੀ ਪੱਤਰ ਸੌਂਪੇ ਗਏ ਹਨ।ਉਨ੍ਹਾਂ ਇਹ ਵੀ ਯਕੀਨੀ ਬਣਾਇਆ ਕਿ ਉਸਾਰੀ ਕੰਮ ਦੇ ਅਨੁਸਾਰ ਅਗਲੀਆਂ ਕਿਸ਼ਤਾਂ ਵੀ ਸਮੇਂ-ਸਿਰ ਜਾਰੀ ਕੀਤੀਆਂ ਜਾਣਗੀਆਂ, ਤਾਂ ਜੁ ਲਾਭਪਾਤਰੀਆਂ ਨੂੰ ਕਿਸੇ ਕਿਸਮ ਦੀ ਆਰਥਿਕ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੰਜਾਬੀਆਂ ਨਾਲ ਕੀਤਾ ਹਰੇਕ ਵਾਅਦਾ ਨਿਭਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁਫ਼ਤ ਬਿਜਲੀ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ, ਸਿੱਖਿਆ ਅਤੇ ਸਿਹਤ ਖੇਤਰ ਵਿੱਚ ਕੀਤੀਆਂ ਗਈਆਂ ਇਤਿਹਾਸਕ ਪਹਿਲਕਦਮੀਆਂ ਨੇ ਆਮ ਆਦਮੀ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਲਿਆ ਹੈ ਅਤੇ ਇਹ ਯੋਜਨਾਵਾਂ ਦੇਸ਼ ਭਰ ਵਿੱਚ ਮਿਸਾਲ ਬਣ ਰਹੀਆਂ ਹਨ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਉਦੇਸ਼ ਆਮ ਆਦਮੀ ਦੀ ਜ਼ਿੰਦਗੀ ਨੂੰ ਸੁਖਾਲੀ ਬਣਾਉਣਾ ਹੈ ਤੇ ਵਿਕਾਸ ਕਾਰਜ ਬਿਨਾਂ ਕਿਸੇ ਭੇਦਭਾਵ ਦੇ ਲਗਾਤਾਰ ਜਾਰੀ ਰਹਿਣਗੇ।

## ਅਮਿੱਟ ਯਾਦਾਂ ਛੱਡ ਗਿਆ ਭਾਈ ਬਹਿਲੋ ਖੇਡ ਮੇਲਾ



**ਬਠਿੰਡਾ (ਰਾਜੀਵ ਗੋਇਲ)**

ਬੀਤੇ ਦਿਨੀਂ ਜ਼ਿਲੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਭਾਈ ਬਹਿਲੋ ਹਾਕੀ ਸੁਸਾਇਟੀ ਵੱਲੋਂ ਕਰਵਾਇਆ ਗਿਆ 26ਵਾਂ ਭਾਈ ਬਹਿਲੋ ਖੇਡ ਮੇਲਾ 2025 ਯਾਦਗਾਰੀ ਬਣ ਸੰਪੰਨ ਹੋਇਆ। ਇਸ ਖੇਡ ਮੇਲੇ ਦਾ ਉਦਘਾਟਨ 25 ਦਸੰਬਰ ਨੂੰ ਪ੍ਰਸਿੱਧ ਕਥਾਵਾਚਕ ਸ਼ਾਸ਼ਤਰੀ ਕਮਲਜੀਤ ਸਿੰਘ ਡੇਰਾ ਭੋਰੇ ਵਾਲੇ ਸੁਖਾਨੰਦ ਵੱਲੋਂ ਕੀਤਾ ਗਿਆ।ਇਹ ਟੂਰਨਾਮੈਂਟ 25 ਦਸੰਬਰ ਤੋਂ 28 ਦਸੰਬਰ ਤੱਕ ਚੱਲਿਆ।ਇਸ ਟੂਰਨਾਮੈਂਟ ਦੇ ਵਿੱਚ ਪੰਜਾਬ ਭਰ ਚੋਂ ਕੁੱਲ 32 ਟੀਮਾਂ ਨੇ ਭਾਗ ਲਿਆ।ਟੂਰਨਾਮੈਂਟ 'ਚ ਪਿਛਲੇ ਦਿਨੀਂ ਚੇਨਈ 'ਚ ਹੋਏ ਜੂਨੀਅਰ ਵਿਸ਼ਵ ਹਾਕੀ ਕੱਪ ਦੇ ਖਿਡਾਰੀ ਗੁਰਵਿੰਦਰ ਸਿੰਘ ਬਰਾੜ ਨੇ ਘੋਲੀਆਂ ਖੁਰਦ ਦੀ ਟੀਮ ਵੱਲੋਂ ਖੇਡਦੇ ਹੋਏ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ।ਖੇਡ ਮੇਲੇ ਦੇ ਦੂਜੇ ਦਿਨ ਬਤੌਰ ਮੁੱਖ ਮਹਿਮਾਨ ਸ੍ਰੀਮਾਨ ਮਹਿੰਦਰਪਾਲ ਸਿੰਘ ਸੇਵਾ ਮੁਕਤ ਉਪ ਜ਼ਿਲਾ ਸਿੱਖਿਆ ਅਫ਼ਸਰ ਸਾਹਿਬਾਨ ਨੇ ਹਾਜ਼ਰੀ ਭਰੀ।ਇਸ ਮੌਕੇ ਸ ਹਰਬੰਸ ਸਿੰਘ ਸੇਵਾ ਮੁਕਤ ਡਿਪਟੀ ਸੈਕਟਰੀ ਪੰਜਾਬ ਸਰਕਾਰ, ਸੁਖਪ੍ਰੀਤ ਸਿੰਘ ਪੰਜਾਬ ਪੁਲਿਸ, ਜਸਵਿੰਦਰ ਸਿੰਘ ਪੰਜਾਬ ਪੁਲਿਸ, ਗੁਰਪਿਆਰ ਸਿੰਘ ਪੰਜਾਬ ਪੁਲਿਸ ਹਾਜ਼ਰ ਸਨ। ਖੇਡਾਂ ਦੇ ਤੀਸਰੇ ਦਿਨ ਦੇ ਮੁੱਖ ਮਹਿਮਾਨ ਸ ਪਰਬਤ ਸਿੰਘ ਮੁੱਖ ਅਫ਼ਸਰ ਥਾਣਾ ਦਿਆਲਪੁਰਾ ਭਗਤਾ ਭਾਈਕਾ ਵੱਲੋਂ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਗਿਆ।ਖੇਡ ਮੇਲੇ ਦੇ ਸਾਰੇ ਦਿਨ ਖਿਡਾਰੀਆਂ ਤੇ ਦਰਸ਼ਕਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਸੀ।ਟੂਰਨਾਮੈਂਟ ਦੇ ਆਖ਼ਰੀ ਦਿਨ ਕੁਆਟਰ ਫਾਇਨਲ, ਸੈਮੀ ਫਾਇਨਲ ਅਤੇ ਫਾਇਨਲ ਮੈਚ ਹੋਏ। ਹਾਕੀ ਖੇਡ ਮੇਲੇ ਦੇ ਸੈਮੀਫਾਇਨਲ 'ਚ ਪਿੰਡ ਡਾਲਾ ਹਠੂਰ, ਗੁਰੂਸਰ ਸੁਧਾਰ ਤੇ ਧੂੜਕੋਟ ਦੀਆਂ ਟੀਮਾਂ ਪਹੁੰਚੀਆਂ।ਫਾਇਨਲ ਮੈਚ ਹਠੂਰ ਅਤੇ ਧੜੂਕੋਟ ਟੀਮਾਂ ਵਿਚਕਾਰ ਖੇਡਿਆ ਗਿਆ। ਫਾਇਨਲ ਮੈਚ 'ਚ ਅੰਤਿਮ ਸਮੇਂ ਤੱਕ ਕੋਈ ਟੀਮ ਗੋਲ ਨਾ ਕਰ ਸਕੀ, ਜਿਸ ਕਰਕੇ ਦੋਨਾਂ ਟੀਮਾਂ ਵਿਚਕਾਰ ਜਿੱਤ ਹਾਰ ਦਾ ਫੈਸਲਾ ਪਨੈਲਟੀ ਸਟਰੋਕ ਰਾਹੀਂ ਕੀਤਾ ਗਿਆ ਜਿਸ ਵਿੱਚ ਪਿੰਡ ਧੂੜਕੋਟ ਦੀ ਟੀਮ ਨੇ ਬਾਜ਼ੀ ਮਾਰੀ ਤੇ 26 ਵੇਂ ਭਾਈ ਬਹਿਲੋ ਖੇਡ ਮੇਲੇ ਦੇ ਜੇਤੂ ਬਣੇ,ਪਿੰਡ ਹਠੂਰ ਦੀ ਟੀਮ ਦੂਜੇ ਨੰਬਰ ਤੇ ਰਹੀ। ਜੇਤੂ ਟੀਮ ਨੂੰ 51000/- ਦੀ ਰਾਸ਼ੀ ਤੇ ਕੱਪ ਸ ਦਰਸ਼ਨ ਸਿੰਘ ਫੌਜੀ ਕਨੇਡਾ ਦੇ ਪਰਿਵਾਰ ਵੱਲੋਂ ਦਿੱਤਾ ਗਿਆ।ਉੱਪ ਜੇਤੂ ਟੀਮ ਨੂੰ 41000/- ਦੀ ਇਨਾਮੀ ਰਾਸ਼ੀ ਭਾਈ ਬਹਿਲੋ ਹਾਕੀ ਸੁਸਾਇਟੀ ਦੁਆਰਾ ਦਿੱਤੀ ਗਈ।ਤੀਜੇ ਨੰਬਰ ਤੇ ਅਤੇ ਚੌਥੇ ਨੰਬਰ ਵਾਲੀਆਂ ਟੀਮਾਂ ਨੂੰ 5100-5100 ਰੁਪਏ ਇਨਾਮੀ ਰਾਸ਼ੀ ਕ੍ਰਮਵਾਰ ਮਨਜੀਤ ਸਿੰਘ ਥਾਣੇਦਾਰ ਅਤੇ ਸ ਇਕੱਤਰ ਸਿੰਘ ਦੇ ਪਰਿਵਾਰ ਵੱਲੋਂ ਦਿੱਤੀ ਗਈ।ਇਸ ਟੂਰਨਾਮੈਂਟ ਦੇ ਬੈਸਟ ਖਿਡਾਰੀ ਹੈਪੀ ਤਖਾਣਵੱਧ ਅਤੇ ਬੱਟੂ ਡਾਲਾ ਰਹੇ, ਜਿਹਨ੍ਹਾਂ ਨੂੰ ਸ ਮਹਿੰਦਰਪਾਲ ਸਿੰਘ ਦੁਆਰਾ ਸਨਮਾਨਿਤ ਕੀਤਾ ਗਿਆ।ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਸ ਇੰਦਰਜੀਤ ਸਿੰਘ ਮਾਨ ਚੇਅਰਮੈਨ ਗ੍ਰਾਮੀਨ ਅਤੇ ਉਦਯੋਗ ਬੋਰਡ ਪੰਜਾਬ ਅਤੇ ਸ ਬੂਟਾ ਸਿੰਘ ਪ੍ਰਧਾਨ ਨਗਰ ਪੰਚਾਇਤ ਭਗਤਾ ਭਾਈ ਕਾ ਨੇ ਕੀਤੀ ਉਹਨਾਂ ਦੇ ਨਾਲ ਸ ਮਨਿੰਦਰ ਸਿੰਘ ਤਰਨਤਾਰਨ, ਮਨਦੀਪ ਸਿੰਘ ਹੈੱਡ ਮਾਸਟਰ ਹਾਜ਼ਰ ਰਹੇ । ਅਖੀਰ ਵਿੱਚ ਭਾਈ ਬਹਿਲੋ ਹਾਕੀ ਸੁਸਾਇਟੀ ਦੇ ਪ੍ਰਧਾਨ ਮਾ ਜਗਸੀਰ ਸਿੰਘ ਪੰਮਾ ਵੱਲੋਂ ਖੇਡ ਮੇਲੇ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ, ਦਰਸ਼ਕ ਵੀਰਾਂ, ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

## ਨਿੱਜੀ ਫੈਕਟਰੀ ਦਾ ਗੰਦਾ ਪਾਣੀ ਬਣਿਆ ਲੋਕਾਂ ਲਈ ਮੁਸੀਬਤ



**ਸਨੌਰ (ਰਾਜਿੰਦਰ ਥਿੰਦ)**-ਸਨੌਰ ਅਧੀਨ ਜੌੜੀਆਂ ਸੜਕ ਰੋਡ 'ਤੇ ਇੱਕ ਨਿੱਜੀ ਫੈਕਟਰੀ ਵੱਲੋਂ ਨਿਕਲ ਰਿਹਾ ਗੰਦਾ ਪਾਣੀ ਇਲਾਕੇ ਦੇ ਲੋਕਾਂ ਲਈ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ।ਫੈਕਟਰੀ ਤੋਂ ਨਿਕਲਣ ਵਾਲਾ ਇਹ ਗੰਦਾ ਪਾਣੀ ਸਿੱਧਾ ਸੜਕ ਉੱਤੇ ਆ ਰਿਹਾ ਹੈ, ਜਿਸ ਕਾਰਨ ਆਵਾਜਾਈ 'ਚ ਰੁਕਾਵਟ ਪੈਦਾ ਹੋ ਰਹੀ ਹੈ ਤੇ ਹਾਦਸਿਆਂ ਦਾ ਖਤਰਾ ਵੀ ਵਧ ਗਿਆ ਹੈ।ਖ਼ਾਸ ਕਰਕੇ ਦੋਪਹੀਆ ਵਾਹਨਾਂ ਤੇ ਪੈਦਲ ਚੱਲਣ ਵਾਲਿਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਦੱਸਣਯੋਗ ਹੈ ਕਿ ਫੈਕਟਰੀ ਦੇ ਬਿਲਕੁਲ ਸਾਹਮਣੇ ਇੱਕ ਖਾਲੀ ਪਲਾਟ 'ਚ ਇਹ ਗੰਦਾ ਪਾਣੀ ਲੰਮੇ ਸਮੇਂ ਤੋਂ ਇਕੱਠਾ ਹੋ ਰਿਹਾ ਹੈ।ਇਸ ਕਾਰਨ ਇਲਾਕੇ 'ਚ ਬਦਬੂ ਫੈਲ ਰਹੀ ਹੈ ਤੇ ਮੱਛਰਾਂ ਤੇ ਹੋਰ ਬਿਮਾਰੀਆਂ ਫੈਲਾਉਣ ਵਾਲੇ ਕੀੜਿਆਂ ਦੀ ਭਰਮਾਰ ਹੋ ਗਈ ਹੈ।ਲੋਕਾਂ ਦਾ ਕਹਿਣਾ ਹੈ ਕਿ ਗਰਮੀ ਦੇ ਮੌਸਮ 'ਚ ਹਾਲਾਤ ਹੋਰ ਵੀ ਖ਼ਰਾਬ ਹੋ ਜਾਂਦੇ ਹਨ ਤੇ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ।

ਕਈ ਵਾਰ ਫੈਕਟਰੀ ਮਾਲਕ ਨੂੰ ਜਾਣੂ ਕਰਾਇਆ ਗਿਆ, ਪਰ ਅਜੇ ਤੱਕ ਕੋਈ ਢੁੱਕਵਾਂ ਹੱਲ ਨਹੀਂ ਕੱਢਿਆ ਗਿਆ। ਇੱਥੋਂ ਤੱਕ ਕਿ ਸਬੰਧਤ ਵਿਭਾਗਾਂ ਵੱਲੋਂ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਲੋਕਾਂ ਵਿੱਚ ਰੋਸ ਵਧਦਾ ਜਾ ਰਿਹਾ ਹੈ।ਇਲਾਕੇ ਦੇ ਵਸਨੀਕਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਇਹ ਸਮੱਸਿਆ ਦਿਨੋ-ਦਿਨ ਗੰਭੀਰ ਰੂਪ ਧਾਰਨ ਕਰ ਰਹੀ ਹੈ।ਲੋਕਾਂ ਨੇ ਮੰਗ ਕੀਤੀ ਹੈ ਕਿ ਫੈਕਟਰੀ ਵੱਲੋਂ ਨਿਕਾਸੀ ਪ੍ਰਣਾਲੀ ਨੂੰ ਤੁਰੰਤ ਠੀਕ ਕਰਾਇਆ ਜਾਵੇ ਤੇ ਖਾਲੀ ਪਲਾਟ ਵਿੱਚ ਇਕੱਠੇ ਹੋ ਰਹੇ ਗੰਦੇ ਪਾਣੀ ਦੀ ਨਿਕਾਸੀ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਜੇ ਜਲਦੀ ਕੋਈ ਕਾਰਵਾਈ ਨਾ ਹੋਈ ਤਾਂ ਉਹ ਸੰਘਰਸ਼ ਦਾ ਰਾਹ ਅਪਣਾਉਣ ਲਈ ਮਜਬੂਰ ਹੋਣਗੇ।

## ਵਿਧਾਇਕਾਂ ਦੀਆਂ ਕੋਠੀਆਂ ਅੱਗੇ ਧਰਨਾ 9 ਨੂੰ : ਆਤਮਾ ਸਿੰਘ

**ਬੱਧਨੀ ਕਲਾਂ (ਲਵਲੀ ਕੁਮਾਰ)**-ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਆਤਮਾ ਸਿੰਘ ਧੂੜਕੋਟ ਰਣਸੀਂਹ ਦੀ ਰਹਿਨੁਮਾਈ ਹੇਠ ਹੋਈ ਜਿਸ ਵਿੱਚ ਕਿਸਾਨੀ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ੇਰੇ ਏ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨਵੇਂ-ਨਵੇਂ ਤਰੀਕਿਆਂ ਨਾਲ ਅਧਿਕਾਰ ਖੋਹ ਰਹੀਆਂ ਹਨ ਜਦ ਕਿ ਹੋਰ ਸਿਆਸੀ ਪਾਰਟੀਆਂ ਦਾ ਕੁੰਭਕਰਨੀ ਨੀਂਦ ਸੁੱਤੇ ਹੋਣਾ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ 9 ਜਨਵਰੀ 2026 ਨੂੰ ਵਿਧਾਇਕਾਂ ਦੀਆਂ ਕੋਠੀਆਂ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਮੰਗ ਪੱਤਰ ਦਿੱਤੇ ਜਾਣਗੇ। ਇਸ ਮੌਕੇ ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਹਾਜ਼ਰ ਸਨ।

## ਸ਼ਹਿਰ ਵਾਸੀਆਂ ਨੂੰ ਕੋਈ ਲਾਹਾ ਨਹੀਂ ਦੇਵੇਗੀ ਨਵੀਂ ਵਾਰਡਬੰਦੀ : ਡਾ. ਹਰਜੋਤ ਕਮਲ

■ ਮੇਰੇ ਕੀਤੇ ਕੰਮਾਂ ਦਾ ਮੁੱਲ ਲੋਕ ਭਾਜਪਾ ਉਮੀਦਵਾਰਾਂ ਨੂੰ ਜਿਤਾ ਕੇ ਮੋੜਨਗੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਹੈ ਕਿ ਨਗਰ ਨਿਗਮ ਦੀ ਵਾਰਡਬੰਦੀ ਇੱਕ ਸਿਆਸੀ ਪ੍ਰੋਜੈਕਟ ਹੈ।ਇਹ ਵਾਰਡਬੰਦੀ ਆਮ ਆਦਮੀ ਪਾਰਟੀ ਨੇ ਆਪਣੇ ਪਾਰਟੀ ਉਮੀਦਵਾਰਾਂ ਨੂੰ ਫ਼ਾਇਦਾ ਪੁਚਾਉਣ ਲਈ ਬਣਾਈ ਹੈ, ਜਿਸ ਨਾਲ ਸ਼ਹਿਰ ਦੀ ਜਨਤਾ ਨੂੰ ਕੋਈ ਲਾਭ ਨਹੀਂ ਮਿਲਣ ਵਾਲਾ। ਸ਼ਹਿਰ ਦੇ ਹਿੱਤ ਵਿੱਚ ਬਣਨ ਵਾਲੇ ਕਿਸੇ ਵੀ ਪ੍ਰੋਜੈਕਟ ਨੂੰ ਕੋਈ ਪਾਰਟੀ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰਦੀ।ਇਤਰਾਜ਼ ਦਰਜ ਕਰਾਉਣ ਲਈ ਸਿਰਫ਼ ਇੱਕ ਦਿਨ ਦਾ ਸਮਾਂ ਦੇਣਾ ਇਸ ਗੱਲ ਨੂੰ ਸਾਫ਼ ਕਰਦਾ ਹੈ ਕਿ ਆਮ ਆਦਮੀ ਪਾਰਟੀ ਦੀ ਕੋਸ਼ਿਸ਼ ਸੀ ਕਿ ਲੋਕ ਇਤਰਾਜ਼ ਦੇ ਹੀ ਨਾ ਸਕਣ।ਡਾ. ਹਰਜੋਤ ਕਮਲ ਨੇ ਕਿਹਾ ਕਿ ਜਦੋਂ ਉਹ ਵਿਧਾਇਕ ਸਨ, ਉਸ ਸਮੇਂ ਉਨ੍ਹਾਂ ਵੱਲੋਂ ਬਣਾਏ ਗਏ ਮੇਅਰ ਦੇ ਕਾਰਜਕਾਲ ਦੌਰਾਨ ਮੇਨ ਬਜ਼ਾਰ ਦੀ ਸੜਕ, ਅਕਾਲਸਰ ਰੋਡ, ਬਾਬਾ ਮੱਲਣ ਸ਼ਾਹ ਰੋਡ ਤੋਂ ਇਲਾਵਾ ਪੂਰੇ ਸ਼ਹਿਰ ਦੇ ਸਿਵਰੇਜ ਦੀ ਸਫ਼ਾਈ ਵੱਡੀਆਂ ਸਕਸ਼ਨ ਮਸ਼ੀਨਾਂ ਰਾਹੀਂ ਕਰਾਈ ਗਈ ਸੀ।ਇਸ ਤੋਂ ਇਲਾਵਾ ਸ਼ਹਿਰ ਦੇ ਆਊਟਰ ਇਲਾਕਿਆਂ ਵਿੱਚ ਨਵਾਂ ਸੀਵਰੇਜ ਪਾ ਕੇ ਉੱਥੇ ਸੜਕਾਂ ਬਣਵਾਈਆਂ ਗਈਆਂ।ਪੂਰੇ ਸ਼ਹਿਰ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਾਏ ਗਏ।ਏਨਾ ਸਭ ਕੁਝ ਕਰਨ ਦੇ ਬਾਵਜੂਦ ਮੇਰੇ ਵੱਲੋਂ ਲੋਕਤਾਂਤਰਿਕ ਢੰਗ ਨਾਲ ਲਾਏ ਗਏ ਮੇਅਰ ਨੂੰ ਰਾਜਨੀਤਕ ਉਥਲ-ਪੁਥਲ ਕਾਰਨ ਬਦਲ ਦਿੱਤਾ ਗਿਆ, ਜਿਸ ਦਾ ਖਾਮਿਆਜ਼ਾ ਅੱਜ ਵੀ ਸ਼ਹਿਰ ਵਾਸੀ ਭੁਗਤ ਰਹੇ ਹਨ, ਕਿਉਂਕਿ ਉਸ ਸਮੇਂ ਤੋਂ ਹੀ ਸ਼ਹਿਰ ਵਿੱਚ ਵਿਕਾਸ ਕਾਰਜਾਂ 'ਤੇ ਵਿਰਾਮ ਲੱਗ ਗਿਆ ਸੀ।

ਡਾ. ਹਰਜੋਤ ਕਮਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਗਰ ਨਿਗਮ ਚੋਣਾਂ ਨੂੰ ਲੈ ਕੇ ਜਲਦਬਾਜ਼ੀ ਵਿੱਚ ਦਿੱਖ ਰਹੀ ਹੈ, ਪਰ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਇਹ ਵੀ ਜਨਤਾ ਨੂੰ ਦੱਸਣਾ ਚਾਹੀਦਾ ਹੈ ਕਿ ਉਸ ਨੇ ਆਪਣੀ ਪਾਰਟੀ ਦੇ ਚੁਣੇ ਹੋਏ ਮੇਅਰ ਨੂੰ ਕਿਸ ਕਾਰਨ ਹਟਾਇਆ।ਜੇਕਰ ਕੋਈ ਗੰਭੀਰ ਅਪਰਾਧ ਕੀਤਾ ਗਿਆ ਸੀ ਤਾਂ ਉਹ ਜਨਤਕ ਕੀਤਾ ਜਾਣਾ ਚਾਹੀਦਾ ਹੈ ਤਾਂ ਜੁ ਲੋਕਾਂ ਨੂੰ ਪਤਾ ਲੱਗ ਸਕੇ ਕਿ ਆਮ ਆਦਮੀ ਪਾਰਟੀ ਦੇ ਮੇਅਰ ਨੇ ਕੀ ਕੀਤਾ ਸੀ।ਜੇਕਰ ਕੋਈ ਗੰਭੀਰ ਦੋਸ਼ ਸਨ ਤਾਂ ਹੁਣ ਤੱਕ ਹਟਾਏ ਗਏ ਮੇਅਰ ਦੇ ਖ਼ਿਲਾਫ਼ ਕੀ ਕਾਨੂੰਨੀ ਕਾਰਵਾਈ ਕੀਤੀ ਗਈ ਹੈ, ਇਹ ਵੀ ਜਨਤਾ ਸਾਹਮਣੇ ਆਉਣਾ ਚਾਹੀਦਾ ਹੈ।ਮੌਜੂਦਾ ਸਥਿਤੀ ਤੋਂ ਤਾਂ ਇਹ ਸਾਫ਼ ਦਿਸਦਾ ਹੈ ਕਿ ਆਮ ਆਦਮੀ ਪਾਰਟੀ ਨੇ ਸਿਰਫ਼ ਆਪਣੀ ਛਵੀ ਖ਼ਰਾਬ ਹੋਣ ਤੋਂ ਬਚਾਉਣ ਲਈ ਕਿਸੇ ਗੰਭੀਰ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।ਜੇਕਰ ਆਮ ਆਦਮੀ ਪਾਰਟੀ ਮੇਅਰ ਬਲਜੀਤ ਸਿੰਘ ਨੂੰ ਹਟਾਉਣ ਦੇ ਮਾਮਲੇ ਨੂੰ ਜਨਤਾ ਸਾਹਮਣੇ ਨਹੀਂ ਲਿਆਉਂਦੀ ਤਾਂ ਭਾਜਪਾ ਇਸ ਨੂੰ ਚੋਣਾਂ ਵਿੱਚ ਮੁੱਦਾ ਬਣਾਏਗੀ।ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਹੀ ਕਾਰਜਕਾਲ ਦੌਰਾਨ ਐਸੀਆਂ ਸੜਕਾਂ ਬਣੀਆਂ, ਜੋ ਅੱਧੀ ਰਾਤ ਨੂੰ ਬਣਾਈਆਂ ਗਈਆਂ ਅਤੇ ਸਵੇਰੇ ਹੀ ਬਿਖਰ ਗਈਆਂ, ਜਿਸ ਕਾਰਨ ਨਗਰ ਨਿਗਮ ਨੂੰ ਨਿਰਮਾਣ ਸਮੱਗਰੀ ਚੁੱਕ ਕੇ ਲਿਜਾਣੀ ਪਈ।ਜੇਕਰ ਮੌਕੇ +ਤੇ ਨਿਰਮਾਣ ਸਮੱਗਰੀ ਦੇ ਸੈਂਪਲ ਭਰੇ ਜਾਂਦੇ ਤਾਂ ਮੋਗਾ ਨਗਰ ਨਿਗਮ ਵਿੱਚ ਸੜਕਾਂ ਦੀ ਮੁਰੰਮਤ ਦੇ ਨਾਂਅ 'ਤੇ ਚੱਲ ਰਹੇ ਭ੍ਰਿਸ਼ਟਾਚਾਰ ਦਾ ਪਰਦਾਫ਼ਾਸ਼ ਹੋ ਜਾਂਦਾ।ਇਸ ਭ੍ਰਿਸ਼ਟਾਚਾਰ ਲਈ ਜ਼ਿੰਮੇਵਾਰ ਅਜੇ ਤੱਕ ਕਿਸੇ ਵੀ ਅਧਿਕਾਰੀ ਜਾਂ ਠੇਕੇਦਾਰ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਸ਼੍ਰੋਮਣੀ ਆਕਾਲੀ ਦਲ ਵੱਲੋਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਸਾਰੇ ਉਮੀਦਵਾਰਾਂ ਨੂੰ ਸਨਮਾਨਤ ਕੀਤਾ ਗਿਆ।ਹਲਕਾ ਇੰਚਾਰਜ ਐੱਸ.ਆਰ.ਕਲੇਰ ਨੇ ਭਵਿੱਖੀ ਰਣਨੀਤੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ ਤਕੜੇ ਹੋਣ ਦਾ ਸੱਦਾ ਦਿੱਤਾ।ਪਾਰਟੀ ਦਫ਼ਤਰ ਅੰਦਰ ਸ੍ਰੀ ਐਸ.ਆਰ.ਕਲੇਰ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਬਲਾਕ ਸੰਮਤੀ ਚੋਣਾਂ ਲੜਨ ਵਾਲੇ ਸਾਰੇ ਹੀ ਉਮੀਦਵਾਰਾਂ ਦਾ ਸਨਮਾਨ ਵੀ ਕੀਤਾ ਗਿਆ।ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਸ੍ਰੀ ਕਲੇਰ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫਾਦਾਰ ਅਤੇ ਸਮਰਪਣ ਭਾਵਨਾ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਆਪਣੇ ਜੁਝਾਰੂ ਵਰਕਰਾਂ ਦਾ ਸਨਮਾਨ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ, ਜਿਨ੍ਹਾਂ ਸੱਤਾਧਾਰੀਆਂ ਦੇ ਹਰ ਤੰਤਰ ਦਾ ਸਾਹਮਣਾ ਕਰਦਿਆਂ ਨਿੱਡਰ ਹੋ ਕੇ ਚੋਣ ਲੜੀ ਤੇ ਵਿਰੋਧੀਆਂ ਦੇ ਹਰ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ।ਸ੍ਰੀ ਕਲੇਰ ਨੇ ਕਿਹਾ ਕਿ ਲੰਘੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਭਰਵਾਂ ਸਹਿਯੋਗ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦੌਰਾਨ ਸੱਤਾਧਾਰੀ ਧਿਰ ਦੀ ਕਾਰਗੁਜ਼ਾਰੀ ਨਾਂਹਪੱਖੀ ਰਹੀ ਹੈ ਤੇ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਤੋਂ ਬੇਹੱਦ ਪ੍ਰੇਸ਼ਾਨ ਹਨ।ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਮਿਲ ਰਿਹਾ ਭਰਵਾਂ ਹੁੰਗਾਰਾ ਭਵਿੱਖ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦਾ ਵੱਡਾ ਸੰਕੇਤ ਹੈ।ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਸੂਬੇ ਅੰਦਰ ਸ਼ੋਸ਼ਲ ਮੀਡੀਆ ਰਾਹੀਂ ਫੈਲਾਇਆ ਜਾ ਰਿਹਾ ਕੂੜ ਪ੍ਰਚਾਰ ਆਮ ਲੋਕਾਂ ਨੇ ਨਕਾਰ ਦਿੱਤਾ ਹੈ ਤੇ ਲੋਕ ਹੁਣ ਝੂਠ ਤੋਂ ਕਿਨਾਰਾ ਕਰਕੇ ਜਮੀਨੀ ਹਕੀਕਤਾਂ ਨਾਲ ਜੁੜਨਾ ਪਸੰਦ ਕਰਨ ਲੱਗੇ ਹਨ।

## ਵਧੇ ਬੱਸ ਕਿਰਾਇਆ ਘੋਲ ਦੌਰਾਨ ਵਾਪਰੇ ਗੋਲੀ ਕਾਂਡ ਦੀ 45ਵੀਂ ਵਰ੍ਹੇਗੰਢ ਮਨਾਈ

■ ਸਮਾਗਮ ਵਿਛੜੇ ਅਜਾਇਬ ਸਿੰਘ ਰਟੌਲ ਦੀ ਯਾਦ ਨੂੰ ਸਮਰਪਤ ਕੀਤਾ ਗਿਆ



**ਦਿੜ੍ਹਬਾ (ਜਸਵੀਰ ਲਾਡੀ)**-ਟੂਲਿੱਪ ਫ਼ਾਰਮ ਛਾਜਲੀ ਵਿਖੇ ਛਾਜਲੀ ਗੋਲੀ ਕਾਂਡ ਦੀ 45ਵੀਂ ਵਰ੍ਹੇਗੰਢ ਮਨਾਈ ਗਈ । ਜਿਸ ਵਿੱਚ ਲਹਿਰਾਗਾਗਾ-ਸੁਨਾਮ ਇਲਾਕੇ ਦੇ ਵਿਛੜੇ ਸਾਥੀਆਂ ਦੀ ਫੋਟੋ ਗੈਲਰੀ ਬਣਾ ਕੇ ਤਾਰਾ ਸਿੰਘ ਛਾਜਲੀ ਨੇ ਸ਼ਰਧਾਂਜਲੀ ਗੀਤ ਗਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਵਿਛੜੇ ਸਾਥੀਆਂ ਨੂੰ ਲਾਲ ਸਲਾਮ ਦੇ ਨਾਹਰੇ ਲਾਏ ਗਏ । ਸਟੇਜ ਦਾ ਸੰਚਾਲਨ ਰਘਵੀਰ ਸਿੰਘ ਭੁਟਾਲ ਨੇ ਕਰਦਿਆਂ 1980ਵਿਆਂ ਵਿੱਚ ਨੌਜਵਾਨ ਭਾਰਤ ਸਭਾ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਸਰਗਰਮ ਰਹੇ ਆਗੂਆਂ ਦੀ ਜਾਣ ਪਹਿਚਾਣ ਕਰਵਾਈ।ਮੁੱਖ ਬੁਲਾਰੇ ਜਗਜੀਤ ਸਿੰਘ ਭੁਟਾਲ, ਨਰਿੰਦਰ ਸਿੰਘ ਨਿੰਦੀ, ਜਗਦੀਸ਼ ਸਿੰਘ ਪਾਪੜਾ, ਮੇਜਰ ਸਿੰਘ ਮੱਟਰਾਂ, ਦੇਸ ਰਾਜ ਛਾਜਲੀ ਅਤੇ ਬਲਵੀਰ ਸਿੰਘ ਜਲੂਰ ਨੇ 45 ਸਾਲ ਵਾਪਰੇ ਛਾਜਲੀ ਗੋਲੀ ਕਾਂਡ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਮੋਗਾ ਗੋਲੀ ਕਾਂਡ ਕਰਨ ਵਾਲੇ ਥਾਣੇਦਾਰ ਪਿਆਰਾ ਲਾਲ ਪੀਪਾ ਦੀ ਅਗਵਾਈ ਹੇਠ ਭਾਰੀ ਪੁਲਸ ਫੋਰਸ ਨੇ ਡਾਂਗਾਂ, ਅੱਥਰੂ ਗੈਸ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਸੜਕ ਜਾਮ ਦੇ ਸੱਦੇ ਨੂੰ ਖਿੰਡਾਉਣ ਦੀ ਕਹਿਰ ਭਰੀ ਕਾਰਵਾਈ ਕਰਨ ਦੇ ਬਾਵਜੂਦ ਗੁਰਮੇਲ ਸਿੰਘ ਮੇਲੂ, ਮੇਜਰ ਸਿੰਘ ਮੱਟਰਾਂ, ਸੱਤ ਛਾਜਲੀ, ਬਲਜੀਤ ਸਿੰਘ ਛਾਜਲੀ ਹੁਰਾਂ ਦੀ ਅਗਵਾਈ ਹੇਠ ਨੌਜਵਾਨਾਂ, ਲੋਕਾਂ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਸਿਦਕ ਦਿਲੀ ਨਾਲ ਟਾਕਰਾ ਕਰਦਿਆਂ ਪੁਲਸ ਨੂੰ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਭਾਵੇਂ ਕਿ ਇਸ ਗੋਲੀ ਕਾਂਡ ਦੌਰਾਨ ਸ਼ੇਰ ਸਿੰਘ ਛਾਜਲੀ, ਰਾਮ ਦਿਆਲ ਸਿੰਘ ਅਤੇ ਜਸਵਿੰਦਰ ਸਿੰਘ ਭੋਲਾ ਸਮੇਤ ਕਈ ਜਣੇ ਗੰਭੀਰ ਜ਼ਖ਼ਮੀ ਹੋ ਗਏ ਸਨ, ਪਰ ਲੋਕਾਂ ਵਿੱਚ ਇਸ ਗੋਲੀ ਕਾਂਡ ਕਾਰਨ ਦਹਿਸ਼ਤ ਫੈਲਣ ਦੀ ਥਾਂ ਸਰਕਾਰ ਖਿਲਾਫ ਹੋਰ ਰੋਹ ਭਰ ਗਿਆ ਸੀ।ਇਸ ਮਿਲਣੀ ਵਿੱਚ ਗੋਲੀ ਲੱਗਣ ਵਾਲੇ ਕਾਮਰੇਡ ਸ਼ੇਰ ਸਿੰਘ ਅਤੇ ਜਸਵਿੰਦਰ ਸਿੰਘ ( ਭੋਲਾ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਇਕੱਤਰਤਾ ਵਿੱਚ ਤਾਰਾ ਸਿੰਘ ਛਾਜਲੀ, ਜਗਦੀਸ਼ ਪਾਪੜਾ ਅਤੇ ਦੇਸ ਰਾਜ, ਹੰਸ ਰਾਜ (ਲੋਕ ਸੰਗੀਤ ਮੰਡਲੀ ਛਾਜਲੀ) ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ।ਇਸ ਮਿੱਤਰ ਮਿਲਣੀ ਵਿੱਚ ਕਰਮ ਸਿੰਘ 'ਸੱਤ' ਦੀ ਘਾਟ ਰੜਕਦੀ ਰਹੀ, ਜਿਸ ਦਾ ਮਿੱਤਰ -ਮਿਲਣੀ ਨੂੰ ਕਰਾਉਣ ਵਿੱਚ ਅਹਿਮ ਰੋਲ ਸੀ । ਇਸ ਮੌਕੇ ਪਵਨ ਕੁਮਾਰ ਛਾਜਲਾ, ਬਲੀ ਸਿੰਘ ਉਗਰਾਹਾਂ, ਲਾਭ ਸਿੰਘ ਛਾਜਲਾ, ਜਸਵੀਰ ਸਿੰਘ ਲਾਡੀ, ਜਰਨੈਲ ਸਿੰਘ ਹੋਡਲਾ, ਗੁਰਚਰਨ ਸਿੰਘ ਛਾਜਲਾ, ਗੁਰਚਰਨ ਸਿੰਘ ਗੰਢੂਆਂ, ਨਛੱਤਰ ਸਿੰਘ ਛਾਜਲਾ, ਨਾਹਰ ਸਿੰਘ ਭਲਵਾਨ, ਪ੍ਰਵੀਨ ਖੋਖਰ, ਜਸਵੀਰ ਸਿੰਘ ਖੋਖਰ, ਲਾਭ ਸਿੰਘ ਛਾਜਲਾ, ਤਰਸੇਮ ਸਿੰਘ ਭੋਲੂ, ਹਰਵਿੰਦਰ ਸਿੰਘ ਹਿੰਦਾ ਲਦਾਲ, ਬਲਵੀਰ ਸਿੰਘ ਖੰਡੇਬਾਦ, ਸਪਿੰਦਰ ਸਿੰਘ ਛਾਜਲੀ, ਬਲਵਿੰਦਰ ਸਿੰਘ ਛਾਜਲਾ, ਜਸਪਾਲ ਸਿੰਘ ਬਿੱਟੂ ਕਿਸ਼ਨਗੜ੍ਹ, ਬਲਦੇਵ ਸਿੰਘ ਛਾਹੜ, ਲਾਭ ਸਿੰਘ ਬਹਾਦਰਪੁਰ, ਅਵਤਾਰ ਸਿੰਘ ਉਗਰਾਹਾਂ, ਤਰਸੇਮ ਸਿੰਘ ਖੋਖਰ, ਸੁਰਿੰਦਰ ਕੁਮਾਰ ਮੋਜੋਵਾਲ, ਗੁਰਮੇਲ ਸਿੰਘ ਭੁਟਾਲ ਕਲਾਂ, ਗੁਰਜੰਟ ਸਿੰਘ ਭੁਟਾਲ, ਲਛਮਣ ਅਲੀਸ਼ੇਰ, ਮੇਜਰ ਸਿੰਘ ਰਾਮਗੜ੍ਹ, ਡਾ ਵਰਿੰਦਰ ਭੁਟਾਲ, ਭੂਰਾ ਸਿੰਘ ਖੋਖਰ, ਬਿੱਕਰ ਸਿੰਘ ਖੋਖਰ, ਨੈਬ ਸਿੰਘ ਖੋਖਰ, ਮੁਖਤਿਆਰ ਸਿੰਘ ਫਤਿਹਗੜ੍ਹ, ਹੈਪੀ ਖੰਡੇਬਾਦ ਹਰਜਿੰਦਰ ਜਿੰਦਾ ਢੀਡਸਾ, ਸੁੱਖਾ ਸਿੰਘ ਜਲੂਰ, ਗੁਰਚਰਨ ਬਾਈ ਗੰਢੂਆਂ ਆਦਿ ਹਾਜ਼ਰ ਸਨ।

## 40 ਕਿਲੋਗ੍ਰਾਮ ਗਾਂਜਾ ਬਰਾਮਦ, ਦੋਸ਼ੀ ਗ੍ਰਿਫ਼ਤਾਰ



**ਲੁਧਿਆਣਾ (ਰੈਕਟਰ ਕਥੂਰੀਆ)**-ਸਵਪਨ ਸ਼ਰਮਾ ਕਮਿਸ਼ਨਰ ਪੁਲਸ ਲੁਧਿਆਣਾ ਅਤੇ ਹਰਪਾਲ ਸਿੰਘ ਡੀ.ਸੀ.ਪੀ ਇਨਵੈਸਟੀਗੇਸ਼ਨ ਲੁਧਿਆਣਾ ਦੇ ਦਿਸ਼ਾ ਨਿਰਦੇਸ਼ ਹੇਠ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਾਰਵਾਈ ਕਰਦਿਆਂ ਕਮਿਸ਼ਨਰੇਟ ਪੁਲਸ ਲੁਧਿਆਣਾ ਵੱਲੋਂ 40 ਕਿਲੋਗ੍ਰਾਮ ਗਾਂਜਾ ਸਮੇਤ 1 ਦੋਸ਼ੀ ਗ੍ਰਿਫ਼ਤਾਰ ਕੀਤਾ ਗਿਆ।ਜਿਸ ਸਬੰਧੀ ਅਮਨਦੀਪ ਸਿੰਘ ਬਰਾੜ ਏ.ਡੀ.ਸੀ.ਪੀ ਇਨਵੈਸਟੀਗੇਸ਼ਨ ਲੁਧਿਆਣਾ ਅਤੇ ਬੇਅੰਤ ਜੁਨੇਜਾ ਏ.ਸੀ.ਪੀ ਸਪੈਸ਼ਲ ਸੈੱਲ ਲੁਧਿਆਣਾ ਨੇ ਦੱਸਿਆ ਕਿ ਇੰਸਪੈਕਟਰ ਹਰਪ੍ਰੀਤ ਸਿੰਘ ਦਹਿਲ ਇੰਚਾਰਜ ਸਪੈਸ਼ਲ ਸੈੱਲ ਲੁਧਿਆਣਾ ਦੀ ਅਗਵਾਈ ਹੇਠ ਇੰਸਪੈਕਟਰ ਮੋਹਨ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਮਿਤੀ 28 ਦਸੰਬਰ ਨੂੰ ਮੁਖਬਰੀ ਥਾਣਾ ਪੀ ਏ ਯੂ ਲੁਧਿਆਣਾ ਦੇ ਏਰੀਏ ਵਿੱਚ ਸ਼ੰਕਰ ਕਲੋਨੀ ਨੇੜੇ ਕੂੜਾ ਡੰਪ ਵਿਖੇ ਰੇਡ ਦੌਰਾਨ ਦੋਸ਼ੀ ਰਾਹੁਲ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਲੁਧਿਆਣਾ ਨੂੰ ਆਟੋ ਸਮੇਤ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 40 ਕਿਲੋਗ੍ਰਾਮ ਗਾਂਜਾ ਬਰਾਮਦ ਹੋਣ 'ਤੇ ਥਾਣਾ ਪੀ.ਏ.ਯੂ ਵਿੱਚ ਮੁਕੱਦਮਾ ਦਰਜ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਸੀ। ਦੋਸ਼ੀ ਖਿਲਾਫ ਪਹਿਲਾਂ ਵੀ ਪੁਲਸ ਜ਼ਿਲ੍ਹਾ ਖੰਨਾ ਵਿੱਚ ਇੱਕ ਮੁਕੱਦਮਾ ਦਰਜ ਹੈ।

## ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਵੱਡਾ ਹੁਲਾਰਾ

### ਏ ਐੱਨ ਟੀ ਐੱਫ ਫਿਰੋਜ਼ਪੁਰ ਰੇਂਜ ਵੱਲੋਂ ਹੈਰੋਇਨ ਸਮੇਤ 2 ਗ੍ਰਿਫ਼ਤਾਰ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਮੁੱਖ ਮੰਤਰੀ ਪੰਜਾਬ ਵੱਲੋਂ ਚਲਾਈ ਗਈ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਅਤੇ ਸਪੈਸਲ ਡੀਜੀਪੀ ਅਤੇ ਏਡੀਜੀਪੀ, ਏਐੱਨਟੀਐੱਫ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਗੁਰਿੰਦਰਬੀਰ ਸਿੰਘ, ਏਆਈਜੀ, ਏਐੱਨਟੀਐੱਫ ਫਿਰੋਜ਼ਪੁਰ ਰੇਂਜ ਦੀ ਯੋਗ ਅਗਵਾਈ ਹੇਠ ਏਐੱਨਟੀਐੱਫ ਫਿਰੋਜ਼ਪੁਰ ਰੇਂਜ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਤਹਿਤ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ 505 ਗ੍ਰਾਮ ਹੈਰੋਇਨ ਬਰਾਮਦ ਕਰਦਿਆਂ 02 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ।ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਚਾਨਣ ਸਿੰਘ, ਵਾਸੀ ਪਿੰਡ ਬੀੜ ਤਾਲਾਬ, ਥਾਣਾ ਸਦਰ ਬਠਿੰਡਾ ਵਜੋਂ ਹੋਈ ਹੈ। ਏਐੱਨਟੀਐੱਫ਼ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਦਾ ਅਹਿਮ ਹਿੱਸਾ ਹੈ ਤੇ ਨਸ਼ਾ ਤਸਕਰਾਂ ਵਿਰੁੱਧ ਅਜਿਹੇ ਆਪਰੇਸ਼ਨ ਭਵਿੱਖ ਵਿਚ ਵੀ ਜਾਰੀ ਰਹਿਣਗੇ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਜਾਰੀ ਹੈ, ਜੋ ਦੌਰਾਨੇ ਤਫ਼ਤੀਸ਼ ਮੁਕੱਦਮਾ ਵਿੱਚ ਦੋਸ਼ੀ ਜੋਬਨਪ੍ਰੀਤ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਪਿੰਡ ਲਖਮੀਰਪੁਰਾ ਥਾਣਾ ਮਮਦੋਟ ਜ਼ਿਲ੍ਹਾ ਫ਼ਿਰੋਜ਼ਪੁਰ ਨੂੰ ਮੁਕੱਦਮਾ 'ਚ ਨਾਮਜ਼ਦ ਕਰਕੇ (ਬੈਕਵਰਡ) ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

## 328 ਲਾਪਤਾ ਸਰੂਪਾਂ ਤੇ ਹੋਰ ਮੁੱਦਿਆਂ ਦੇ ਹੱਲ ਲਈ ਜਨਰਲ ਚੋਣ ਹੋ ਕੇ ਤੁਰੰਤ ਨਵਾਂ ਹਾਊਸ ਬਣੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੋ ਬੀਤੇ ਸਮੇਂ ਵਿਚ ਐੱਸ.ਜੀ.ਪੀ.ਸੀ ਦੀ ਸਿੱਖ ਸੰਸਥਾਂ ਦੇ ਦੋਸ਼ਪੂਰਨ ਪ੍ਰਬੰਧ ਉਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਦੇ ਆ ਰਹੇ ਹਨ ਅਤੇ ਸਰਕਾਰ ਨੂੰ 328 ਸਰੂਪਾਂ ਦੇ ਮਾਮਲੇ ਵਿਚ ਦਖਲ ਦੇਣ ਦੀ ਲੋੜ ਪਈ ਹੈ, ਇਹ ਸਭ ਲੰਮੇ ਸਮੇਂ ਤੋਂ ਇਸ ਸੰਸਥਾ ਵਿੱਚ ਆਈਆਂ ਵੱਡੀਆਂ ਖਾਮੀਆਂ ਤੇ ਤਾਨਾਸ਼ਾਹੀ ਸੋਚ ਨਾਲ ਚੱਲ ਰਹੇ ਪ੍ਰਬੰਧ ਦੀ ਬਦੌਲਤ ਹੈ। ਜੇਕਰ ਐੱਸ.ਜੀ.ਪੀ.ਸੀ ਦੇ ਅਧਿਕਾਰੀ ਸਹੀ ਸਮੇਂ 'ਤੇ ਸਹੀ ਦਿਸ਼ਾ ਵੱਲ ਲਾਪਤਾ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੂਪਾਂ ਦੇ ਦੋਸ਼ੀਆਂ ਵਿਰੁੱਧ ਖੁਦ ਹੀ ਅਮਲ ਕਰ ਦਿੰਦੇ ਤਾਂ ਹਾਈਕੋਰਟ ਤੇ ਸਰਕਾਰ ਨੂੰ ਦਖਲ ਦੇਣ ਦੀ ਲੋੜ ਹੀ ਨਹੀਂ ਸੀ ਪੈਣੀ।ਇਹ ਸਭ ਮਸਲੇ ਦਿਨ ਬਦਿਨ ਪੇਚੀਦਾ ਇਸ ਲਈ ਹੋ ਰਹੇ ਹਨ ਕਿ ਇਸ ਸੰਸਥਾ ਉੱਤੇ ਲੰਮੇ ਸਮੇਂ ਤੋਂ ਗੈਰਕਾਨੂੰਨੀ ਢੰਗ ਨਾਲ ਕਾਬਜ਼ ਧੜਾ ਐੱਸ.ਜੀ.ਪੀ.ਸੀ ਦੀਆਂ ਜਰਨਲ ਚੋਣਾਂ ਦੀ ਕਰਾਉਣ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਭੱਜਦਾ ਆ ਰਿਹਾ ਹੈ।ਜਦੋਂ ਤੱਕ ਨਵੀ ਚੋਣ ਹੋ ਕੇ ਨਵਾਂ ਹਾਊਸ ਨਹੀਂ ਆਉਂਦਾ, ਉਸ ਸਮੇਂ ਤੱਕ ਇਨ੍ਹਾਂ ਸਭ ਗੰਭੀਰ ਮਸਲਿਆਂ ਦਾ ਹੱਲ ਨਹੀਂ ਹੋ ਸਕੇਗਾ। ਇਸ ਲਈ ਐੱਸ.ਜੀ.ਪੀ.ਸੀ ਤੇ ਸਰਕਾਰ ਨੂੰ ਆਪਸ ਵਿੱਚ ਬੈਠ ਕੇ ਫੈਸਲਾ ਕਰਦੇ ਹੋਏ ਐੱਸ.ਜੀ.ਪੀ.ਸੀ ਦੀਆਂ ਜਰਨਲ ਚੋਣਾਂ ਤੁਰੰਤ ਕੌਮੀ ਭਾਵਨਾਵਾਂ ਅਨੁਸਾਰ ਕਰਾਉਣੀਆਂ ਪੈਣਗੀਆਂ।

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਐੱਸ.ਜੀ.ਪੀ.ਸੀ, 328 ਸਰੂਪ ਤੇ ਸਰਕਾਰ ਵਿਚਕਾਰ ਪੈਦਾ ਹੋਏ ਹਾਲਾਤ ਉਤੇ ਐੱਸ.ਜੀ.ਪੀ.ਸੀ ਦੀਆਂ ਤੁਰੰਤ ਚੋਣਾਂ ਕਰਾਉਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜਮਹੂਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਨਾਲ ਹੀ ਇਹ ਗੰਭੀਰ ਮਸਲੇ ਹੱਲ ਹੋ ਸਕਣਗੇ।ਇਸ ਲਈ ਐੱਸ.ਜੀ.ਪੀ.ਸੀ ਤੇ ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਇਹ ਜਨਰਲ ਚੋਣਾਂ ਕਰਾਉਣ ਦਾ ਪ੍ਰਬੰਧ ਕਰੇ।ਉਨ੍ਹਾਂ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਇਹ ਕੌਮ ਦੀ ਨੁਮਾਇੰਦਾ ਸੰਸਥਾ ਵੱਲੋਂ ਕੈਨੇਡਾ ਇੰਗਲੈਂਡ, ਪਾਕਿਸਤਾਨ, ਅਮਰੀਕਾ, ਹਰਿਆਣਾ ਤੇ ਪੰਜਾਬ ਵਿੱਚ ਜੋ ਹੁਕਮਰਾਨਾਂ ਵੱਲੋਂ ਸਾਡੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਕਤਲੇਆਮ ਕੀਤਾ ਗਿਆ ਹੈ, ਉਸ ਸਬੰਧੀ ਐੱਸ.ਜੀ.ਪੀ.ਸੀ ਦੇ ਅਧਿਕਾਰੀਆਂ ਵੱਲੋਂ ਆਪਣੇ ਕੌਮੀ ਫਰਜਾਂ ਦੀ ਪੂਰਤੀ ਨਾ ਕਰਕੇ ਕੋਈ ਆਵਾਜ਼ ਨਹੀਂ ਉਠਾਈ ਗਈ। ਸ਼੍ਰੀ ਕਰਤਾਪੁਰ ਸਾਹਿਬ ਦੇ ਲਾਂਘੇ ਨੂੰ ਤੇ ਵਪਾਰ ਲਈ ਵਾਹਘਾ ਸਰਹਿੰਦ ਨੂੰ ਖੋਲ੍ਹਣ ਲਈ ਕੋਈ ਵੀ ਅਮਲ ਨਹੀਂ ਕੀਤਾ ਗਿਆ।ਨਾ ਹੀ ਜੇਲ੍ਹਾਂ 'ਚੋਂ ਸਿੱਖ ਬੰਦਿਆਂ ਨੂੰ ਰਿਹਾਅ ਕਰਾਉਣ ਲਈ ਕੋਈ ਸੋਹਿਰਦ ਅਮਲ ਕੀਤਾ ਗਿਆ। ਇਮਾਨ ਸਿੰਘ ਮਾਨ ਵੱਲੋਂ ਐੱਸ.ਜੀ.ਪੀ.ਸੀ ਦੀਆਂ ਚੋਣਾਂ ਕਰਾਉਣ ਲਈ ਅਤੇ 328 ਸਰੂਪਾਂ ਦੇ ਦੋਸ਼ੀਆਂ ਨੂੰ ਸਜਾਵਾਂ ਦਵਾਉਣ ਲਈ ਬੀਤੇ ਲੰਮੇ ਸਮੇਂ ਤੋਂ ਨਿਰੰਤਰ ਐੱਸ.ਜੀ.ਪੀ.ਸੀ ਦੇ ਦਫ਼ਤਰ ਦੇ ਸਾਮਣੇ ਰੋਸ ਮੁਜ਼ਾਹਰੇ, ਧਰਨੇ ਕੀਤੇ ਜਾਂਦੇ ਆ ਰਹੇ ਹਨ।

ਇਸੇ ਪ੍ਰਕਿਰਿਆ ਵਿੱਚ ਇਮਾਨ ਸਿੰਘ ਮਾਨ ਦੀ ਅਗਵਾਈ ਹੇਠ 9 ਸਤੰਬਰ 2022 ਨੂੰ ਪਾਰਟੀ ਦੇ ਅਹੁਦੇਦਾਰਾਂ ਨੇ 40.000 ਪੰਜਾਬੀਆਂ ਤੇ ਸਿੱਖਾਂ ਦੇ ਦਸਤਖ਼ਤਾਂ ਵਾਲਾਂ ਦਸਤਾਵੇਜ਼ ਉਸ ਸਮੇਂ ਦੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਅਰਨ ਸਿੰਘ ਨੂੰ ਦਿੱਤਾ ਸੀ ਤਾਂ ਕਿ ਪੁਲਸ 328 ਸਰੂਪਾਂ ਦੇ ਅਪਮਾਨਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਕਾਨੂੰਨੀ ਅਮਲ ਕਰ ਸਕੇ।ਅਜਿਹੇ ਪਾਰਟੀ ਪ੍ਰੋਗਰਾਮਾਂ ਨੂੰ ਜਬਰੀ ਭੰਗ ਕਰਕੇ ਇਹ ਐੱਸ.ਜੀ.ਪੀ.ਸੀ ਅਧਿਕਾਰੀ ਖੁਦ ਹੀ ਕੌਮੀ ਜ਼ਿੰਮੇਵਾਰੀਆਂ ਤੋਂ ਮੂੰਹ ਮੋੜਨ ਦੇ ਅਮਲ ਕਰਦੇ ਆ ਰਹੇ ਹਨ। ਇਹ ਕੌਮੀ ਭਾਵਨਾ ਦੀ ਤਰਜ਼ਮਾਨੀ ਕਰਨ ਵਾਲੀ ਸੰਸਥਾ ਹੀ ਜੇਕਰ ਭਾਵਨਾਵਾਂ ਤੋਂ ਉਲਟ ਅਮਲ ਕਰੇ ਫੇਰ ਤਾਂ ਇਸ ਸੰਸਥਾਂ ਨੂੰ ਜੋ ਗੈਰਕਾਨੂੰਨੀ ਹੈ, ਆਪਣੀ ਮਿਆਦ ਪੁਗਾ ਚੁਕੀ ਹੈ, ਉਸ ਨੂੰ ਸਿੱਖ ਕੌਮ ਕਿਵੇਂ ਮਾਨਤਾ ਦੇ ਸਕਦੀ ਹੈ?

# ਸਿੱਖਿਆ ਬੋਰਡ ਲਈ ਖੱਟੀਆਂ-ਮਿੱਠੀਆਂ ਯਾਦਾਂ ਲੈ ਕੇ ਬੀਤ ਰਿਹਾ 2025



ਮੋਹਾਲੀ, (ਗੁਰਜੀਤ ਬਿੱਲਾ)- ਸਾਲ 2025 ਪੰਜਾਬ ਸਕੂਲ ਸਿੱਖਿਆ ਬੋਰਡ ਲਈ ਖੱਟੀਆਂ ਮਿੱਠੀਆਂ ਯਾਦਾਂ ਲੈ ਕੇ ਬੀਤ ਗਿਆ।ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਪੰਜਾਬ ਸਰਕਾਰ ਵੱਲ ਬੋਰਡ ਦੀ ਚੱਲੀ ਆ ਰਹੀ 450 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਬੋਰਡ ਅਧਿਕਾਰੀਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਸਾਲ ਵੀ ਜਾਰੀ ਨਹੀਂ ਹੋ ਸਕੀ।ਇਸ ਕਾਰਨ ਸਿੱਖਿਆ ਬੋਰਡ, ਬੋਰਡ ਦੇ ਮੁਲਾਜ਼ਮਾ ਦੇ ਡੀ.ਏ. ਦੀਆਂ ਕਿਸ਼ਤਾਂ ਦੀ ਬਕਾਏ ਅਤੇ 2016 ਤੋਂ 2021 ਤੱਕ ਸੇਵਾ ਮੁਕਤ ਹੋਏ ਕਰਮਚਾਰੀਆਂ ਸੇਵਾ ਨਿਵਰਤੀ ਦੇ ਬਣਦੇ ਲਾਭ, ਲੀਵ ਇਨਕੈਸ਼ਮੈਂਟ, ਗਰੈਚੂਟੀ ਅਤੇ ਹੋਰ ਲਾਭਾਂ ਦੀ ਅਦਾਇਗੀ ਕਰਨ ਵਿਚ ਅਸਫਲ ਰਿਹਾ, ਬਕਾਇਆਂ ਦੀ ਉਡੀਕ ਕਰਦੇ ਕਈ ਸੇਵਾ ਮੁਕਤ ਕਰਮਚਾਰੀ ਵਾਹਿਗੁਰੂ ਨੂੰ ਵੀ ਪਿਆਰੇ ਹੋ ਗਏ।ਸਿੱਖਿਆ ਬੋਰਡ ਵੱਲੋਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਗਏ।ਬੋਰਡ ਵੱਲੋਂ ਸ਼ੁਰੂ ਕੀਤ ਗਈ ਓਲੰਪੀਆਡ ਦੀ ਪ੍ਰੀਖਿਆ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ।ਪੰਜਾਬ ਦੇ ਕਈ ਸ਼ਹਿਰਾਂ 'ਚ ਇਸ ਪ੍ਰੀਖਿਆ 'ਚ ਅਪੀਅਰ ਹੋਣ ਲਈ ਸੈਮੀਨਾਰਾਂ ਦਾ ਆਯੋਜਨ ਕਰਦੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਗਿਆ।ਬੋਰਡ ਦੀਆਂ ਕੋਸ਼ਿਸ਼ਾਂ ਸਦਕਾ ਪਹਿਲੀ ਵਾਰ ਤੀਜੀ ਤੋਂ ਲੈ ਕੇ ਬਾਰਵੀਂ ਤੱਕ ਗ੍ਰੇਡ 2 ਲੱਖ 25 ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਇਸ ਵਿਚ ਭਾਗ ਲਿਆ।ਜਿਸ 'ਚ 500 ਵਿਦਿਆਰਥੀ ਵੱਖ-ਵੱਖ ਦੇਸ਼ਾਂ ਅਤੇ 1500 ਵਿਦਿਆਰਥੀ ਭਾਰਤ ਦੇ ਦੂਜਿਆਂ ਸੂਬਿਆਂ ਵਿਦਿਆਰਥੀ ਸ਼ਾਮਲ ਹਨ।ਸਿੱਖਿਆ ਬੋਰਡ ਵੱਲੋਂ ਇਸ ਸਾਲ ਹੀ ਵਿਦਿਆਰਥੀਆਂ ਨੂੰ ਆਈ ਸੀ ਏ ਆਈ ਨਾਲ ਸਬੰਧਤ ਕਰਕੇ ਕਮਰਸ ਦੇ ਵਿਦਿਆਰਥੀਆਂ ਟਰੇਨਿੰਗ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ।ਇਸ ਸਾਲ ਹੀ ਪੰਜਾਬੀ ਮਾਂ ਬੋਲੀ ਨੂੰ ਪ੍ਰਫੁਲਿਤ ਕਰਨ ਲਈ ਸਿੱਖਿਆ ਬੋਰਡ ਵੱਲੋਂ ਛਾਪੀਆਂ ਜਾ ਰਹੀਆਂ ਪਾਠ-ਪੁਸਤਕਾਂ ਦੇ ਆਖਰੀ ਪੰਨੇ 'ਤੇ ਪੰਜਾਬੀ ਅੱਖਰਾਂ ਦੀ ਵਰਣਨ ਵਾਲਾ (ੳ ਅ ੲ) ਛਾਪਣ ਦਾ ਇਤਿਹਾਸਕ ਫੈਸਲਾ ਕੀਤਾ ਗਿਆ, ਸਿੱਖਿਆ ਬੋਰਡ ਦੇ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪ੍ਰਸ਼ਸਨ ਪੱਧਰ 'ਤੇ ਪੂਰੀ ਸ਼ਰਧਾ ਨਾਲ ਮਨਾਈ ਗਈ।

ਇਸ ਸਾਲ ਦੌਰਾਨ ਹੀ ਸੇਵਾ ਮੁਕਤ ਕਰਮਚਾਰੀਆਂ ਵੱਲੋਂ ਵੱਡੇ ਸੰਘਰਸ਼ਾਂ ਨਾਲ ਮੋਹਾਲੀ ਵਿਖੇ ਸਿੱਖਿਆ ਬੋਰਡ ਦੇ ਦਫ਼ਤਰ ਦੀ ਉਸਾਰੀ ਗਈ ਬਿਲਡਿੰਗ ਵਿੱਚ ਸੇਵਾ ਮੁਕਤ ਕਰਮਚਾਰੀਆਂ ਦੀ ਦਾਖਲਾ ਬੰਦ ਕਰਕੇ, ਸੇਵਾ ਮੁਕਤ ਕਰਮਚਾਰੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸਿੰਗਲ ਵਿੰਡੋ 'ਤੇ ਹੀ ਵਿਸ਼ੇਸ਼ ਅਧਿਕਾਰੀ ਤੇ ਕਰਮਚਾਰੀ ਨਿਯੁਕਤ ਕਰਕੇ ਸੇਵਾ ਮੁਕਤ ਕਰਮਚਾਰੀਆਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਉੱਥੇ ਹੀ ਕਰਨ ਦਾ ਪ੍ਰਬੰਧ ਕੀਤਾ ਗਿਆ। ਮੁਲਾਜ਼ਮਾਂ ਲਈ 2025 ਵੱਖ ਵੱਖ ਕੈਟਾਗਰੀਆਂ ਦੇ ਕਰਮਚਾਰੀਆਂ ਦੀਆਂ ਲੰਬਿਤ ਪਈਆਂ ਤਰੱਕੀਆਂ ਦੀ ਸੁਗਾਤਾਂ ਲੈ ਕੇ ਆਇਆ।ਇਸ ਸਾਲ ਹੀ ਕਰਮਚਾਰੀ ਯੂਨੀਅਨ ਵੱਲੋਂ ਕਲੰਡਰ ਛਾਪਕੇ ਦਫ਼ਤਰ ਵਿੱਚ ਵੰਡਣ 'ਤੇ ਰੋਕ ਲਾ ਕੇ ਪੰਜਾਬ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਕਲੰਡਰ ਹੀ ਦਫ਼ਤਰ ਵਿੱਚ ਲਗਾਉਣ ਦਾ ਫੈਸਲਾ ਕੀਤਾ ਗਿਆ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸ਼ਹੀਦੀ ਸਭਾ ਮੌਕੇ ਨਸ਼ਿਆਂ ਵਿਰੁੱਧ ਕੀਤਾ ਜਾਗਰੂਕ



ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)- ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਭਾ ਦੇ ਮੌਕੇ 'ਤੇ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣਾ ਅਤੇ ਸੰਗਤਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕਰਨਾ ਸੀ।ਅਥਾਰਟੀ ਦੇ ਚੇਅਰਮੈਨ ਕਮ ਜ਼ਿਲ੍ਹਾ ਤੇ ਸੈਸ਼ਨ ਜੱਜ ਅਰੁਣ ਗੁਪਤਾ ਦੀ ਅਗਵਾਈ ਹੇਠ ਅਥਾਰਟੀ ਦੇ ਸਕੱਤਰ ਅਸ਼ੋਕ ਕੁਮਾਰ ਚੌਹਾਨ ਨੇ ਸੰਗਤਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਦੱਸਿਆ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਨਸ਼ਾ-ਮੁਕਤ ਅਤੇ ਸਿਹਤਮੰਦ ਜੀਵਨ ਜਿਉਣ।ਚੌਹਾਨ ਨੇ ਜਾਗਰੂਕਤਾ ਕੈਂਪ ਦੌਰਾਨ ਲੋਕਾਂ ਨੂੰ ਦੱਸਿਆ ਕਿ ਸਮਾਜ ਦੇ ਕਮਜ਼ੋਰ ਵਰਗ, ਔਰਤਾਂ ਅਤੇ ਬੱਚੇ ਕਿਸ ਤਰ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੀਂ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਆਉਣ ਵਾਲੀਆਂ ਸੰਗਤਾਂ ਨੂੰ ਨਸ਼ਾ ਛੁਡਾਊ ਕੇਂਦਰ ਅਤੇ ਕਾਨੂੰਨੀ ਸੇਵਾਵਾਂ ਦੇ ਟੋਲ-ਫ੍ਰੀ ਨੰਬਰਾਂ ਵਾਲੇ ਪੈਂਫਲੇਟ ਅਤੇ ਕਿਤਾਬਚੇ ਵੰਡੇ ਗਏ। ਅਥਾਰਟੀ ਦੇ ਸਕੱਤਰ ਅਸ਼ੋਕ ਕੁਮਾਰ ਚੌਹਾਨ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵਿਅਕਤੀ ਨਸ਼ੇ ਦੀ ਦਲਦਲ ਵਿੱਚ ਫਸਿਆ ਹੋਇਆ ਹੈ, ਤਾਂ ਉਸ ਨੂੰ ਇਲਾਜ ਲਈ ਪ੍ਰੇਰਿਤ ਕਰਨ ਅਤੇ ਕਾਨੂੰਨੀ ਮਦਦ ਲਈ ਅਥਾਰਟੀ ਨਾਲ ਸੰਪਰਕ ਕਰਨ। ਸ਼ਹੀਦੀ ਸਭਾ ਦੇ ਪਵਿੱਤਰ ਅਤੇ ਵੈਰਾਗਮਈ ਮਾਹੌਲ ਵਿੱਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਸ਼ੋਕ ਕੁਮਾਰ ਚੌਹਾਨ ਨੇ ਕਿਹਾ ਕਿ ਜਿਸ ਧਰਤੀ ਨੂੰ ਨਿੱਕੇ ਸਾਹਿਬਜ਼ਾਦਿਆਂ ਦੇ ਖੂਨ ਨੇ ਸਿੰਜਿਆ ਹੋਵੇ, ਉੱਥੇ ਨਸ਼ਿਆਂ ਦਾ ਪਸਾਰਾ ਸਾਡੀ ਰੂਹ ਨੂੰ ਝੰਜੋੜਨ ਵਾਲਾ ਹੈ। ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਸਾਨੂੰ ਨਸ਼ਿਆਂ ਦੇ ਝੂਠੇ ਸਰੂਰ ਨੂੰ ਤਿਆਗ ਕੇ ਗੁਰੂ ਸਾਹਿਬ ਦੇ ਸਿਧਾਂਤਾਂ ਦੇ ਸੂਰਮੇ ਬਣਨ ਦੀ ਲੋੜ ਹੈ। ਉਨ੍ਹਾਂ ਅਪੀਲ ਕਰਦੇ ਹੋਏ ਕਿਹਾ ਕਿ ਆਓ ਨਸ਼ਿਆਂ ਦੇ ਮਾਰੂ ਰਸਤੇ ਨੂੰ ਤਿਆਗ ਕੇ ਗੁਰੂ ਦੇ ਦੱਸੇ ਸੱਚੇ ਮਾਰਗ ਦੇ ਪਾਂਧੀ ਬਣੀਏ।

# ਐਡਵਰਟਾਇਜ਼ਮੈਂਟ ਦੇ ਠੇਕੇ ਦੀਆਂ ਉਡ ਰਹੀਆਂ ਧੱਜੀਆਂ, ਦੁਕਾਨ ਅੱਗੇ ਧੱਕੇ ਨਾਲ ਲਾਏ ਜਾ ਰਹੇ ਪੋਲ



ਜਗਰਾਓਂ (ਅਮਿਤ ਖੰਨਾ)-ਨਗਰ ਕੌਂਸਲ ਜਗਰਾਓਂ ਵਲੋਂ ਇਸ਼ਤਿਹਾਰਬਾਜ਼ੀ ਦੇ ਠੇਕੇ ਦੇ ਨਿਯਮਾਂ ਦੇ ਉਲਟ ਚੱਲ ਕੇ ਸ਼ਰੇਆਮ ਧੱਜੀਆਂ ਉਡਾ ਕੇ ਸਰਕਾਰ ਨੂੰ ਲੱਖਾਂ ਦਾ ਚੂਨਾ ਲਗਾਇਆ ਜਾ ਰਿਹਾ ਹੈ। ਠੇਕੇਦਾਰ ਵਲੋਂ ਬਜ਼ਾਰ ਵਿਚ ਦੁਕਾਨਾਂ ਦੇ ਮੂਹਰੇ ਧੱਕੇ ਨਾਲ ਖੰਬੇ ਲਗਾ ਕੇ ਇਸ਼ਤਿਹਾਰੀ ਬੋਰਡ ਲਾਉਣ ਦਾ ਮੁੱਦਾ ਵੀ ਕਾਫੀ ਗਰਮਾਇਆ ਹੋਇਆ ਹੈ। ਸਥਾਨਕ ਪੁਲ ਦੇ ਸ਼ੁਰੂ ਵਿਚ ਹੀ ਇਕ ਇਸ਼ਤਿਹਾਰੀ ਬੋਰਡ ਫਲੀਸ਼ਨ ਬਣਾ ਕੇ ਲਗਾਇਆ ਗਿਆ ਹੈ, ਜੋ ਕਿ ਫਲੀਸ਼ਨ ਸੜਕ ਦੇ ਵਿਚ ਆਉਂਦਾ ਹੈ ਜੋ ਦੁਰਘਟਨਾਵਾਂ ਹੋਣ ਦਾ ਸੱਦਾ ਦਿੰਦਾ ਹੈ। ਪੁਲ ਖਤਮ ਹੋਣ ਦੇ ਸੱਜੇ ਪਾਸੇ ਇਕ ਦੁਕਾਨ ਦੇ ਮੂਹਰੇ ਪੋਲ ਲਾਉਣ ਸਮੇਂ ਦੁਕਾਨਦਾਰਾਂ ਨੇ ਰੋਸ ਜਤਾਇਆ ਤਾਂ ਠੇਕੇਦਾਰ ਨੇ ਉਸ ਜਗ੍ਹਾ 'ਤੇ ਪੋਲ ਨਾ ਲਾ ਕੇ ਸਾਹਮਣੇ ਦੂਜੇ ਪਾਸੇ ਲਾਉਣਾ ਸ਼ੁਰੂ ਕਰ ਦਿੱਤਾ। ਨਗਰ ਕੌਂਸਲ ਜਗਰਾਓਂ ਅਤੇ ਮੈਸਰਜ਼ ਐਡਵਾਂਟੇਜ ਐਡਵਰਟਾਈਜ਼ਿੰਗ ਵਿਚਕਾਰ ਨਗਰ ਕੌਂਸਲ ਜਗਰਾਓਂ ਦੀ ਹਦੂਦ ਅੰਦਰ ਇਸ਼ਤਿਹਾਰਬਾਜ਼ੀ ਲਈ ਥਾਵਾਂ ਦੀ ਅਲਾਟਮੈਂਟ ਕੀਤੀ ਗਈ ਸੀ। ਇਹ ਅਲਾਟਮੈਂਟ 1 ਅਪ੍ਰੈਲ 2024 ਨੂੰ ਨਗਰ ਕੌਂਸਲ, ਜਗਰਾਓਂ ਦੇ ਦਫ਼ਤਰ ਵਿਚ 7 ਸਾਲਾਂ ਦੀ ਮਿਆਦ ਲਈ ਨਗਰ ਕੌਂਸਲ ਜਗਰਾਓਂ ਦੀ ਸੀਮਾ ਵਿਚ ਇਸ਼ਤਿਹਾਰ ਲਈ ਥਾਵਾਂ ਦੀ ਅਲਾਟਮੈਂਟ ਲਈ ਕੀਤਾ ਸੀ। ਇਹ ਠੇਕਾ ਪਹਿਲੇ ਸਾਲ ਲਈ ਪ੍ਰਤੀ ਸਾਲ 15,27,000 ਰੁਪਏ ਅਜਿਹੀ ਕੀਮਤ ਦੇ ਨਾਲ ਹੋਇਆ ਸੀ ਜਿਸ ਦੀਆਂ ਮਾਸਿਕ ਕਿਸ਼ਤਾਂ ਵਿਚ 1,27,250 ਦੇਣੀਆਂ ਸੀ ਜਿਸ ਵਿਚ ਯੂਨੀਪੋਲ, ਗੈਂਟਰੀ, ਫੁੱਟ-ਓਵਰ ਬ੍ਰਿਜ ਅਤੇ ਬੱਸ ਕਤਾਰ ਸ਼ੈਲਟਰ ਆਦਿ ਐਡਵਰਟਾਈਜ਼ਿੰਗ ਬੋਰਡ ਲਗਾਉਣ ਦੇ ਠੇਕੇਦਾਰ ਵਲੋਂ ਸਰਕਾਰੀ ਰੇਟ ਤੋਂ ਵੀ ਜ਼ਿਆਦਾ ਕੀਮਤ ਵਸੂਲੀ ਜਾ ਰਹੀ ਹੈ। ਰੇਲਵੇ ਪੁਲ ਦੇ ਦੋਨੋ ਪਾਸੇ ਗੈਰ ਕਾਨੂੰਨੀ ਢੰਗ ਨਾਲ ਵੱਡੇ ਯੂਨੀਪੋਲ ਲਗਾਏ ਹਨ ਜੋ ਕਿ ਰੋਜ਼ਾਨਾ ਹੀ ਪੁਲ ਦੇ ਉਪਰ ਐਕਸੀਡੈਂਟ ਹੁੰਦੇ ਸਨ, ਖੰਭਿਆਂ ਨੂੰ ਜ਼ਮੀਨ ਤੋਂ 5 ਫੁੱਟ ਦੀ ਉਚਾਈ ਤੱਕ ਉੱਚ-ਗ੍ਰੇਡ ਹਰੇ ਰੰਗ ਦੇ ਰਿਫਲੈਕਟਿਵ ਟੇਪ ਨਾਲ ਢਕਿਆ ਨਹੀਂ ਗਿਆ ਜਿਸ 'ਚ ਐਕਸੀਡੈਂਟ ਹੋਣ ਦਾ ਖਤਰਾ ਰਹਿੰਦਾ ਹੈ। ਬਿਜਲੀ ਬੋਰਡ ਦੇ ਐਸ.ਡੀ.ਓ. ਗੁਰਪ੍ਰੀਤ ਸਿੰਘ ਮੱਲ੍ਹੀ ਨੇ ਕਿਹਾ ਕਿ ਯੂਨੀਪੋਲ 'ਤੇ ਲਗਾਏ ਹੋਏ ਐਡਵਰਟਾਈਜ਼ਿੰਗ ਬੋਰਡ ਨੂੰ ਆਰਜ਼ੀ ਤੌਰ 'ਤੇ ਇਕ ਸਾਲ ਲਈ ਕੁਨੈਕਸ਼ਨ ਦਿੰਦੇ ਹਾਂ। ਇਕ ਕੁਨੈਕਸ਼ਨ ਨਾਲ ਇਕ ਹੀ ਬੋਰਡ ਦਾ ਲੋਡ ਪੂਰਾ ਹੋ ਜਾਂਦਾ ਹੈ। ਤਹਿਸੀਲ ਚੌਂਕ ਤੋਂ ਸਿੱਧਵਾਂ ਬੇਟ ਰੋਡ ਵਾਲੀ ਸਾਇਡ ਕੰਪਨੀ ਨੂੰ ਇਕ ਕੁਨੈਕਸ਼ਨ ਦਿੱਤਾ ਹੈ। ਜਦੋਂ ਉਹਨਾ ਨੂੰ ਤਹਿਸੀਲ ਚੌਂਕ 'ਚ ਲੱਗੇ 5 ਬੋਰਡਾਂ ਦੇ ਕੁਨੈਕਸ਼ਨਾਂ ਬਾਰੇ ਪੁੱਛਿਆ ਤਾਂ ਉਹਨਾ ਕਿਹਾ ਇਸ ਦੀ ਚੈਕਿੰਗ ਕੀਤੀ ਜਾਵੇਗੀ। ਇਸ ਸਬੰਧੀ ਨਗਰ ਕੌਂਸਲ ਦੇ ਈ.ਓ ਹਰਜੀਤ ਸਿੰਘ ਨੇ ਕਿਹਾ ਕਿ ਜੇਕਰ ਠੇਕੇਦਾਰ ਵਲੋਂ ਨਿਸਚਿਤ ਕੀਤੀ ਇਸ਼ਤਿਹਾਰ ਦੀ ਕੀਮਤ ਤੋਂ ਜ਼ਿਆਦਾ ਕੀਮਤ ਵਸੂਲੀ ਜਾ ਰਹੀ ਹੈ ਜਾਂ ਐਗਰੀਮੈਂਟ ਦੀ ਉਲੰਘਣਾ ਕਰਦਾ ਹੈ ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਕੰਪਨੀ ਦੇ ਪਾਰਟਨਰ ਅਮਰੀਕ ਸਿੰਘ ਨਾਲ ਗੱਲ ਕੀਤੀ ਤਾਂ ਉਹਨਾ ਦੱਸਿਆ ਕਿ ਅਸੀਂ ਕਾਨੂੰਨ ਦੀ ਉਲੰਘਣਾ ਨਹੀਂ ਕਰਦੇ। ਜਦੋਂ ਯੂਨੀਪੋਲ ਦੀ ਗਿਣਤੀ ਅਤੇ ਬੋਰਡ ਦੇ ਬਿਜਲੀ ਕੁਨੈਕਸ਼ਨਾਂ ਸਬੰਧੀ ਪੁੱਛਿਆ ਤਾਂ ਉਹ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ।



## ਕਲਾਸੀਫਾਈਡ ਇਸ਼ਤਿਹਾਰ

### Change of Name

I Sandeep Kaur W/O Gurwinder Singh R/O Vill Dhaul Po Nawan Pind Tapprian Teh Balachaur Distt Sbs Nagar Punjab Have Changed My Name To Kaur Sandeep. All Please Note.

I Deepak Mahay W/O Mohinder Singh R/O Vill Bhanun Po Sahdra Teh Balachaur Distt Sbs Nagar Punjab Have Changed My Name To Deepak Mahey. All Please Note.

I, Komalpreet Kaur W/o Gurjeet Singh of Guru Nanak Colony, Lohian Khas, Tehsil Shahkot, Distt. Jalandhar, Have Changed My Name Komalpreet Kaur to Kaur Komalpreet Concerned May Note.

I, Gurjeet Singh S/o Gurmail Singh of Guru Nanak Colony, Lohian Khas, Tehsil Shahkot, Distt. Jalandhar, Have Changed My Name Gurjeet Singh to Singh Gurjeet Concerned May Note.

I, Jaspal Singh S/o Resham Lal R/o Village Mander, Post Office Adda Kathar, Tehsil & District Jalandhar have changed my name from Jaspal Singh to Singh Jaspal. Singh is my surname. Please note.

I, Raja S/o Ram Nath R/o Vill. Mehmadpur, PO. Adampur, Distt. Jalandhar, have changed my name Raja to Raj Kumar for all future purposes.

I, Rattan Singh S/o Jeet Singh R/o Ali Chak, P.O. Basti Guzan, District Jalandhar, Punjab-144002 have changed my name from Rattan Singh Sidhu to Rattan Singh for all purpose.

I, Janak Raj Bhutani S/O Manohar Lal R/O H.No. 90/91, Phase-2,Varindavan Garden, Fatehgarh Churian Road, Amritsar,Punjab have changed my name from Janak Raj Bhutani to Janak Raj. Concerned note.

I, Suman Bhutani W/O Janak Raj R/O H. No. 90/91, Phase-2, Varindavan Garden, Fatehgarh Churian Road, Amritsar, Punjab have changed my name from Suman Bhutani to Suman. Concerned note.

I Sukhwinder Kaur W/O Chaman Lal R/O H.No. E.S-526/39, Tubewel Wali Gali, Abadpura, Jalandhar, Punjab, have changed my name to Kaur Sukhwinder Given Name As Sukhwinder and Surname as Kaur. All please note.

I, Sukhbir Kaur D/o Surinder Singh R/o V.PO.Kalyanpur Distt. Jalandhar, Punjab have changed my name from Sukhbir Kaur to Given name Sukhbir and Kaur as Surname. All please note.

I Bimal S/o Bagicha Singh R/o VPO. Rahimpur, Distt. Jalandhar, Punjab have kept and declared that Given Name as BIMAL & Surname as SINGH. All may note it.

I, Ranbir Singh S/O Bikkar Singh R/O Vill. Mahal Khurd , Po. Garcha, Teh. Nawanshahr, Distt. S.b.s Nagar - 144518, Punjab I Have Changed My Name Ranbir Singh To Singh Ranbir. All Note.

I, Ashwani Talwar S/o Yoginder Paul Talwar R/o H. No. 706-L, Model Town Mall Road, Jalandhar - 144003, Punjab, India have changed my name and shall hereafter be known as Ashwani Kumar Talwar. All note.

I, Surinder Singh S/o Satnam Singh R/o VPO. Talwandi Salhan, PS. Tanda, Distt. Hoshiarpur, Punjab declare my given name is Surinder and my surname is Singh.

I Heera Lal S/o Nirmal Lal, Khojewal, Kapurthala have changed my name from Heera Lal to Heera as first name and Lal as surname.

I, Pooja Trehan W/o Nitin Vohra R/o 45, Lawrence Road, Ward No.44, MC Amritsar have changed my name from Pooja Trehan to Pooja Vohra after marriage

I, Gurjit Singh S/o Kashmir Singh R/o Tehsil Ajnala District Amritsar have changed my name from Gurjit Singh to Gurjeet Singh

I, Kamaljit Kaur W/o Jagdish Singh R/o H.No.2355, Gali No.2, Krishna Nagar, Dharmpura, Amritsar have changed my name from Kamaljit Kaur to Kamaljeet Kaur

I, Shweta Mehra W/o Rajesh Mehra R/o 1093, Akash Avenue, Near Shiv Mandir, Fatehgarh Churian Road, Amritsar have changed my name from Shweta Mehra to Shaveta Mehra

I, Gudu Gill W/o Nishan Singh R/o 18/99 Gali No.1 Prem Nagar Tung Bala Majitha Road Amritsar have changed my name to Guddu Gill.

### Change of Name

I, Mukesh S/o Om Parkash R/o 1504/12 Gawal Mandi Ram Tirath Road Amritsar have changed my name to Mukesh Kumar

I, Vishvas S/o Paramjit Masih R/o VPO. Masanian, Tehsil Batala, Distt. Gurdaspur, Punjab have changed my name from Vishvas to Vishwas. Concerned Note.

I, Riya Thearia wife of Kartik Thearia R/o House No. 40, Guru Ram Dass Enclave, Basti Danishmanda, Jalandhar-1, Distt. Jalandhar, Punjab-144002 have changed my name from Riya Dasour to Riya Thearia after marriage. All concerned please note.

I, Kartik Thearia son of Ashwani Kumar R/o House No. 40, Guru Ram Dass Enclave, Basti Danishmanda, Jalandhar-1, Distt. Jalandhar, Punjab-144002 have changed my name from Kartik to Kartik Thearia. All concerned please note.

I, Vandna Matta wife of Jatin Mehta resident of H.No. 167, Master Tara Singh Nagar, Jalandhar, Punjab-144001 have changed my name from Vandna Matta to Vandana Mehta after marriage. All concerned please note.

I, Seema Rani wife of Sanjeev Mogla R/o Mohalla Arora Rasta, Tehsil Sultanpur Lodhi, Distt. Kapurthala, Punjab-144626 have changed my name from Seema Rani to Seema. All concerned please note.

I, Sanjeev Kumar S/o Ram Sarup R/o Mohalla Arora Rasta, Tehsil Sultanpur Lodhi, Distt. Kapurthala, Punjab-144626 have changed my name from Sanjeev Kumar to Sanjeev Mogla. All concerned please note.

I Navel Kishor S/O Nand Lal, Residing At House No 68, Maan Singh Nagar, Jalandhar, Punjab - 144009, Have Changed My Name From Naval Kishore To Navel Kishor. All Concerned Please Note.

I, Gautam son of Sh. Anil Kumar resident of H.No. N.A. 342, Kishanpura, Jalandhar, Punjab-144004 have changed my name from Gautam to Gautam Jangra, I declare that Gautam is my Given Name and Jangra is my Surname. All concerned please note.

I, hitherto known as Bandana D/o Ashok Kumar R/o Sharma Colony Near Kapila Food Corner, Koi, Road, Garhdiwala, Tehsil Dasuya, Distt. Hoshiarpur, 144207, Punjab, India, have changed my name and shall here-after be known Bandana Chaudhary.

I, Ravinder Kaur Sidhu w/o Jatinder Singh r/o 782/10, Gali No.4, Mohalla Preet Nagar, Kapurthala-144601 Punjab have to remove my daughter surname Kasnoor Kaur Sidhu to Kasnoor Kaur. All Please Note.

I, Sandip Singh Takhar s/o Tarsem Singh Takhar r/o Patti Takhar, Vill.Shankar, Teh.Nakodar, Distt.Jalandhar have changed my name to Sandeep Singh Takhar. All Please Note.

I, Ranjit Singh S/o Balwinder Singh R/o VPO. Sangojla, Distt. Kapurthala, Punjab have changed my name from Ranjit Singh to Singh Ranjit (Surname as Singh) All Please Note.

I, Prabhjit Kaur W/o Ranjit Singh R/o VPO. Sangojla, Distt. Kapurthala, Punjab have changed my name from Prabhjit Kaur to Kaur Prabhjit (Surname as Singh) All Please Note.

I, Ranjit Singh S/o Balwinder Singh R/o VPO. Sangojla, Distt. Kapurthala, Punjab have changed my minor son name from Imaanpreet Singh to Singh Imaanpreet (Surname as Singh) All Please Note.

I, Sukhjinderpal Singh s/o Balvir Chand r/o Village Latianwala, Po.Mothanwala, Kapurthala have use may given name as Sukhjinderpal & Surname as Singh. All Please Note.

### PUBLIC NOTICE

I Rajeev Jain S/o Sh. Kapur Chand Jain R/o H NO. 62 Sat Nagar , Jalandhar , Punjab , India hereby declare That Rajeev Jain and Rajiv Jain both are one and same person . All Concerned Please Note.

### ਨਾਂਅ ਦੀ ਬਦਲੀ

ਮੈਂ, ਅਭਿਸ਼ੇਕ ਪੁੱਤਰ ਸੰਜੇ ਸ਼ਿੰਹ, ਨਿਵਾਸੀ ਘਰ ਨੰਬਰ 2-7/203, ਲਾਹੌਰੀ ਗੇਟ, ਜ਼ਿਲ੍ਹਾ ਕਪੂਰਥਲਾ, ਪੰਜਾਬ, ਇਹ ਘੋਸ਼ਣਾ ਕਰਦਾ ਹਾਂ ਕਿ ਮੈਂ ਆਪਣਾ ਨਾਮ ਅਭਿਸ਼ੇਕ ਤੋਂ ਬਦਲ ਕੇ ਅਭਿਸ਼ੇਕ ਸ਼ਿੰਹ ਕਰ ਲਿਆ ਹੈ। ਕਿਰਪਾ ਕਰਕੇ ਨੋਟ ਕੀਤਾ ਜਾਵੇ।

### ਬੇਦਖਲੀ ਨੋਟਿਸ

ਮੈਂ ਸ਼ਾਂਤੀ ਪਤਨੀ ਫਰਜੰਦ ਮਸੀਹ ਵਾਸੀ ਪਿੰਡ ਧੀਦੋਵਾਲ ਤਹਿਸੀਲ ਕਲਾਨੌਰ ਜਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਨੀਲਮ ਜੋ ਆਪਣੀ ਮਨ ਮਰਜ਼ੀ ਕਰਦੀ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ ਮੈਂ ਨੀਲਮ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਰਣਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਮਕਾਨ ਨੰ: 66, ਮਾਨ ਸਿੰਘ ਨਗਰ, ਡਾਕ. ਚੁਗਿੱਟੀ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦਮਨਜੀਤ ਸਿੰਘ ਅਤੇ ਉਸ ਦੀ ਪਤਨੀ ਸਵਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਗਿਆਨ ਕੌਰ ਪਤਨੀ ਹਰਪਾਲ ਸਿੰਘ ਵਾਸੀ ਪੱਤੀ ਜਲਾਲ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰੀ ਪੋਤੀ ਗੁਰਜੋਤ ਕੌਰ (ਕੁਆਰੀ) ਪੁੱਤਰੀ ਤਰਸੇਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਅਤੇ ਇਸ ਦੇ ਪਿਤਾ ਤਰਸੇਮ ਸਿੰਘ ਦੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸੰਤੋਖ ਸਿੰਘ ਪੁੱਤਰ ਸ੍ਰੀ ਭਗਤ ਸਿੰਘ ਵਾਸੀ ਮਕਾਨ ਨੰਬਰ 290 ਮੁਹੱਲਾ ਪ੍ਰੀਤ ਨਗਰ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੋਤਾ ਜਸਕਰਨ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਵਿਜੇ ਵਰਮਾਨੀ ਪੁੱਤਰ ਰਤਨ ਲਾਲ ਵਾਸੀ ਗਾਂਧੀ ਨਗਰ ਬੰਗਾ, ਤਹਿਸੀਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਖਿਲ ਵਰਮਾਨੀ, ਨੂੰਹ ਵਿਨੀ ਕੌਰ, ਜੋ ਮੇਰੇ ਕਹਿਣੇ ਵਿਚ ਨਹੀਂ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਨਫੇ-ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਗੁਰਦੇਵ ਰਾਜ ਪੁੱਤਰ ਓਮ ਪ੍ਰਕਾਸ਼, ਆਸ਼ਾ ਰਾਣੀ ਪਤਨੀ ਗੁਰਦੇਵ ਰਾਜ, ਵਾਸੀਆਨ ਸ਼ੇਰਪੁਰ ਚੌਂਕ, ਧੂਰੀ (ਸੰਗਰੂਰ) ਆਪਣੇ ਲੜਕੇ ਵੰਸ਼ ਪੁਲਾਨੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਤ੍ਰਿਪਤਾ ਰਾਨੀ ਪਤਨੀ ਇੰਦਰਜੀਤ ਵਾਸੀ ਮਕਾਨ ਨੰਬਰ 108ਈ 9/188, ਸ੍ਰੀ ਹਰਿਕ੍ਰਿਸ਼ਨ ਨਗਰ, ਛੇਹਰਟਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਰਾਕੇਸ਼ ਕੁਮਾਰ, ਉਸਦੀ ਪਤਨੀ ਰਮਾਂ, ਪੋਤਰੇ ਦਾਨਿਸ਼ ਦੇਵਗਣ, ਕਰਨ ਦੇਵਗਣ ਅਤੇ ਪੋਤਰੀ ਸ਼ਿਵਾਨੀ ਦੇਵਗਨ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ।

ਅਸੀਂ ਦਿਨੇਸ਼ ਕੁਮਾਰ ਚੋਪੜਾ ਪੁੱਤਰ ਰਾਮ ਸਰੂਪ ਚੋਪੜਾ ਵਾ ਪੂਜਾ ਚੋਪੜਾ ਪਤਨੀ ਦਿਨੇਸ਼ ਕੁਮਾਰ ਚੋਪੜਾ, ਵਾਸੀਆਨ ਏ.ਜੇ -338 ਡੀ, ਰਿਆਜ਼ਪੁਰਾ, ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਸ਼ਿਸ਼ ਚੋਪੜਾ ਅਤੇ ਉਸਦੀ ਪਤਨੀ ਸ਼੍ਰੇਆ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ ਬਲਵਿੰਦਰ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਮਕਾਨ ਨੰ.1645, ਗਲੀ ਨੰਬਰ 2, ਗੁਰੂ ਗੋਬਿੰਦ ਸਿੰਘ ਨਗਰ ਤਹਿਸੀਲ ਵਾ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤੁਸਾਲ ਉਰਫ ਤਨੀ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨ ਮਰਜੀ ਕਰਦਾ ਹਾਂ। ਇਸ ਲਈ ਮੈ ਇਸ ਨੂੰ ਆਪਣੀ ਚਲ/ਅਚਲ ਜਾਇਦਾਦ ਤੇ ਆਪਣੇ ਹਰ ਰਿਸ਼ਤੇ ਤੋਂ ਬੇਦਖਲ ਕਰਦਾ ਹਾਂ।ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਮੇਰੇ ਪਰਿਵਾਰ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ, ਅਮਰੀਕ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਪਿੰਡ ਬਰਿਆਰ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸੁਰਿੰਦਰ ਕੌਰ ਪਤਨੀ ਪ੍ਰੀਤਮ ਦਾਸ, ਵਾਸੀ ਪਿੰਡ ਨੰਗਲ ਫੀਦਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਤਜਿੰਦਰ ਕੁਮਾਰ (ਕੁਆਰਾ) ਪੁੱਤਰ ਪ੍ਰੀਤਮ ਦਾਸ, ਵਾਸੀ ਪਿੰਡ ਨੰਗਲ ਫੀਦਾ, ਜ਼ਿਲ੍ਹਾ ਜਲੰਧਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

### ਆਮ ਸੂਚਨਾ

ਮੈਂ, ਕਾਬਲ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਚਾਹਲ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਜਰਮਨਜੀਤ ਸਿੰਘ, ਜਿਸ ਨੂੰ ਮੈਂ ਪਹਿਲਾਂ ਬੇਦਖਲ ਕੀਤਾ ਸੀ, ਹੁਣ ਮੇਰਾ ਪੁੱਤਰ ਮੇਰੇ ਕਹਿਣੇ ਵਿਚ ਹੈ। ਹੁਣ ਮੈਂ ਆਪਣੇ ਪੁੱਤਰ ਜਰਮਨਜੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਕੀਤੀ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਉਸ ਦਾ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰਾ ਹੱਕ ਹੈ।

ਮੈਂ, ਗੁਰਮੁਖ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਮਕਾਨ ਨੰ: 222, ਵਾਰਡ ਨੰਬਰ 12, ਭੋਗਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਰਣਜੀਤ ਸਿੰਘ ਅਤੇ ਉਸ ਦੀ ਪਤਨੀ ਜਸਵੀਰ ਕੌਰ ਨੂੰ ਕਹਿਣੇਕਾਰ ਨਾ ਹੋਣ ਕਰਕੇ 03.01.2023 ਨੂੰ ਰੋਜ਼ਾਨਾ ਨਵਾਂ ਜ਼ਮਾਨਾ ਅਖ਼ਬਾਰ ਵਿਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਉਕਤ ਇਹ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹਨ। ਇਸ ਲਈ ਮੈਂ ਆਪਣੇ ਲੜਕੇ ਰਣਜੀਤ ਸਿੰਘ ਅਤੇ ਉਸ ਦੀ ਪਤਨੀ ਜਸਵੀਰ ਕੌਰ ਦੀ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਵਾਰਸ ਹੋਣਗੇ।

ਅਸੀਂ, ਦਰਸ਼ਨ ਸਿੰਘ ਪੁੱਤਰ ਮੂਲਾ ਸਿੰਘ ਅਤੇ ਗੁਰਮੀਤ ਕੌਰ ਪਤਨੀ ਦਰਸ਼ਨ ਸਿੰਘ, ਵਾਸੀ ਪਿੰਡ ਦਾਓਵਾਲ, ਡਾਕਖਾਨਾ ਪੁਰਾਣਾ ਸ਼ਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਹੈਪੀ, ਜੋ ਸਾਡੇ ਕਹਿਣੇ ਵਿਚੋਂ ਬਾਹਰ ਹੋਣ ਕਰਕੇ ਅਸੀਂ ਮਿਤੀ 31.01.2023 ਨੂੰ 'ਨਵਾਂ ਜ਼ਮਾਨਾ' ਅਖ਼ਬਾਰ ਰਾਹੀਂ ਇਸ਼ਤਿਹਾਰ ਦੇ ਕੇ ਅਸੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਹੈਪੀ ਸਾਡੇ ਕਹਿਣੇ ਵਿਚ ਹੈ। ਅਸੀਂ ਆਪਣੇ ਵੱਲੋਂ ਦਿੱਤੀ ਹੋਈ ਬੇਦਖਲੀ ਵਾਪਸ ਲੈਂਦੇ ਹਾਂ ਅਤੇ ਸਾਡਾ ਲੜਕਾ ਸਾਡੀ ਚੱਲ-ਅਚੱਲ ਜਾਇਦਾਦ ਵਿਚ ਬਰਾਬਰ ਦਾ ਭਾਈਵਾਲ ਹੋਵੇਗਾ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ / ਕਲਾਸੀਫਾਈਡ) ਦੇ ਤੱਥਾਂ ਦੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਕਾਰਜਕਾਰੀ ਇੰਜੀਨੀਅਰ/ਇੰਚਾਰਜ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਟੈਂਡਰ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-23-JRC-2025 | SSE/BR/M/UMB ਦੇ ਅਧਿਕਾਰ ਖੇਤਰ ਦੇ ਤਹਿਤ DUK ਸੈਕਸ਼ਨ ਵਿਚ ਪੁਲ ਨੰਬਰ 232 DN (2x30.5 ਮੀਟਰ), 233 DN (5x30.5 ਮੀਟਰ) ਅਤੇ CDG-MRND ਸੈਕਸ਼ਨ ਵਿਚ ਪੁਲ ਨੰਬਰ 3 (3x30.5 ਮੀਟਰ) ਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 1,25,32,347.59 | 2,12,700.00 | 21.01.2026 | 07.01.2026 ਤੋਂ 21.01.2026 | 0 | 10 ਮਹੀਨੇ |
| 2. | OT-24-JRC-2025 | SSE/BR/M/UMB ਦੇ ਅਧਿਕਾਰ ਖੇਤਰ ਦੇ ਤਹਿਤ RPJ-BTI ਸੈਕਸ਼ਨ ਵਿਚ OWG ਪੁਲ ਨੰਬਰ 62 ਏ DN (1 x 61.0 ਮੀਟਰ), ਪੁਲ ਨੰਬਰ 102 DN (1x45.7 ਮੀਟਰ), ਪੁਲ ਨੰਬਰ 172 DB 1 x 61.0 ਮੀਟਰ) ਤੇ ਪੁਲ ਨੰਬਰ 292 (1 x 30.5 ਮੀਟਰ) ਅਤੇ BTI-SGNR ਸੈਕਸ਼ਨ ਵਿਚ ਸਟੀਲ ਗਡੂਰ ਪੁਲ ਨੰਬਰ 180 (1 x 19.49) ਤੇ ਸਾਈਡ ਪਾਥਵੇ ਦਾ ਪ੍ਰਾਵਧਾਨ ਕਰਨਾ। | 89,47,845.36 | 1,79,000.00 | 21.01.2026 | 07.01.2026 ਤੋਂ 21.01.2026 | 0 | 10 ਮਹੀਨੇ |
| 3. | OT-25-JRC-2025 | SSE/BR/M/JUC ਦੇ ਅਧਿਕਾਰ ਖੇਤਰ ਦੇ ਤਹਿਤ ਪੁਲ ਨੰਬਰ 84 ਅਤੇ SSE/BR/M/PTK ਦੇ ਅਧਿਕਾਰ ਦੇ ਤਹਿਤ ਪੁਲ ਨੰਬਰ 17 DN, 81 DN, 172 DN ਦਾ ਫੋਟੋਗ੍ਰਾਮੇਟ੍ਰੀ ਸਮੇਤ ਏਰੀਅਲ ਡ੍ਰੋਨ ਸਰਵੇਖਣ ਕਰਨਾ। | 29,76,759.93 | 59,500.00 | 21.01.2026 | 07.01.2026 ਤੋਂ 21.01.2026 | 0 | 04 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਉਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। |

No. 80-W/30/Bridges/ Invitation Dated: 30.12.2025 4030/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਦੀ ਗੁਰਾਇਆ ਸਹਿਕਾਰੀ ਮਾਰਕੀਟਿੰਗ ਸਭਾ ਲਿਮ: ਗੁਰਾਇਆ ਦੇ ਬੋਰਡ ਆਫ ਡਾਇਰੈਕਟਰਜ਼ ਦੀ ਚੋਣ ਸੰਬੰਧੀ ਸੰਸਥਾ ਵੱਲੋਂ ਤਿਆਰ ਕੀਤੇ ਗਏ ਤਜਵੀਜ਼ੀ ਜ਼ੋਨਾਂ ਸੰਬੰਧੀ

### ਜ਼ੋਨ ਪ੍ਰਵਾਨ ਕਰਨ ਸੰਬੰਧੀ ਇਤਰਾਜ਼ ਦੇਣ ਸੰਬੰਧੀ ਨੋਟਿਸ

ਦੀ ਗੁਰਾਇਆ ਸਹਿਕਾਰੀ ਮਾਰਕੀਟਿੰਗ ਸਭਾ ਲਿਮ: ਗੁਰਾਇਆ ਦੇ ਬੋਰਡ ਆਫ ਡਾਇਰੈਕਟਰਜ਼ ਦੀ ਚੋਣ ਸੰਬੰਧੀ ਸੰਸਥਾ ਵੱਲੋਂ ਤਿਆਰ ਕੀਤੇ ਗਏ ਤਜਵੀਜ਼ੀ ਜ਼ੋਨ ਪ੍ਰਵਾਨਗੀ ਹਿੱਤ ਇਸ ਦਫਤਰ ਨੂੰ ਪ੍ਰਾਪਤ ਹੋਏ ਹਨ। ਜੇਕਰ ਇਸ ਸੰਸਥਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਨ੍ਹਾਂ ਜ਼ੋਨਾਂ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨ ਹਸਤਾਖਰ ਦੇ ਦਫਤਰ ਵਿਖੇ ਮਿਤੀ 19.01.2025 ਨੂੰ ਸ਼ਾਮ 5.00 ਵਜੇ ਤੱਕ ਲਿਖਤੀ ਰੂਪ ਵਿਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 20.01.2026 ਨੂੰ ਸਵੇਰੇ 11.00 ਵਜੇ ਨਿਮਨ ਹਸਤਾਖਰ ਦੇ ਦਫਤਰ (ਤੀਸਰੀ ਮੰਜ਼ਲ, ਸਾਹਮਣੇ ਮੇਨ ਡਾਕਖਾਨਾ, ਜਲੰਧਰ) ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ। ਜ਼ੋਨਾਂ ਦੀਆਂ ਲਿਸਟਾਂ ਦੀ ਇੱਕ-ਇੱਕ ਸਹਾਇਕ ਕਾਪੀ ਦੀ ਗੁਰਾਇਆ ਸਹਿਕਾਰੀ ਮਾਰਕੀਟਿੰਗ ਸਭਾ ਲਿਮ: ਗੁਰਾਇਆ ਦੇ ਦਫਤਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਅਤੇ ਨਿਮਨ ਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਵੇਖੀ ਜਾ ਸਕਦੀ ਹੈ।

(ਗੁਰਵਿੰਦਰਜੀਤ ਸਿੰਘ) ਪੀ.ਸੀ.ਐੱਸ.-1
ਉੱਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜਲੰਧਰ।

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ




### ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : ਮਨਜੀਤ ਲਾਲ ਪਿਤਾ/ਪਤੀ ਦਾ ਨਾਮ : ਪ੍ਰੇਮ ਸਾਗਰ
ਪਤਾ: H.No.491 Mohala Faghu Cantt Road Jalandhar, Tehsil - Jalandhar-1/ District-Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਭਰਾ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਵਿਜੇ ਕੁਮਾਰ ਪੱਕਾ ਪਤਾ: H.No.491 Mohala Faghu Cantt Road Jalandhar, Jalandhar-1, Jalandhar, Punjab ਵਿਦੇਸ਼ੀ ਪਤਾ: Via Casilina 1788A 1 Roma 00132 Finocchio Lazio Italy/ ਕੈਸੀਲੀਨਾ 1788ਏ 1 ਰੋਮਾ ਫਿਨੋਚਿਓ ਲਾਜ਼ੀਓ ਇਟਲੀ
ਉਮਰ/ਜਨਮ ਮਿਤੀ : 35-(26/01/1990)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-12-2025 ਨੂੰ ਜਾਰੀ ਹੋਇਆ।
ਨੰਬਰ 108/ਨੰਬਰ/ਰੀਡਰ ਮਤੀ 26.12.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਅਦਾਲਤੀ ਇਸ਼ਤਿਹਾਰ, ਬਾ ਅਦਾਲਤ ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ

### ਸਪੈਸ਼ਲ ਮੈਰਿਜ਼ ਐਕਟ-1954 ਅਧੀਨ ਮੈਰਿਜ਼ ਰਜਿਸਟਰ ਕਰਵਾਉਣ ਸੰਬੰਧੀ ਨੋਟਿਸ

ਬਨਾਮ
ਜਨਰਲ ਪਬਲਿਕ



ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ HARI SINGH S/O KULDIP SINGH R/O H.NO. 179, MOHALLA AZAD NAGAR, SHAHKOT, DISTT JALANDHAR (PUNJAB), INDIA ਨੇ ਇਸ ਅਦਾਲਤ ਵਿੱਚ ਸਪੈਸ਼ਲ ਮੈਰਿਜ ਐਕਟ 1954 ਅਧੀਨ ROSA SULTANKULOW D/O MAKSUT SULTANKULOW R/O 97084 WURZBURG WENDELWEG 2A, GERMANY ਨਾਲ ਮੈਰਿਜ ਰਜਿਸਟਰਡ ਕਰਵਾਉਣ ਲਈ ਦਰਖਾਸਤ ਦਿੱਤੀ ਹੈ।
ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ।
ਇਸ ਤੋਂ ਬਾਅਦ ਵਿੱਚ ਆਏ ਇਤਰਾਜਾਂ ਤੇ ਕੋਈ ਗੋਰ ਨਹੀਂ ਕੀਤਾ ਜਾਵੇਗਾ।
ਨੰਬਰ 03/ਰੀਡਰ/ਏ.ਡੀ.ਸੀ ਮਿਤੀ 30-12-2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ

## LALA LAJPAT RAI INSTITUTE OF NURSING EDUCATION

### GULAB DEVI HOSPITAL, JALANDHAR

Mobile No: 9815644441 Email: gulabdevihospital124@gmail.com
www.llrgdhnursing.com

Semi online counseling for leftover seats in GNM Course (Session 2025-26) for Lala Lajpat Rai Institute of Nursing Education. Jalandhar

It is informed that the process for Semi Online Counselling of leftover seats for Lala Lajpat Rai Institute of Nursing Education, Jalandhar will be conducted at institute level as per following schedule.

Only the candidates, who have completed application in all respects on counseling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

| Description | Date | Reporting Timing |
|---|---|---|
| Semi Online Counselling and joining of candidates for Lala Lajpat Rai Institute of Nursing Education, Gulab Devi Hospital, Jalandhar | 31-12-2025 | 9:00 am to 10:00 am |

PNRC Helpline for Counselling
+91 62836-18852 (Mon-Fri, 9 am - 5 pm) admissionspnrc@gmail.com

Principal
Lala Lajpat Rai Institute of Nursing Education, Jalandhar.

## ਉੱਤਰ ਰੇਲਵੇ

### ਟੈਂਡਰ ਸੂਚਨਾ

ਉਪ ਮੁੱਖ ਇੰਜੀਨੀਅਰ/ਨਿਰਮਾਣ/ਉੱਤਰੀ ਰੇਲਵੇ, ਜੰਮੂ, ਭਾਰਤ ਸਰਕਾਰ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਇਕ ਪੈਕੇਟ ਸਿਸਟਮ ਦੇ ਤਹਿਤ ਖੁਲੀ ਈ-ਟੈਂਡਰਾ ਮੰਗ ਕਰਦੇ ਹਨ:

| | |
|---|---|
| ਕੰਮ ਅਤੇ ਜਗ੍ਹਾਂ ਦਾ ਨਾਮ | ਬੀਜੀ ਟ੍ਰੈਕ ਨੂੰ ਜੋੜਨਾ ਅਤੇ ਹੋਰ ਸਬੰਧਤ ਕੰਮ ਜਿਸ ਤਰ੍ਹਾਂ ਪੁਰਾਣੇ ਮੌਜੂਦਾ ਟ੍ਰੈਕ ਦੇ ਨਾਲ ਕਨੈਕਸ਼ਨ ਬਨਾਨਾ, ਟਰਨਆਊਟ ਵਿਛਾਣਾ, ਜੋੜੋ ਨੂੰ ਚਿਪਕਾਨਾ, ਗਿਟਟੀ ਪਾਉਨਾਂ, ਲੀਡਿੰਗ, ਲੋਡਿੰਗ, ਪੀ.ਵੇ. ਸਾਮਗਰੀ ਨੂੰ ਉਤਾਰਨਾ, ਗਿਟਟੀ ਦੀ ਆਪੂਰਤੀ, ਏਟੀ ਵੇਲਡਿੰਗ ਕੰਮ ਆਦਿ । ਪਠਾਨਕੋਟ ਕੈਂਟ (ਪੀਟੀਕੇਸੀ) ਰੇਲਵੇ ਸਟੇਸ਼ਨ ਉਤੇ ਸ਼ਟਿੰਗ ਨੇਕ ਦੇ ਪ੍ਰਾਵਧਾਨ ਦੇ ਸਬੰਧ ਵਿਚ, ਤਾਕਿ ਮੁੱਖ ਲਾਇਨ ਨੂੰ ਸ਼ਾਮਿਲ ਕੀਤੇ ਬਗੈਰ ਸ਼ੰਟਿਗ ਮੂਵਮੇਂਟ ਨੂੰ ਸੁਗਮ ਬਨਾਇਆ ਜਾਂ ਸਕਦੇ । |
| ਕੰਮ ਪੂਰਾ ਕਰਨ ਦਾ ਸਮਾਂ | 06 (ਛੇ) ਮਹੀਨੇ |
| ਲਗਭਗ ਕੰਮ ਦੀ ਲਾਗਤ | ਰੁ: 9087615.68 /- |
| ਅਗ੍ਰਿਮ ਧਨ ਜਮਾਂ ਕਰਨ ਦੇ ਲਈ ਘੱਟ ਤੋਂ ਘੱਟ ਧਨ | ਰੁ: 181800 /- |
| ਈ-ਟੈਂਡਰ ਜਮਾਂ ਕਰਨਾ ਅਤੇ ਟੈਂਡਰ ਟੈਂਡਰਾ ਖੁਰਲਣ ਦੇ ਲਈ ਮਿਤੀ ਅਤੇ ਸਮਾਂ | ਆਈ.ਆਰ.ਈ.ਪੀ.ਐਸ ਵੇਬਸਾਈਟ ਯਾਨੀ www.ireps.gov.in ਉਤੇ 28.01.2026 ਦੀ ਮਿਤੀ ਨੂੰ 11:30 ਵਜੇ ਤਕ ਟੈਂਡਰਾ ਅਪਲੋਡ ਕੀਤੀ ਜਾਂ ਸਕਦੀ ਹੈ । ਬੋਲੀ ਦਾਤਾਈਟੈਂਡਰਾ ਵਿਚ ਭਾਗ ਲੈ ਸਕਦੇ ਹਨ। ਜਿਸ ਵਿਚ ਤੋਂ, ਤਕਨੀਕੀ ਸਹਵਾਇਜਿਯਕ ਬੋਲੀਆਂ 28.01.2026 ਨੂੰ 11:30 ਵਜੇ ਖੋਲੀ ਜਾਵੇਗੀ । |
| ਪੂਰੀ ਟੈਂਡਰ ਸੂਚਨਾ ਅਤੇ ਟੈਂਡਰ ਦਸਤਾਵੇਜ | ਪੂਰੀ ਈ-ਟੈਂਡਰ ਸੂਚਨਾ ਉੱਤਰੀ ਰੇਲਵੇ ਵੇਬਸਾਈਟੀ www.ireps.gov.in ਉਤੇ ਉਪਲਬਧ ਹੈ ਅਤੇ ਟੈਂਡਰ ਦਸਤਾਵੇਜ www.ireps.gov.in ਉਤੇ ਉਪਬਲਧ ਹੈ । ਉਪਰ ਟੈਂਡਰ ਦਸਤਾਵੇਜ 14.01.2026 ਤੋਂ 28.01.2026 ਤਕ ਆਈਆਰਈਪੀ ਐਸ ਵੇਬਸਾਈਟ www.ireps.gov.in ਉਤੇ ਪ੍ਰਸਤਾਵ ਜਮਾਂ ਕਰਨ ਦੇ ਲਈ ਉਪਲਬਧ ਹੋਵੇਗਾ । ਉਪਰੋਕਤ ਟੈਂਡਰਾ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਟੈਂਡਰ ਦਸਤਾਵੇਜ ਵਿਚ ਦਿਤੀ ਗਈ ਹੈ । ਉਪਰੋਕਤ ਦਫਤਰ ਦੇ ਨੋਟਿਸ ਬੋਰਡ ਉਤੇ ਪੂਰੀ ਟੈਂਡਰ ਸੂਚਨਾ ਦੇਖੀ ਜਾਂ ਸਕਦੀ ਹੈ । |

ਟੈਂਡਰ ਸੂਚਨਾ ਲੜੀ 4-WDYCECDJAT-2025-26 ਮਿਤੀ : 30.12.2025 4028/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਟੈਂਡਰ ਨੋਟਿਸ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਕੰਮ ਕਰਦੇ ਮੰਡਲ ਯਾਂਤਰਿਕ ਇੰਜੀਨੀਅਰ/ਜੰਮੂ-ਕਸ਼ਮੀਰ ਹੇਠਾਂ ਸੂਚੀਬਧ ਕੰਮਾਂ/ਸੇਵਾਵਾਂ ਦੇ ਲਈ ਈ-ਟੈਂਡਰਾਂ ਮੰਗ ਕਰਦੇ ਹਨ। ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਇਨ੍ਹਾਂ ਨਿਵਿਦਾਵਾਂ ਦੇ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਨ੍ਹਾਂ ਨਿਵਿਦਾਵਾਂ ਦੇ ਵਿਰੁਧ ਆਨਲਾਈਨ ਭੁਗਤਾਨ ਕਰਨ ਦੀ ਇਜਾਜਤ ਹੈ। ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਕੇਵਲ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸਮਾਪਤੀ ਮਿਤੀ/ਸਮਾਂ | ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ |
|---|---|---|---|---|
| ਖੁਲ੍ਹਾ | ਏਕਲ ਪੈਕੇਟ ਪ੍ਰਣਾਲੀ | 30.12.2025 | 21.01.2026, 15:00 ਘੰਟੇ | 21.01.2026, 15:30 ਘੰਟੇ |

| ਲੜੀ ਨੰ. | ਨਿਵਿਦਾ ਕ੍ਰਮਾਂਕ | ਨਿਵਿਦਾ ਦਾ ਵੇਰਵਾ |
|---|---|---|
| 1 | 06-MECH-NG-JAT-2025 | ਪਠਾਨਕੋਟ ਵਿਚ ਕੇਵੀਆਰ ਸੈਕਸ਼ਨ ਦੇ ਨੈਰੋ-ਗੇਜ ਕੋਚਾਂ ਦਾ ਅਪਗ੍ਰੇਡੇਸ਼ਨ |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| ₹ 2,66,68,308.15 | ₹ 2,83,400/- | 60 ਦਿਨ | 18 ਮਹੀਨੇ |

ਨਿਵਿਧੀ ਅਲਾਟਮੈਟ ਨੰਬਰ 20427505 ਉਤੇ ਉਪਲਬਧ ਹੈ। ਵਧੇਰੇ ਜਾਣਕਾਰੀ ਦੇ ਲਈ ਕਿਰਪਾ www.ireps.gov.in 'ਤੇ ਲਾਗ ਆਨ ਕਰੋ। 4027/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## PUBLIC NOTICE

It is inform to general public that Kamlesh Rani wife of Sh. Mohan Lal resident of 482, New Golden Avenue, Amritsar is owner of property i.e. One Plot Private No. 482, having measurement in Length 60 ft and breadth 30 ft. total area measuring 200 sq. yards, which is bounded by (as per sale deed) East: Plot No. 483, West: Plot No. 481, North: Plot No. 454, South: Street 20 ft wide, bearing Khasra No. 576 Min, Khata Khatouni No. 27/70 as per jamabandi for the year 2003-2004, situated at Tungpai Urban, New Golden Avenue, Amritsar on the basis of sale deed dated 11.11.2009 duly registered with the office of sub-registrar, Amritsar vide Document No. 8721, Book No.1, Volume No. 3808 at Page 4346 and it has been represented to the Bank that the original General Power of Attorney dated 07.07.1993 duly registered with the office of sub-registrar, Amritsar vide Document No.3157, Book No. 4, Volume No. 778 at Page 86 entered on 09.07.1993 executed by Sh. Bir Inder Singh son of S. Ajit Singh in favour of S. Mahinder jit Singh son of S. Avtar Singh has been lost and a Police Report vide G.D. No.025 Dated 28.12.2025 has been lodged in this regard with Police Station Mohkampura, Amritsar and now, she has approached the Bank to tender said property as security, if anyone has any objection or any claim over such property, he/she may inform the Bank within 15 days in writing alongwith proof of his objection/claim, within the given period.

Branch Manager, Punjab & Sind Bank,
Branch Ranjit Avenue, Amritsar

## ALCHEMIST ASSET RECONSTRUCTION COMPANY LIMITED

(TRUSTEE OF ALCHEMIST XLV TRUST)
A-270 (FF & SF), DEFENCE COLONY, NEW DELHI-110 024, TEL.: 91-11-46562580 - 83
FAX: 91-11-46562584, EMAIL: admin@alchemistarc.com, WEB: www.alchemistarc.com

### ਡਿਮਾਂਡ ਨੋਟਿਸ ਸੈਕਸ਼ਨ 13 (2) ਤਹਿਤ

ਤੁਸਾਂ ਹੇਠਾਂ ਦਰਸਾਏ ਕਰਜ਼ਦਾਰ ਨੇ ਜਾਇਦਾਦ ਦੀ ਦਰਸਾਈ ਅਨੁਸੂਚੀ ਤਹਿਤ ਗਿਰਵੀ ਵਜੋਂ ਕਰਜ਼ਾ ਸਹੂਲਤ ਪ੍ਰਾਪਤ ਕੀਤੀ ਹੈ ਅਤੇ ਤੁਸੀਂ ਦਰਸਾਇਆ ਕਰਜ਼ਦਾਰ/ਸਹਿ-ਕਰਜ਼ਦਾਰ, ਗਰੰਟਰ ਵਜੋਂ ਕਰਜ਼ਾ ਇਕਰਾਰਨਾਮੇ ਵਜੋਂ ਖੜੀ ਹੈ। ਸਿੱਟੇ ਵਜੋਂ ਤੁਸੀਂ ਅਨੇਕਾਂ ਭੁੱਲਾਂ ਕੀਤੀਆਂ ਹਨ। ਤੁਹਾਡੇ ਹੇਠਾਂ ਦਰਸਾਏ ਕਰਜ਼ਾ ਖਾਤੇ ਸਕਿਉਰਟੀਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (ਸੰਖੇਪ ਵਜੋਂ ਸਰਫੇਸੀ ਐਕਟ) ਦੀਆਂ ਵਿਵਸਥਾਵਾਂ ਤਹਿਤ ਐੱਨ ਪੀ ਏ ਵਜੋਂ ਵਰਗੀਕ੍ਰਿਤ ਕੀਤੇ ਗਏ ਹਨ। ਅਸੀਂ ਅਲਕੈਮਿਸਟ ਐਸਟ ਰੀਕੰਸਟਰਕਸ਼ਨ ਕੰਪਨੀ ਲਿਮਟਿਡ ਦੇ ਤੁਹਾਡੇ ਵੱਲੋਂ ਦਿੱਤੇ ਗਏ ਪਤਿਆਂ 'ਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤੇ ਹਨ। ਨੋਟਿਸਾਂ ਮੁਤਾਬਕ ਤੁਸੀਂ ਅਲੱਗ ਕਰਜ਼ਿਆਂ ਜੋ ਤੁਹਾਨੂੰ ਦਿੱਤੇ ਗਏ, ਦੀ ਅਦਾਇਗੀ 'ਚ ਭੁੱਲਾਂ ਕੀਤੀਆਂ ਹਨ। ਇਸ ਲਈ, ਇਹ ਪ੍ਰਕਾਸ਼ਨਾ ਰਾਹੀਂ ਸਰਫੇਸੀ ਐਕਟ ਦੇ ਸੈਕਸ਼ਨ 13(2) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੀਆਂ ਵਿਵਸਥਾਵਾਂ ਤਹਿਤ ਨੋਟਿਸ ਦਿੱਤਾ ਜਾ ਰਿਹਾ ਹੈ।

| ਕਰਜ਼ਾ ਖਾਤਾ ਨੰ./ਖਾਤਾ, ਕਰਜ਼ਦਾਰ ਅਤੇ ਗਰੰਟਰ ਦਾ ਨਾਂਅ ਅਤੇ ਪਤਾ | ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ/ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ |
|---|---|---|---|
| (1) ਮੈਸ. ਗੁਪਤਾ ਬਿਲਡਰਜ਼ ਐਂਡ ਪ੍ਰਮੋਟਰਜ਼ ਪ੍ਰਾਈਵੇਟ ਲਿਮ., ਜੀ ਪੀ ਬੀ ਬਿਜ਼ਨਸ ਸਕੇਅਰ, ਬਰਵਾਲਾ ਰੋਡ, ਚੰਡੀਗੜ੍ਹ-ਅੰਬਾਲਾ ਹਾਈਵੇਜ਼, ਡੇਰਾਬੱਸੀ, ਪੰਜਾਬ-140507, ਨਾਲ ਹੀ : ਐੱਸ ਸੀ ਓ ਨੰ. 196-197, ਧਰਾਤਲ ਮੰਜ਼ਲ, ਸੈਕਟਰ 34-ਏ, ਚੰਡੀਗੜ੍ਹ, ਪੰਜਾਬ-160022 (2) ਤਲਵੰਡੀ ਅਸਟੇਟਸ ਪ੍ਰਾਈਵੇਟ ਲਿਮਟਿਡ, ਐੱਸ ਸੀ ਓ ਨੰ. 196-197, ਦੂਜੀ ਮੰਜ਼ਲ, ਸੈਕਟਰ 34-ਏ. ਚੰਡੀਗੜ੍ਹ ਪੰਜਾਬ-160022 (3) ਸ੍ਰੀ ਪ੍ਰਦੀਪ ਕੁਮਾਰ ਮਕਾਨ ਨੰ. 24, ਸਾਹਮਣੇ ਸੈਂਟੀ ਬਿਲਡਿੰਗ, ਡੇਰਾਬੱਸੀ, ਪੰਜਾਬ (4) ਸ੍ਰੀ ਸਤੀਸ਼ ਕੁਮਾਰ ਮਕਾਨ ਨੰ. 24, ਨੇੜੇ ਐੱਲ ਆਈ ਸੀ ਬਿਲਡਿੰਗ, ਆਦਰਸ਼ ਨਗਰ, ਡੇਰਾਬੱਸੀ, ਜ਼ੀਰਕਪੁਰ, ਐੱਸ ਏ ਐੱਸ ਨਗਰ, ਪੰਜਾਬ-140507 (5) ਸ੍ਰੀ ਰਮਨ ਕੁਮਾਰ ਮਕਾਨ ਨੰ. 24, ਨੇੜੇ ਐੱਲ ਆਈ ਸੀ ਬਿਲਡਿੰਗ, ਆਦਰਸ਼ ਨਗਰ, ਡੇਰਾਬੱਸੀ, ਜ਼ੀਰਕਪੁਰ, ਐੱਸ ਏ ਐੱਸ ਨਗਰ, ਪੰਜਾਬ-140507 (6) ਸ੍ਰੀ ਸ਼ਿਵ ਕੁਮਾਰ ਅੱਗਰਵਾਲ, ਮਕਾਨ ਨੰ. 8, ਸੈਕਟਰ 28-ਏ, ਚੰਡੀਗੜ੍ਹ, ਪੰਜਾਬ-160022 (7) ਘਣਸ਼ਿਆਮ ਅੱਗਰਵਾਲ, ਮਕਾਨ ਨੰ. 8, ਸੈਕਟਰ 28-ਏ, ਚੰਡੀਗੜ੍ਹ, ਪੰਜਾਬ-160002 (8) ਸ੍ਰੀਮਤੀ ਰੀਟਾ ਦੇਵੀ, ਮਕਾਨ ਨੰ. 8, ਸੈਕਟਰ 28-ਏ. ਚੰਡੀਗੜ੍ਹ, ਪੰਜਾਬ-160002, (9) ਅੰਜੂ ਅਗਰਵਾਲ, ਮਕਾਨ ਨੰ. 8, ਸੈਕਟਰ 28-ਏ ਚੰਡੀਗੜ੍ਹ, ਪੰਜਾਬ-160002 | ਵਪਾਰਕ ਜਾਇਦਾਦ-ਕਮ-ਦਫਤਰ, ਪਲਾਟ : ਵਪਾਰਕ ਐੱਸ ਸੀ ਓ ਸਾਈਟ ਨੰ. 196-197, ਸੈਕਟਰ 34-ਏ, ਚੰਡੀਗੜ੍ਹ, ਪੰਜਾਬ, ਜ਼ਿਲ੍ਹਾ ਪਿੰਨ ਕੋਡ-160022 ਰਕਬਾ 371.83 ਵਰਗ ਗਜ਼ ਨਾਲ ਸੰਬੰਧਤ ਸਭ ਕੁਝ। | 23.12.2024 ਐੱਨ ਪੀ ਏ 01.04.2021 | ਮਿਤੀ 23.12.2025 ਨੂੰ ਰੁਪਏ 5,74,86,173/- (ਪੰਜ ਕਰੋੜ ਚੁਹੱਤਰ ਲੱਖ ਛਿਆਸੀ ਹਜ਼ਾਰ ਇੱਕ ਸੌ ਤਿਹੱਤਰ ਰੁਪਏ ਕੇਵਲ) ਸਮੇਤ ਮੂਲ, ਵਿਆਜ ਅਤੇ ਹੋਰ ਚਾਰਜਿਜ਼ |

ਤੁਸਾਂ ਨੂੰ ਉਪਰੋਕਤ ਦੱਸੀ ਰਕਮ ਸਮੇਤ ਵਿਆਜ ਅਤੇ ਲਾਗਤਾਂ ਅਲਕੈਮਿਸਟ ਐਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਨੂੰ ਉਕਤ ਡਿਮਾਂਡ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕਰਨ ਦਾ ਸੱਦਾ ਦਿੱਤਾ ਗਿਆ ਹੈ, ਜਿਸ 'ਚ ਅਸਫਲ ਰਹਿਣ 'ਤੇ ਅਲਕੈਮਿਸਟ ਐੱਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਐਕਟ ਦੀਆਂ ਵਿਵਸਥਾਵਾਂ ਤਹਿਤ ਕਰਜ਼ਦਾਰ, ਗਿਰਵੀਕਾਰ ਅਤੇ ਗਰੰਟਰ ਸਕਿਉਰਡ ਐੱਸਟਸ ਦੇ ਕਬਜ਼ੇ ਸਹਿਤ ਸਕਿਉਰਡ ਐੱਸਟਸ ਦੇ ਸਾਰੇ ਜਾਂ ਇੱਕ ਜਾਂ ਜ਼ਿਆਦਾ ਨੂੰ ਕਬਜ਼ੇ 'ਚ ਲੈਣ ਲਈ ਜ਼ਰੂਰੀ ਕਾਰਵਾਈ ਕਰ ਸਕਦੀ ਹੈ। ਅਲਕੈਮਿਸਟ ਐੱਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਕੋਲ ਹੇਠਾਂ ਦਰਸਾਏ ਅਧਿਕਾਰ ਪ੍ਰਾਪਤ ਹਨ (1) ਕਰਜ਼ਦਾਰਾਂ/ਗਰੰਟਰਾਂ ਦੇ ਸਕਿਉਰਡ ਐੱਸਟਸ ਨੂੰ ਕਬਜ਼ੇ 'ਚ ਲੈਣ ਦੇ ਅਧਿਕਾਰ ਸਮੇਤ ਜਾਇਦਾਦ ਨੂੰ ਲੀਜ਼, ਵਿਕਰੀ ਜਾਂ ਕਿਸੇ ਹੋਰ ਤਰੀਕੇ ਨਾਲ ਵੇਚਣ ਦਾ ਅਧਿਕਾਰ (2) ਅਲਕੈਮਿਸਟ ਐੱਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਵੱਲੋਂ ਸਕਿਉਰਡ ਐਸੱਟਸ ਦੇ ਪ੍ਰਬੰਧਾਂ ਨੂੰ ਕਬਜ਼ੇ 'ਚ ਲੈਣ ਸਮੇਤ ਲੀਜ਼ ਦੇ ਢੰਗ ਰਾਹੀਂ ਤਬਦੀਲ ਕਰਨ, ਸਪੁਰਦਗੀ ਜਾਂ ਵਿਕਰੀ ਜਾਂ ਸਕਿਉਰਡ ਐੱਸਟਸ ਦੇ ਹਿੱਸੇ ਨੂੰ ਤਬਦੀਲ ਕਰਨ ਦਾ ਅਧਿਕਾਰ ਹੈ। ਉਕਤ ਐਕਟ ਦੇ ਸੈਕਸ਼ਨ 13(13) ਦੀਆਂ ਵਿਵਸਥਾਵਾਂ ਤਹਿਤ ਤੁਹਾਨੂੰ ਜਾਇਦਾਦ ਨੂੰ ਵੇਚਣ, ਤਬਦੀਲ, ਲੀਜ਼ ਜਾਂ ਕਿਸੇ ਹੋਰ ਢੰਗ ਰਾਹੀਂ ਵੇਚਣ ਦੀ ਮਨਾਹੀ ਹੈ। (ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ) ਅਲਕੈਮਿਸਟ ਐੱਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਦੀ ਅਗਾਊਂ ਸਹਿਮਤੀ ਤੋਂ ਬਿਨਾਂ ਉਕਤ ਦੱਸੇ ਸਕਿਉਰਡ ਐੱਸਟਸ ਦੀ ਹਾਈਪੋਥੀਕੇਸ਼ਨ/ਰਹਿਣ ਦੇ ਹਵਾਲੇ ਵਜੋਂ ਤੁਸੀਂ ਜਾਇਦਾਦ ਨੂੰ ਤਬਦੀਲ, ਲੀਜ਼ ਜਾਂ ਕਿਸੇ ਹੋਰ ਢੰਗ ਰਾਹੀਂ ਵੇਚ ਨਹੀਂ ਸਕੋਗੇ।

ਸਥਾਨ : ਚੰਡੀਗੜ੍ਹ ਸਹੀ/- ਅਧਿਕਾਰਤ ਅਫਸਰ
ਮਿਤੀ : 31.12.2025 ਅਲਕੈਮਿਸਟ ਐੱਸਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ

## PUNJAB NATIONAL BANK

Branch Office:- Basti Jodhewal,
DISTT. LUDHIANA

### ( ਰੂਲ-8 (1) ) ਕਬਜ਼ਾ ਨੋਟਿਸ (ਅਚੱਲ-ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸੈਕਸ਼ਨ 13 (2) ਅਧੀਨ ਕਰਜ਼ਦਾਰਾਂ/ਗਰੰਟਰਾਂ ਨੂੰ ਹੇਠਾਂ ਦਰਸਾਈਆਂ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ/ਗਰੰਟਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ, ਬਸਤੀ ਜੋਧੇਵਾਲ, ਲੁਧਿਆਣਾ ਨੂੰ ਹੇਠਾਂ ਦਰਸਾਈ ਕੁੱਲ ਰਕਮ ਅਤੇ ਉਸ ਉੱਪਰ ਸਮੇਤ ਭਵਿੱਖੀ ਵਿਆਜ, ਜੋ ਵੀ ਹੋਵੇ 'ਤੇ ਲਾਗਤਾਂ ਆਦਿ ਦਾ ਹੱਕਦਾਰ ਬਣਾਵੇਗਾ।

ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰਾਂ/ਗਰੰਟਰਾਂ/ਜਾਇਦਾਦ ਮਾਲਕ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਤੇ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ/ਰਹਿਣਕਾਰ) : ਸ੍ਰੀ ਪਵਨੀਤ ਸਿੰਘ ਪੁੱਤਰ ਸ੍ਰੀ ਲੇਟ ਜੋਗਿੰਦਰ ਸਿੰਘ ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰੀ, ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ 1. ਸ੍ਰੀ ਪਵਨੀਤ ਸਿੰਘ ਪੁੱਤਰ ਲੇਟ ਸ੍ਰੀ ਜੋਗਿੰਦਰ ਸਿੰਘ (ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਲੇਟ ਸ੍ਰੀ ਜੋਗਿੰਦਰ ਸਿੰਘ) # ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰ, ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ 2. ਸ੍ਰੀਮਤੀ ਕੁਲਦੀਪ ਕੌਰ ਪਤਨੀ ਲੇਟ ਸ੍ਰੀ ਜੋਗਿੰਦਰ ਸਿੰਘ (ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਲੇਟ ਸ੍ਰੀ ਜੋਗਿੰਦਰ ਸਿੰਘ) # ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰੀ, ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ 3. ਹਰਪ੍ਰੀਤ ਕੌਰ ਪੁੱਤਰੀ ਲੇਟ ਸ੍ਰੀ ਜੋਗਿੰਦਰ ਸਿੰਘ (ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਲੇਟ ਸ੍ਰੀ ਜੋਗਿੰਦਰ ਸਿੰਘ) # ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰੀ ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ 4. ਜਸਮੀਤ ਸਿੰਘ ਪੁੱਤਰ ਲੇਟ ਸ੍ਰੀ ਜੋਗਿੰਦਰ ਸਿੰਘ (ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਲੇਟ ਸ੍ਰੀ ਜੋਗਿੰਦਰ ਸਿੰਘ) # ਮਕਾਨ ਨੰ. 1870/15, ਦਰੇਸੀ ਰੋਡ ਨੇੜੇ ਵੇਦ ਮੰਦਿਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ 2. ਕਰਜ਼ਦਾਰ ਮੈਸਰਜ਼ ਬ੍ਰਿਟਿਸ਼ ਫੈਸ਼ਨ # 1870/15, ਕਿਲ੍ਹਾ ਮੁਹੱਲਾ ਦਰੇਸੀ ਰੋਡ ਲੁਧਿਆਣਾ 2) (ਕਰਜ਼ਦਾਰ/ਰਹਿਣਕਾਰ) ਪਵਨੀਤ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰੀ ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ 3. (ਗਰੰਟਰ) ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਮਨਮੋਹਨ ਸਿੰਘ # ਐੱਮ ਸੀ ਨੰ. ਬੀ-II-261, ਪਲਾਟ ਨੰ. 39 ਪਿੰਡ ਸਲੇਮ ਟਾਬਰੀ ਗੁਰੂ ਨਾਨਕ ਨਗਰ ਐਕਸਟੈਂਸ਼ਨ ਲੁਧਿਆਣਾ। | ਇਕੁਟੇਬਲ ਮਾਰਟਗੇਜ਼ ਅਚੱਲ ਜਾਇਦਾਦ ਰਕਬਾ 154.50 ਵਰਗ ਗਜ਼, ਐੱਮ ਸੀ ਬੀ-2-261 ਖਸਰਾ ਨੰ. 10//7/1 ਖਾਤਾ ਨੰ. 214/239, ਜਮ੍ਹਾਂਬੰਦੀ ਸਾਲ 006-07 ਅਨੁਸਾਰ ਪਤਾ ਪਿੰਡ ਸਲੇਮ ਟਾਬਰੀ ਹਦਬਸਤ ਨੰ. 87 ਗੁਰੂ ਨਾਨਕ ਨਗਰ ਐਕਸਟੈਨਸ਼ਨ ਤਹਿਤ ਜ਼ਿਲ੍ਹਾ ਲੁਧਿਆਣਾ ਸੇਲ ਡੀਡ ਅਨੁਸਾਰ ਵਸੀਕਾ ਨੰ. 13526 ਤਰੀਕ 19/09/2012 ਜੋ ਕਿ ਸ੍ਰੀ ਜੋਗਿੰਦਰ ਸਿੰਘ ਤੇ ਸ੍ਰੀ ਪਵਨੀਤ ਸਿੰਘ ਦੇ ਨਾਂਅ ਹੈ, ਹੱਦਬੰਦੀ ਪੂਰਬ:ਗਲੀ 27'-0", ਪੱਛਮ : ਗਵਾਂਢੀ 27'-0", ਉੱਤਰ :ਗਵਾਂਢੀ 51'-6", ਦੱਖਣ : ਗਵਾਂਢੀ 51'-6" | 29.08.2025 12526015000985; 17.12.2019 12525015002641 | 29.12.2025 | ਸੰਕੇਤਕ ਕਬਜ਼ਾ; ਰੁ. 2,61,637.31 (ਦੋ ਲੱਖ ਇਕਾਹਠ ਹਜ਼ਾਰ ਛੇ ਸੌ ਸੈਂਤੀ ਰੁਪਏ ਇਕੱਤੀ ਪੈਸੇ ਕੇਵਲ) 28.08.2025 ਤੱਕ ਖਾਤਾ ਨੰ. 12526015000985 ਅਤੇ 3,30,793/- (ਤਿੰਨ ਲੱਖ ਤੀਹ ਹਜ਼ਾਰ ਸੱਤ ਸੌ ਤਿਰੰਨਵੇਂ ਰੁਪਏ ਕੇਵਲ) 10.12.2019 ਤੱਕ ਖਾਤਾ ਨੰ. 12525015002641 ਕੁੱਲ ਰਕਮ 5,92,430.31/- (ਪੰਜ ਲੱਖ ਬਾਨਵੇਂ ਹਜ਼ਾਰ ਚਾਰ ਸੌ ਤੀਹ ਰੁਪਏ ਇਕੱਤੀ ਪੈਸੇ ਕੇਵਲ) ਜਮ੍ਹਾਂ ਹੋਰ ਵਿਆਜ ਅਤੇ ਹੋਰ ਚਾਰਜਿਜ਼ ਅਤੇ ਖਰਚੇ |

ਮਿਤੀ : 30.12.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

# ਜਨਤਕ ਜਥੇਬੰਦੀਆਂ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਵਿਰੁੱਧ ਝੰਡਾ ਮਾਰਚ

**ਸ਼ਾਹਕੋਟ (ਗਿਆਨ ਸੈਦਪੁਰੀ)-** ਕਿਸਾਨ ਮਜ਼ਦੂਰ,ਮੁਲਾਜ਼ਮ,ਠੇਕਾ ਕਰਮੀ, ਅਤੇ ਆਰ ਐਮ ਪੀ ਡਾਕਟਰਾਂ ਦੀਆਂ ਜਥੇਬੰਦੀਆਂ ਦੇ ਸੈਂਕੜੇ ਵਰਕਰਾਂ ਵੱਲੋਂ ਲੰਬੀ ਇਲਾਕੇ ਦੇ ਪਿੰਡ ਸਿੰਘੇਵਾਲਾ, ਫਤੂਹੀਵਾਲਾ, ਮਿਠੜੀ ਬੁੱਧਗਿਰ, ਗੱਗੜ,ਬਾਦਲ , ਮਾਨਾਂ, ਬੀਦੋਵਾਲੀ, ਚੰਨੂ, ਲੰਬੀ , ਖਿਓਵਾਲੀ ਤੇ ਭਾਗੂ ਵਿਖੇ ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਨ,ਜਨਤਕ ਖੇਤਰ ਦੇ ਨਿੱਜੀਕਰਨ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜਮੀਨਾਂ ਵੇਚਣ , ਬਿਜਲੀ ਤੇ ਬੀਜ ਬਿੱਲ ਲਿਆਉਣ ਤੇ ਚਾਰ ਲੇਬਰ ਕੋਡ ਲਾਗੂ ਕਰਨ ਵਿਰੁੱਧ ਝੰਡਾ ਮਾਰਚ ਕੀਤਾ ਗਿਆ। ਵੱਖ ਵੱਖ ਥਾਵਾਂ 'ਤੇ ਜੁੜੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਦੀਆਂ ਸਮੂਹ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਇਹਨਾਂ ਕਾਨੂੰਨਾਂ ਖਿਲਾਫ਼ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾ ਰਹੇ ਧਰਨਿਆਂ 'ਚ ਪਰਿਵਾਰਾਂ ਸਮੇਤ ਸ਼ਾਮਲ ਹੋਣ। ਬੁਲਾਰਿਆਂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪੁਚਾਉਣ ਲਈ ਬਿਜਲੀ ,ਬੀਜ, ਜੰਗਲਾਂ, ਜ਼ਮੀਨਾਂ ਤੋਂ ਇਲਾਵਾ ਕਿਰਤ ਕਾਨੂੰਨਾਂ, ਮਨਰੇਗਾ 'ਚ ਲੋਕ ਵਿਰੋਧੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ, ਸਸਤੀਆਂ ਜ਼ਮੀਨਾਂ ਤੇ ਜਨਤਕ ਖੇਤਰ ਦੀਆਂ ਜਾਇਦਾਦਾਂ ਕੌਡੀਆਂ ਦੇ ਭਾਅ ਸੌਂਪੀਆਂ ਜਾ ਸਕਣ। ਉਹਨਾਂ ਲੋਕਾਂ ਨੂੰ ਇਹ ਵੀ ਸੱਦਾ ਦਿੱਤਾ ਕਿ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਮਜ਼ਦੂਰ ਮੰਗਾਂ ਨੂੰ ਲੈ ਕੇ 6 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਦਿੱਤੇ ਜਾ ਰਹੇ ਧਰਨੇ ਚ ਸ਼ਾਮਲ ਹੋਣ। ਅੱਜ ਦੇ ਇਕੱਠਾਂ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਬੀਕੇਯੂ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਗੁਰਪਾਸ਼ ਸਿੰਘ, ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਤਪਾਲ ਬਾਦਲ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਚਰਨਜੀਤ ਸਿੰਘ ਵਣਵਾਲਾ, ਬੀਕੇਯੂ ਏਕਤਾ ਡਕੌਂਦਾ (ਧਨੇਰ )ਦੇ ਭੁਪਿੰਦਰ ਸਿੰਘ ਚੰਨੂ , ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਦਿਲਾਵਰ ਸਿੰਘ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਆਗੂ ਡਾਕਟਰ ਜਗਦੀਸ਼ ਸਿੰਘ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਤਰਸੇਮ ਸਿੰਘ,ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਨਾਨਕ ਚੰਦ ਬਜਾਜ, ਠੇਕਾ ਮੁਲਾਜਮ ਸੰਘਰਸ਼ ਮੋਰਚਾ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਯੂਨੀਅਨ ਦੇ ਆਗੂ ਜਰਨੈਲ ਸਿੰਘ ਪੰਜਾਵਾ, ਭਾਰਤੀ ਕਿਸਾਨ ਯੂਨੀਅਨ ਬੋਘ ਸਿੰਘ ਮਾਨਸਾ ਦੇ ਆਗੂ ਬਲਵਿੰਦਰ ਸਿੰਘ ਕੱਖਾਂ ਵਾਲੀ ਕਿਸਾਨ ਆਗੂ ਮਨੋਹਰ ਸਿੰਘ ਸਿੱਖਵਾਲਾ , ਮੁਲਾਜ਼ਮ ਆਗੂ ਪ੍ਰਕਾਸ਼ ਚੰਦ ਚੰਨੂ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਇੱਕ ਮਤਾ ਪਾਸ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਗਿਰਫ਼ਤਾਰ ਕਰਨ ਦੀ ਨਿੰਦਾ ਕਰਦਿਆਂ ਮਜ਼ਦੂਰ ਆਗੂ ਨੂੰ ਰਿਹਾਅ ਕਰਨ ਦੀ ਮੰਗ ਵੀ ਕੀਤੀ।



# ਲੋੜਵੰਦ ਵਿਅਕਤੀ ਨੂੰ ਰੁਜ਼ਗਾਰ ਸ਼ੁਰੂ ਕਰਨ ਲਈ ਕੀਤੀ ਮਦਦ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)-** ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ, ਨਦਰਿ ਕਰਮਿ ਸੇਵਾ ਦਲ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਮਰੀਕਾ ਅਤੇ ਸੋਚ ਸੈਂਟਰ ਸਿਆਟਲ ਅਮਰੀਕਾ ਵੱਲੋਂ ਮਿਸ਼ਨ ਆਤਮ ਨਿਰਭਰਤਾ ਤਹਿਤ ਇੱਕ ਲੋੜਵੰਦ ਵਿਅਕਤੀ ਨੂੰ ਰੋਜ਼ਗਾਰ ਸ਼ੁਰੂ ਕਰਨ ਲਈ ਮੋਟਰ ਸਾਈਕਲ ਰੇਹੜੀ ਬਣਵਾਕੇ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਤਿੰਦਰ ਸਿੰਘ ਖ਼ਾਲਸਾ, ਦਲਬੀਰ ਸਿੰਘ ਕੰਗ, ਸੁਖਵਿੰਦਰ ਸਿੰਘ ਸੈਂਹਬੀ, ਜਸਪਾਲ ਸਿੰਘ ਧਾਲੀਵਾਲ (ਧਾਲੀਵਾਲ ਮੋਟਰਜ਼ ਲੋਹੀਆਂ) ਸੰਤੋਖ ਸਿੰਘ ਪੂਨੀ ਨੇ ਦੱਸਿਆ ਕਿ ਟਰੱਸਟ ਕੋਲੋਂ ਮੋਟਰਸਾਈਕਲ ਰੇਹੜੀ ਪ੍ਰਾਪਤ ਕਰਨ ਵਾਲੇ ਪਿੰਡ ਦੌਲਤਪੁਰ ਢੱਡਿਆਂ ਦੇ ਵਸਨੀਕ ਪਰਗਣ ਸਿੰਘ ਸੰਨ 2006 ਵਿੱਚ ਇੱਕ ਹਾਦਸੇ ਦੌਰਾਨ ਇੱਕ ਲੱਤ ਗਵਾ ਲੈਣ ਦੇ ਬਾਵਜੂਦ ਮੋਟਰਸਾਈਕਲ ਰੇਹੜੀ ਨਾਲ ਢੋਆ ਢੁਆਈ ਦਾ ਕੰਮ ਕਰਕੇ ਆਵਦਾ ਗੁਜ਼ਾਰਾ ਕਰਦੇ ਸਨ ਲੇਕਿਨ ਸੰਨ 2020 ਵਿੱਚ ਲੌਕ ਡਾਊਨ ਦੌਰਾਨ ਪਰਵਾਰਕ ਹਾਲਾਤਾਂ ਕਾਰਨ ਰੇਹੜੀ ਵੇਚਣ ਲਈ ਮਜਬੂਰ ਹੋ ਗਏ। ਮਿਹਨਤ ਕਰਕੇ ਰੋਟੀ ਕਮਾਉਣ ਦੀ ਭਾਵਨਾ ਅਤੇ ਆਤਮਵਿਸ਼ਵਾਸ ਨਾਲ਼ ਲਬਰੇਜ਼ ਵੀਰ ਪਰਗਣ ਸਿੰਘ ਨੂੰ ਸੰਗਤ ਦੀ 'ਦਸਵੰਧ ਭੇਟਾ' ਦੀ ਮਦਦ ਨਾਲ਼ ਮੋਟਰਸਾਈਕਲ ਰੇਹੜੀ ਦਾ ਮਾਲਕ ਬਣਾ ਦਿੱਤਾ ਗਿਆ ਹੈ। ਇਸ ਮੌਕੇ ਉਕਤ ਤੋਂ ਇਲਾਵਾ ਤਲਵਿੰਦਰ ਸਿੰਘ ਕੰਗ ਅਤੇ ਬਖਤਾਵਰ ਸਿੰਘ, ਅਤੇ ਗੁਰਜੋਤ ਸਿੰਘ ਵੀ ਹਾਜ਼ਰ ਸਨ।

# ਲਾਅ ਕਾਲਜ ਨੇ ਨਾਟਕ ਮੁਕਾਬਲੇ 'ਚ ਦੂਜਾ ਸਥਾਨ ਪ੍ਰਾਪਤ ਕੀਤਾ



**ਜਲੰਧਰ (ਇਕਬਾਲ ਸਿੰਘ ਉੱਭੀ)-** ਸੇਂਟ ਸੋਲਜਰ ਲਾਅ ਕਾਲਜ ਨੇ ਪਟਿਆਲਾ ਵਿੱਚ ਯੁਵਕ ਸੇਵਾਵਾਂ ਡਾਇਰੈਕਟੋਰੇਟ, ਪੰਜਾਬ ਦੇ ਸਟੇਟ ਰੈੱਡ ਰਿਬਨ ਕਲੱਬ ਦੁਆਰਾ ਆਯੋਜਿਤ ਰਾਜ ਪੱਧਰੀ ਨਾਟਕ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਵੱਖ-ਵੱਖ ਸੰਸਥਾਵਾਂ ਦੇ ਭਾਗੀਦਾਰਾਂ ਨੇ ਅਸਾਧਾਰਨ ਪ੍ਰਤਿਭਾ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਕਾਲਜ ਟੀਮ ਦੀ ਅਗਵਾਈ ਸੱਭਿਆਚਾਰ ਦੀ ਡੀਨ ਪ੍ਰੋਫੈਸਰ ਨੇਹਾ ਛੀਨਾ ਨੇ ਕੀਤੀ ਅਤੇ ਉਨ੍ਹਾਂ ਦੇ ਨਾਲ ਵਿਦਿਆਰਥੀ ਭਲਾਈ ਦੀ ਡੀਨ ਪ੍ਰੋਫੈਸਰ ਰਿਕਾ ਰਾਣੀ ਵੀ ਸਨ। ਗਰੁੱਪ ਚੇਅਰਮੈਨ ਅਨਿਲ ਚੋਪੜਾ ਨੇ ਕਾਲਜ ਦੇ ਡਾਇਰੈਕਟਰ, ਪ੍ਰੋਫੈਸਰ ਐਸ.ਸੀ. ਸ਼ਰਮਾ, ਵਿਦਿਆਰਥੀਆਂ ਅਤੇ ਫੈਕਲਟੀ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ।

# ਨਸ਼ਿਆਂ ਤੋਂ ਦੂਰ ਰਹਿਣ ਬਾਰੇ ਜਾਗਰੂਕਤਾ ਸੈਮੀਨਾਰ

**ਨਵਾਂਸ਼ਹਿਰ, (ਮਨੋਜ ਲਾਡੀ)-** ਮਾਣਯੋਗ ਕਾਰਜਕਾਰੀ ਚੇਅਰਮੈਨ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਅਤੇ ਮੈਂਬਰ ਸਕੱਤਰ,ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ ਏ ਐਸ ਨਗਰ ਜੀਆਂ ਦੇ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਤਹਿਤ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ- ਕਮ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਅਤੇ ਸੀ.ਜੇ.ਐਸ



-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਬੀ.ਐਸ. ਨਗਰ ਡਾ.ਅਮਨਦੀਪ ਜੀਆਂ ਦੀ ਅਗਵਾਈ ਹੇਠ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਇੱਕ ਵਿਸ਼ੇਸ਼ ਮੁਹਿੰਮ 'ਯੂਥ ਅਗੇਂਸਟ ਡਰੱਗਜ਼' ਸ਼ੁਰੂ ਕੀਤੀ ਗਈ ਹੈ ਜੋ ਕਿ ਮਿਤੀ 06.12.2025 ਤੋਂ 06.01.2026 ਤੱਕ ਚੱਲੇ ਗਈ। ਇਸ ਦੇ ਸਬੰਧ ਵਿੱਚ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਆ ਟੀਮਾ ਪਿੰਡ-ਪਿੰਡ, ਸਕੂਲ , ਕਾਲਜ, ਜੇਲ੍ਹਾ ਜਾ ਕੇ ਇਸ ਮੁਹਿੰਮ ਤਹਿਤ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ । ਇਸ ਮੁਹਿੰਮ ਤਹਿਤ ਮਿਤੀ 30.12.2025 ਨੂੰ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰਜ਼ ਵਾਸਦੇਵ ਪ੍ਰਦੇਸੀ ਵੱਲੋਂ [illegible] ਪਿੰਡ ਮਹਿੰਦੀਪੁਰ ਵਿਖੇ ਯੂਥ ਅਗੇਂਸਟ ਡਰੱਗਜ਼ ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਸੈਮੀਨਾਰ ਕੀਤਾ ਗਿਆ ਅਤੇ ਇਸ ਮੌਕੇ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਸਹੁੰ ਵੀ ਚੁਕਾਈ ਗਈ।

# ਫਰੀਡਮ ਫਾਈਟਰ ਪਰਵਾਰਾਂ ਵੱਲੋਂ ਟੋਲ ਪਲਾਜ਼ਾ ਵਿਖੇ ਮੰਗਾਂ ਸੰਬੰਧੀ ਸ਼ਾਂਤਮਈ ਧਰਨਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਆਲ ਇੰਡੀਆ ਫਰੀਡਮ ਫਾਈਟਰ ਫੈਮਲੀਜ ਐਸੋਸੀਏਸ਼ਨ ਅਤੇ ਫਰੀਡਮ ਫਾਈਟਰ ਉੱਤਰਾਧਿਕਾਰੀ ਆਰਗਨਾਈਜੇਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ, ਦਲਵੀਰ ਸਿੰਘ ਦੁਗਰੀ ਜ਼ਿਲਾ ਪ੍ਰਧਾਨ ਗੁਰਦਾਸਪੁਰ ਅਤੇ ਗੁਰ ਕਿਰਪਾਲ ਸਿੰਘ ਗੋਲਡੀ ਪ੍ਰਧਾਨ, ਮੀਤ ਪ੍ਰਧਾਨ ਹੀਰਾ ਪੂਰੀ ਹੁਸ਼ਿਆਰਪੁਰ, ਤਰਸੇਮ ਸਿੰਘ ਪ੍ਰਧਾਨ ਪਠਾਨਕੋਟ, ਬੀਬੀ ਦੀਸ਼ੋ ਇਸਤਰੀ ਵਿੰਗ ਪ੍ਰਧਾਨ ਕਪੂਰਥਲਾ ਅਤੇ ਪ੍ਰਿੰਸੀਪਲ ਸੁਲੱਖਣ ਸਿੰਘ ਗੋਰਾਇਆ ਜਨਰਲ ਸਕੱਤਰ ਦੀ ਪ੍ਰਧਾਨਗੀ ਹੇਠ ਟੂਲ ਪਲਾਜਾ ਚੋਲਾਂਗ ਹੁਸ਼ਿਆਰਪੁਰ ਵਿਖੇ ਸ਼ਾਂਤਮਈ ਰੋਸ ਧਰਨਾ 12 ਵਜੇ ਤੋਂ 2 ਵਜੇ ਤੱਕ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਬਖਤਾਵਰ ਸਿੰਘ ਨੇ ਦੱਸਿਆ ਕਿ ਅਸੀਂ 26/ 12/ 25 ਨੂੰ ਡੀ ਸੀ ਹੁਸ਼ਿਆਰਪੁਰ ਸਾਹਿਬ ਨੂੰ ਮੰਗ ਪੱਤਰ ਦਿੱਤਾ ਸੀ ਜਿਸ ਵਿੱਚ ਫਰੀਡਮ ਫਾਈਟਰ ਪਰਵਾਰਾਂ ਦੇ ਮੈਂਬਰਾਂ ਨੂੰ ਦੇਸ਼ ਦੇ ਟੋਲ ਪਲਾਜ਼ਿਆਂ ਵਿਖੇ ਬੇਲੋੜਾ ਪਰੇਸ਼ਾਨ ਕੀਤਾ ਜਾਂਦਾ ਹੈ ਅਤੇ ਟੋਲ ਪਲਾਜੇ ਨੂੰ ਮੁੱਖ ਰੱਖਦਿਆਂ ਹੋਇਆਂ ਧਰਨਾ ਦੇਣ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਪੰਜਾਬ ਸਰਕਾਰ ਦੀਆਂ ਸਪਸ਼ਟ ਹਦਾਇਤਾਂ ਦੇ ਅਨੁਸਾਰ ਫਰੀਡਮ ਫਾਈਟਰ ਪਰਵਾਰਾਂ ਲਈ ਪੰਜਾਬ ਦੇ ਸਾਰੇ ਟੋਲ ਪਲਾਜੇ ਫਰੀ ਕੀਤੇ ਗਏ ਹੋਏ ਸਨ ਪਰ ਫਿਰ ਵੀ ਕੁਝ ਟੋਲ ਪਲਾਜਿਆਂ ਤੇ ਫਰੀਡਮ ਫਾਈਟਰ ਪਰਵਾਰਾਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ। ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖਦੇ ਹੋਏ ਉਹਨਾਂ ਦੇ ਅਸਲ ਮੈਂਬਰਾਂ ਤੋਂ ਟੋਲ ਪਲਾਜਾ ਨਾ ਲਿਆ ਜਾਵੇ ਪਰ ਚੋਲਾਂਗ ਟੋਲ ਪਲਾਜੇ ਵਾਲੇ ਪਰੇਸ਼ਾਨ ਕਰਦੇ ਸਨ। ਧਰਨਾ ਦੋ ਘੰਟੇ ਸ਼ਾਂਤਮਈ ਚੱਲਦਾ ਰਿਹਾ। ਉਪਰੰਤ ਟਾਂਡਾ ਦੇ ਐੱਸ ਡੀ ਐੱਮ ਲਵਪ੍ਰੀਤ ਸਿੰਘ ਔਲਖ, ਡੀ ਐੱਸ ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਅਤੇ ਨਾਇਬ ਤਹਿਸੀਲਦਾਰ ਟਾਂਡਾ ਸਾਹਿਬ ਮੌਕੇ ਤੇ ਧਰਨਾਕਾਰੀਆਂ ਪਾਸ ਪਹੁੰਚੇ। ਐੱਸ ਡੀ ਐੱਮ ਟਾਂਡਾ ਨੇ ਦੱਸਿਆ ਕਿ ਉਹਨਾਂ ਦੀ ਅੱਜ ਹੀ ਡੀ ਸੀ ਹੁਸ਼ਿਆਰਪੁਰ ਨਾਲ ਗੱਲ ਹੋਈ ਹੈ ਅਤੇ ਮੰਗ ਪੱਤਰ ਪ੍ਰੋਜੈਕਟ ਡਾਇਰੈਕਟਰ ਨੈਸ਼ਨਲ ਹਾਈਵੇ ਇੰਡੀਆ ਜਲੰਧਰ ਨੂੰ ਭੇਜ ਦਿੱਤਾ ਗਿਆ ਅਤੇ ਅੱਜ ਤੋਂ ਬਾਅਦ ਇਸ ਟੂਲ ਪਲਾਜੇ ਤੇ ਕੋਈ ਟੋਲ ਫਰੀਡਮ ਫਾਈਟਰ ਪਰਵਾਰਾਂ ਨੂੰ ਨਹੀਂ ਦੇਣਾ ਪਵੇਗਾ। ਮਨਜ਼ੂਰੀ ਮਿਲਣ ਉਪਰੰਤ ਫਰੀਡਮ ਫਾਈਟਰ ਪਰਿਵਾਰਾਂ ਦੇ ਮੈਂਬਰਾਂ ਦਾ ਟੋਲ ਸਾਰੇ ਭਾਰਤ ਵਿੱਚ ਖਤਮ ਕਰ ਦਿੱਤਾ ਜਾਵੇਗਾ। ਇਸ ਧਰਨੇ ਵਿੱਚ 300 ਤੋਂ ਵੱਧ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਸੀ। ਇਸ ਮੌਕੇ ਚੰਚਲ ਸਿੰਘ ਚੀਮਾ, ਜਸਵੰਤ ਸਿੰਘ ਅਠਵਾਲ, ਸੁਖਜੀਤ ਕੁਮਾਰ, ਪ੍ਰਿਤਪਾਲ ਸਿੰਘ, ਮੇਜਰ ਸਿੰਘ, ਸਰੂਪ ਸਿੰਘ, ਦੀਪਕ ਬੋਰਾ, ਮਾਸਟਰ ਸੁਰਿੰਦਰ ਸਿੰਘ, ਪ੍ਰਧਾਨ ਅਮਰੀਕ ਸਿੰਘ ਰਿਟਾਇਰਡ ਇੰਸਪੈਕਟਰ, ਦਿਲਬਾਗ ਸਿੰਘ, ਕੈਪਟਨ ਤਰਸੇਮ ਸਿੰਘ, ਮਾਸਟਰ ਬਲਕਰਨ ਸਿੰਘ, ਸਤਨਾਮ ਸਿੰਘ ਅੱਤੇਪੁਰ, ਜਸਪਾਲ ਸਿੰਘ ਲੱਲਾ ਸੂਈਆਂ, ਕੈਪਟਨ ਤਰਸੇਮ ਸਿੰਘ, ਮਾਸਟਰ ਰਜਿੰਦਰ ਪਾਲ ਸਿੰਘ ਕਲਾਨੌਰ, ਯੁੱਧਵੀਰ ਸਿੰਘ ਹੱਲਾ, ਖਜੂਰ ਸਿੰਘ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਇਸ ਵਿੱਚ ਭਾਗ ਲਿਆ।



# ਜਨਤਕ ਜਥੇਬੰਦੀਆਂ ਨੇ ਡੀ ਐੱਸ ਪੀ ਦਫਤਰ ਅੱਗੇ ਲਗਾਇਆ ਧਰਨਾ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪਿਛਲੇ ਲੰਬੇ ਸਮੇਂ ਤੋਂ ਪੁਲਸ ਤੇ ਪ੍ਰਸ਼ਾਸਨ ਵਲੋ ਕੀਤੀਆਂ ਜਾ ਰਹੀਆਂ ਵਧੀਕੀਆਂ ਤੇ ਸਰਕਾਰ ਦੇ ਖਿਲਾਫ ਖੱਬੀਆ ਪਾਰਟੀਆਂ,ਜਨਤੱਕ ਤੇ ਇਨਸਾਫਪਸੰਦ ਜੱਥੇਬੰਦੀਆ ਵੱਲੋਂ ਗੁਰਨੇਕ ਸਿੰਘ ਭੱਜਲ ਅਸ਼ੋਕ ਕੁਮਾਰ ਹੰਸ ਰਾਜ ਦੀ ਪ੍ਰਧਾਨਗੀ ਹੇਠ ਡੀ ਐਸ ਪੀ ਦਫਤਰ ਗੜ੍ਹਸ਼ੰਕਰ ਵਿਖੇ ਤਕਰੀਬਨ ਚਾਰ ਘੰਟੇ ਲਗਾਤਾਰ ਧਰਨਾ ਦਿੱਤਾ । ਧਰਨਾਕਾਰੀਆ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆ ਗੁਰਨੇਕ ਸਿੰਘ ਭੱਜਲ, ਹਰਮੇਸ਼ ਢੇਸੀ, ਕੁਲਭੂਸ਼ਣ ਮਹਿੰਦਵਾਨੀ, ਦਰਸ਼ਨ ਮੱਟੂ, ਮਹਿੰਦਰ ਸਿੰਘ ਵੱਡੋਆਣ, ਰਾਮਜੀਦਾਸ ਚੌਹਾਨ,ਕੁਲਵਿੰਦਰ ਚਾਹਲ, ਗਰੀਬ ਦਾਸ ਬੀਟਣ, ਮੋਹਣ ਸਿੰਘ ਬੀਨੇਵਾਲ, ਸ਼ਿੰਗਾਰਾ ਰਾਮ,ਹਰਭਜਨ ਸਿੰਘ ਅਟਵਾਲ,ਇਕਬਾਲ ਸਿੰਘ, ਹਰਮਾਂ, ਕੁਲਵਿੰਦਰ ਸੰਘਾ, ਮੁਲਾਜ਼ਮ ਆਗੂ ਸੁਖਦੇਵ ਡਾਨਸੀਵਾਲ,ਮੁਕੇਸ਼ ਕੁਮਾਰ, ਸ਼ਾਦੀ ਰਾਮ ਅਜਾਇਬ ਸਿੰਘ ਬੋਪਾਰਾਏ, ਕਮਲ ਕਟਿਰੀਆ,ਬੀਬੀ ਸ਼ੁਭਾਸ਼ ਮੱਟੂ,ਗੁਰਬਖ਼ਸ਼ ਕੌਰ ਚੱਕ ਗੁਰੂ,ਜੋਗਿੰਦਰ ਕੌਰ,ਜਸਵਿੰਦਰ ਕੌਰ, ਆਦਿ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਗੜਸ਼ੰਕਰ ਦਾ ਪ੍ਰਸ਼ਾਸਨ ਸਰਕਾਰੀ ਦਬਾਅ ਤਹਿਤ ਵਿਰੋਧੀਆਂ ਦੇ ਖਿਲਾਫ ਅਤੇ ਸੰਘਰਸ਼ ਹੱਕੀ ਸੰਘਰਸ਼ ਕਰਨ ਵਾਲਿਆਂ ਦੇ ਖਿਲਾਫ ਜਿਆਦਤੀਆਂ ਕਰ ਰਿਹਾ ਹੈ। ਸ਼ਹਿਰ ਵਿੱਚ ਟਰੈਫਿਕ ਦਾ ਬੁਰਾ ਹਾਲ ਹੈ ਬਗੈਰ ਨਿਯਮਾਂ ਤੋਂ ਅਤੇ ਇਕ ਇਕ ਨੰਬਰ ਵਾਲੇ ਕਈ ਕਈ ਟਿੱਪਰ ਟਰਾਲੇ ਸੜਕਾਂ ਤੇ ਘੁੰਮਦੇ ਹਨ। ਪਿਛਲੇ ਡੇਢ ਦੋ ਸਾਲ ਵਿੱਚ ਵੀਹ ਤੋਂ ਵੱਧ ਨੌਜਵਾਨਾਂ ਨੂੰ ਇਹ ਟਿੱਪਰ ਦਰੜ ਚੁੱਕੇ ਹਨ।ਐੱਸ ਪੀ ਮੇਜਰ ਸਿੰਘ ਹੁਸ਼ਿਆਰਪੁਰ ਵਲੋਂ ਧਰਨੇ ਵਿੱਚ ਆ ਕੇ ਪਿਛਲੇ ਸਮੇਂ ਦੌਰਾਨ ਸ਼ੰਘਰਸ਼ਸ਼ੀਲ ਆਗੂਆਂ ਤੇ ਲੋਕਾਂ ਖਿਲਾਫ ਦਰਜ ਕੇਸਾ ਨੂੰ ਪਹਿਲ ਦੇ ਅਧਾਰ ਤੇ ਤਫਤੀਸ਼ ਕਰਕੇ ਨਿਪਟਾਉਣ ਦਾ ਭਰੋਸਾ ਦੇਣ ਉਪਰੰਤ ਧਰਨਾਕਾਰੀਆ ਨੇ ਧਰਨਾ ਸਮਾਪਤ ਕੀਤਾ।



# ਸਿਹਤ ਵਿਭਾਗ ਦੀ ਸਮੀਖਿਆ ਮੀਟਿੰਗ


**ਚੰਡੀਗੜ੍ਹ, (ਕ੍ਰਿਸ਼ਨ ਗਰਗ)-** ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇ.ਪੀ.ਨੱਡਾ ਨਾਲ ਉਨ੍ਹਾਂ ਨਾਲ ਨਵੀਂ ਦਿੱਲੀ ਸਥਿਤ ਦਫ਼ਤਰ ਵਿੱਚ ਮੀਟਿੰਗ ਕੀਤੀ। ਇਸ ਮਹੱਤਵਪੂਰਨ ਮੀਟਿੰਗ ਵਿੱਚ ਹਰਿਆਣਾ ਵਿੱਚ ਸੰਚਾਲਿਤ ਪ੍ਰਮੁੱਖ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਕੇਂਦਰ ਸਰਕਾਰ ਨਾਲ ਮਦਦ 'ਤੇ ਵਿਸਥਾਰ ਚਰਚਾ ਹੋਈ। ਮੀਟਿੰਗ ਵਿੱਚ ਕੇਂਦਰੀ ਮੰਤਰੀ ਨੇ ਹੈਲਥ ਖੇਤਰ ਵਿੱਚ ਹਰਿਆਣਾ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਡਰਾਈਵਰ ਦੀ ਡਿਊਟੀ ਕਿਸੇ ਸੰਤ ਦੀ ਤਪੱਸਿਆ ਤੋਂ ਘੱਟ ਨਹੀਂ : ਕੋਟਲਾ

**ਬਲਾਚੌਰ (ਜਸਵਿੰਦਰ ਬੈਂਸ)-** ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਡਿਪੂ ਵਿੱਚ ਤਾਇਨਾਤ ਡਰਾਈਵਰ ਜਸਵੀਰ ਸਿੰਘ ਆਪਣੀ 27 ਸਾਲਾਂ ਦੀ ਸ਼ਾਨਦਾਰ ਅਤੇ ਬੇਦਾਗ ਨੌਕਰੀ ਪੂਰੀ ਕਰਨ ਉਪਰੰਤ ਸੇਵਾ ਮੁਕਤ ਹੋ ਗਏ ਹਨ। ਇਸ ਮੌਕੇ ਵਿਭਾਗ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਜਸਬੀਰ ਸਿੰਘ ਕੋਟਲਾ ਜੀ. ਐਮ ਦਫ਼ਤਰ/ਜੀ ਐਮ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਨੇ ਸੇਵਾ ਮੁਕਤ ਹੋਏ ਡਰਾਈਵਰ ਜਸਵੀਰ ਸਿੰਘ ਦੀ ਸ਼ਲਾਘਾ ਕਰਦਿਆਂ ਬਹੁਤ ਹੀ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ਇੱਕ ਡਰਾਈਵਰ ਦੀ ਜ਼ਿੰਦਗੀ ਕਿਸੇ ਸਾਧ-ਸੰਤ ਦੀ ਤਪੱਸਿਆ ਤੋਂ ਘੱਟ ਨਹੀਂ ਹੁੰਦੀ। ਉਨ੍ਹਾਂ ਕਿਹਾ, 'ਜਿਸ ਤਰ੍ਹਾਂ ਇੱਕ ਸੰਤ ਮੂੰਹ ਹਨੇਰੇ ਉੱਠ ਕੇ ਭਗਤੀ ਵਿੱਚ ਲੀਨ ਹੋ ਜਾਂਦਾ ਹੈ, ਉਸੇ ਤਰ੍ਹਾਂ ਇੱਕ ਡਰਾਈਵਰ ਵੀ ਅੰਮ੍ਰਿਤ ਵੇਲੇ ਉੱਠ ਕੇ ਸਟੇਰਿੰਗ 'ਤੇ ਬੈਠ ਕੇ ਆਪਣੀ ਤਪੱਸਿਆ ਸ਼ੁਰੂ ਕਰਦਾ ਹੈ।' ਉਨ੍ਹਾਂ ਅੱਗੇ ਕਿਹਾ ਕਿ ਇੱਕ ਡਰਾਈਵਰ ਅਕਸਰ ਆਪਣੇ ਬੱਚਿਆਂ ਨੂੰ ਸੁੱਤੇ ਹੋਏ ਛੱਡ ਕੇ ਡਿਊਟੀ 'ਤੇ ਜਾਂਦਾ ਹੈ ਅਤੇ ਰਾਤ ਨੂੰ ਉਨ੍ਹਾਂ ਦੇ ਸੌਣ ਤੋਂ ਬਾਅਦ ਹੀ ਘਰ ਪਰਤਦਾ ਹੈ।ਸੇਵਾ ਮੁਕਤੀ ਮੌਕੇ ਜਸਵੀਰ ਸਿੰਘ ਨੂੰ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਲਈ ਮਾਣਯੋਗ ਡਾਇਰੈਕਟਰ ਟਰਾਂਸਪੋਰਟ ਵੱਲੋ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।



# ਦੁੱਧ ਦਾ ਲੰਗਰ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵਲੋਂ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ ਦੁੱਧ ਦਾ ਲੰਗਰ ਸ਼ਹੀਦੀ ਹਫਤੇ ਨੂੰ ਸਮਰਪਿਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦੇ ਮਾਤਾ ਗੁਜਰ ਕੌਰ ਦੀ ਨਿੱਘੀ ਯਾਦ ਵਿੱਚ ਲਗਾਇਆ ਗਿਆ । ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਉਂਕਾਰ ਸਿੰਘ ਨਰੂੜ, ਬਲਜੀਤ ਸਿੰਘ ਬਿੱਲਾ ਅਜਨੋਹਾ, ਜਤਿੰਦਰ ਸਿੰਘ ਰਾਣਾ ਖਾਲਸਾ ਮੁਖਲਿਆਣਾ, ਕਮਲਜੀਤ ਸਿੰਘ ਰਾਣਾ ਖਾਲਸਾ, ਡਾਕਟਰ ਤਰਸੇਮ ਸਿੰਘ, ਏ ਐੱਸ ਆਈ ਰਛਪਾਲ ਸਿੰਘ ਖਾਲਸਾ ਟੋਡਰਪੁਰ, ਡਾ. ਸਤਨਾਮ ਸਿੰਘ ਖਾਲਸਾ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ ਪਾਸ਼ਟਾਂ, ਲੈਬ ਟੈਕਨੀਸ਼ੀਅਨ ਲਵਪ੍ਰੀਤ ਕੌਰ, ਏ.ਐਨ.ਐਮ ਰਾਜਵੀਰ ਕੌਰ ਪਾਸ਼ਟਾ, ਪ੍ਰੀਆ ਨਰੂੜ, ਹਰਪ੍ਰੀਤ ਕੌਰ ਪਾਸ਼ਟਾਂ ਆਦਿ ਹਾਜ਼ਰ ਸਨ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਸਫਰ-ਏ-ਸ਼ਹਾਦਤ ਸਮਾਗਮ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਤੇ ਮਾਤਾ ਗੁੱਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਮਾਈ ਅੰਮੀ ਪਿੰਡ ਨੰਗਲ ਖੂੰਗਾ ਵਿਖੇ ਸਫਰ- ਏ- ਸ਼ਹਾਦਤ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਤ ਬਾਬਾ ਹਰਚਰਨ ਸਿੰਘ ਜੀ ਖਾਲਸਾ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਰਮਦਾਸਪੁਰ ਦੇ ਵਿਸ਼ੇਸ਼ ਸਹਿਯੋਗ , ਐੱਨ.ਆਰ.ਆਈ ਤੇ ਨਗਰ ਦੀਆਂ ਸੰਗਤਾਂ ਦੇ ਉੱਦਮ ਉਪਰਾਲੇ ਨਾਲ ਕਰਵਾਏ ਗਏ ਰਾਤਰੀ ਦੇ ਸਮਾਗਮ 'ਚ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਮੂਨਕਾਂ ਦੇ ਸੇਵਾਦਾਰ ਬਾਬਾ ਹਰਪ੍ਰੀਤ ਸਿੰਘ ਜੀ, ਕਥਾਵਾਚਕ ਭਾਈ ਸੁਖਦੇਵ ਸਿੰਘ ਜੀ ਡੱਲਾ ਗੁਰਦੁਆਰਾ ਬਾਉਲੀ ਸਾਹਿਬ ਵਾਲੇ, ਗੁਰਸਿੱਖੀ ਜਥਾ ਝਿੰਗੜ ਕਲਾਂ, ਕਵੀਸ਼ਰੀ ਜਥਾ ਭਾਈ ਭੁਪਿੰਦਰ ਸਿੰਘ ਕਲਸੀ, ਕਵੀਸ਼ਰੀ ਜਥਾ ਗੁਰਦੁਆਰਾ ਮਾਈ ਅੰਮੀ ਜੀ ਨੰਗਲ ਖੂੰਗਾ, ਭਾਈ ਮੰਗਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗਰਨਾ ਸਾਹਿਬ, ਗ੍ਰੰਥੀ ਭਾਈ ਹਰਦੀਪ ਸਿੰਘ ਗੁਰਦੁਆਰਾ ਅੰਮੀ ਜੀ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ ਦਾ ਵਰਣਨ ਕੀਤਾ ਅਤੇ ਕਿਹਾ ਕਿ ਸਾਡੇ ਵੱਲੋਂ ਮਨਾਏ ਗਏ ਇਨਾਂ ਦਿਹਾੜਿਆਂ ਤੋਂ ਪ੍ਰੇਰਨਾ ਲੈ ਕੇ ਆਪਣੀ ਨੌਜਵਾਨ ਤੇ ਆਉਣ ਵਾਲੀ ਪੀੜੀ ਨੂੰ ਕੌਮ ਦੇ ਮਹਾਨ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਨਿਭਾ ਰਹੇ ਭਾਈ ਇੰਦਰਜੀਤ ਸਿੰਘ ਧੁੱਗਾ ਕਲਾਂ ਸਮੂਹ ਪ੍ਰਬੰਧਕ ਕਮੇਟੀ ਤੇ ਸੇਵਾਦਾਰਾਂ ਵੱਲੋਂ ਸਮਾਗਮ ਵਿੱਚ ਤਨ ਮਨ ਤੇ ਧਨ ਨਾਲ ਸਹਿਯੋਗ ਕਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ ਮਹਾਨ ਸ਼ਹਾਦਤਾਂ ਤੇ ਚਾਨਣਾ ਪਾਇਆ। ਸਮਾਗਮ ਦੀ ਸਮਾਪਤੀ ਉਪਰੰਤ ਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ ।



# ਨਵੇਂ ਸਾਲ ਦੇ ਸਮਾਗਮਾਂ 'ਚ ਸ਼ਰਾਬ ਪਰੋਸਣ ਲਈ ਆਬਕਾਰੀ ਵਿਭਾਗ ਦੀ ਮਨਜ਼ੂਰੀ ਜ਼ਰੂਰੀ : ਹਨੂਵੰਤ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਸਾਲ ਮੌਕੇ ਕਰਵਾਏ ਜਾਣ ਵਾਲੇ ਸਾਰੇ ਪ੍ਰੋਗਰਾਮਾਂ/ਸਮਾਰੋਹਾਂ, ਜਿਥੇ ਸ਼ਰਾਬ ਦੀ ਵਿਕਰੀ, ਪਰੋਸਣ ਜਾਂ ਸੇਵਨ ਹੋਣਾ ਹੈ, ਉਥੇ ਆਬਕਾਰੀ ਵਿਭਾਗ, ਪੰਜਾਬ ਤੋਂ ਲੋੜੀਂਦੇ ਪਰਮਿਟ/ਮਨਜ਼ੂਰੀਆਂ (ਐਲ-12ਏ) ਪ੍ਰਾਪਤ ਕਰਨਾ ਜ਼ਰੂਰੀ ਹੈ। ਉਨ੍ਹਾਂ ਸਬੰਧਤ ਪ੍ਰਬੰਧਕਾਂ/ਆਯੋਜਕਾਂ ਨੂੰ ਹਦਾਇਤ ਕੀਤੀ ਕਿ ਉਹ ਆਬਕਾਰੀ ਨੀਤੀ 2025-26 ਅਤੇ ਪੰਜਾਬ ਆਬਕਾਰੀ ਐਕਟ, 1914 ਅਨੁਸਾਰ ਸਾਰੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਬਿਨਾਂ ਪਰਮਿਟ ਕਿਸੇ ਵੀ ਕਿਸਮ ਦਾ ਨਵੇਂ ਸਾਲ ਦਾ ਸਮਾਰੋਹ ਕਰਵਾਉਣਾ ਜਾਂ ਸ਼ਰਾਬ ਦੀ ਵਿਕਰੀ/ਪਰੋਸਣ ਕਰਨਾ ਗੈਰ-ਕਾਨੂੰਨੀ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਥਾਂ 'ਤੇ ਬਿਨਾਂ ਪਰਮਿਟ ਸਮਾਰੋਹ ਕਰਵਾਉਣ ਜਾਂ ਨਿਯਮਾਂ ਦੀ ਉਲੰਘਣਾ ਦਾ ਮਾਮਲਾ ਸਾਹਮਣੇ ਆਉਂਦਾ ਹੈ, ਤਾਂ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਬਹੁਤ ਹੀ ਸ਼ਰਧਾ ਪੂਰਵਕ ਸਜਾਇਆ ਗਿਆ ਜਿਸ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪੰਜ ਪਿਆਰੇ ਕਰ ਰਹੇ ਸਨ । ਜੈਕਾਰਿਆਂ ਦੀ ਗੂੰਜ ਵਿੱਚ ਇਹ ਨਗਰ ਕੀਰਤਨ ਸ਼੍ਰੋਮਣੀ ਗੁਰਦੁਆਰਾ ਪਾਤਸ਼ਾਹੀ ਤੀਸਰੀ ਤੋਂ ਅਰਦਾਸ ਕਰਨ ਉਪਰੰਤ ਰਵਾਨਾ ਹੋਇਆ ਤੇ ਸ਼ਹਿਰ ਦੇ ਵੱਖ ਵੱਖ ਬਾਜ਼ਾਰਾਂ ਦੀ ਪ੍ਰਕਰਮਾ ਕਰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ । ਰਸਤੇ ਵਿਚ ਥਾਂ ਥਾਂ ਤੇ ਸੰਗਤਾਂ ਵਲੋਂ ਵੱਖ ਵੱਖ ਪਦਾਰਥਾਂ ਦੇ ਲੰਗਰ ਲਗਾਏ ਗਏ ਗਤਕਾ ਪਾਰਟੀਆਂ ਤੇ ਬੈਂਡ ਵਾਜਿਆਂ ਨੇ ਨਗਰ ਕੀਰਤਨ ਦੀ ਰੋਣਕ ਨੂੰ ਵਧਾਇਆ । ਨੌਜਵਾਨਾ ਵਲੋਂ ਵੱਡੀ ਗਿਣਤੀ ਵਿਚ ਟਰੈਕਟਰਾਂ ਤੇ ਨਿਸ਼ਾਨ ਸਾਹਿਬ ਚੜਾਏ ਗਏ ਤੇ ਨਗਰ ਕੀਰਤਨ ਵਿੱਚ ਹਿੱਸਾ ਲਿਆ । ਇਸ ਮੌਕੇ ਤੇ ਭਾਈ ਸੁਰਿੰਦਰ ਸਿੰਘ ਹੈਡ ਗ੍ਰੰਥੀ, ਭਾਈ ਗੁਰਮੇਜ ਸਿੰਘ ਸਭਰਾ, ਅਜੀਤ ਸਿੰਘ ਪਾਲੀ, ਜਸਮਿੰਦਰ ਸਿੰਘ ਲਾਂਬਾ, ਕੰਵਲਜੀਤ ਸਿੰਘ ਖੇੜਾ, ਸ਼ੇਰ ਸਿੰਘ ਸੇਤੀਆ, ਗੁਰਿੰਦਰ ਸਿੰਘ ਲਾਂਬਾ, ਅਵਤਾਰ ਸਿੰਘ ਲਾਲ ਕੋਠੀ, ਸੋਨੂੰ ਸੇਤੀਆ, ਮਾਸਟਰ ਜਸਵਿੰਦਰ ਸਿੰਘ, ਵਿੱਕੀ ਲਾਂਬਾ, ਸਤਨਾਮ ਸਿੰਘ ਅਨੇਜਾ, ਗੁਰਮੀਤ ਸਿੰਘ ਸ਼ੈਲੀ , ਰਾਜਨੀਤਿਕ ਆਗੂਆ ਤੇ ਇਲਾਕੇ ਦੀਆਂ ਸੰਗਤਾਂ ਨੇ ਨਗਰ ਕੀਰਤਨ ਵਿੱਚ ਆਪਣੀ ਹਾਜ਼ਰੀ ਲਵਾਈ।



# ਪ੍ਰਕਾਸ਼ ਉਤਸਵ ਸੰਬੰਧੀ ਸਮਾਗਮ 4 ਨੂੰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)-** ਸਤਿਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਵਿਖੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਗੁਰਮਤਿ 4 ਜਨਵਰੀ ਨੂੰ ਕਰਵਾਇਆ ਜਾਵੇਗਾ। ਪੂਰਨਮਾਸ਼ੀ ਦੇ ਦਿਹਾੜੇ ਤੇ ਡਾ. ਬੀ.ਆਰ ਅੰਬੇਡਕਰ ਕਲੱਬ,ਮੀਰਾਬਾਈ ਸਭਾ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਾਮ 4 ਵਜੇ ਤੋਂ 8 ਵਜੇ ਕਰਵਾਏ ਜਾ ਰਹੇ ਸਮਾਗਮ ਦੇ ਸਬੰਧ ਵਿੱਚ ਪ੍ਰਬੰਧਕ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਸੇਵਾਦਾਰ ਪ੍ਰਧਾਨ ਜਗਦੀਸ਼ ਕੁਮਾਰ ਰਿੰਕਾ ਨੇ ਦੱਸਿਆ ਕਿ ਸਮਾਗਮ ਦੌਰਾਨ ਸ਼ਾਮ ਦੇ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ ਉਪਰੰਤ ਕੀਰਤਨ ਸਮਾਗਮ ਵਿੱਚ ਭਾਈ ਕੁਲਵਿੰਦਰ ਸਿੰਘ ਕੰਗਮਾਈ ਵਾਲੇ, ਭਾਈ ਨਰਿੰਦਰ ਸਿੰਘ ਤੇ ਭਾਈ ਦਲਜੀਤ ਸਿੰਘ ਦਸ਼ਮੇਸ਼ ਨਗਰ ਟਾਂਡਾ ਵਾਲੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਇਸ ਮੌਕੇ ਗੁਰੂ ਦੇ ਲੰਗਰ ਅਤੁਟ ਵਰਤਾਏ ਜਾਣਗੇ। ਮੀਟਿੰਗ ਦੌਰਾਨ ਮਨਦੀਪ ਦੀਪਾ ,ਅਮਰੀਕ ਸਿੰਘ, ਸੁਰਜੀਤ ਸਿੰਘ ਬੈਂਕ ਵਾਲੇ, ਜਸਪਾਲ ਰਾਇ, ਕਸ਼ਮੀਰ ਸਿੰਘ, ਜਤਿਨ, ਗੈਰੀ, ਨਿਤਿਨ ਸਿੰਘ, ਸੋਮ ਪ੍ਰਕਾਸ਼, ਨੀਰਜ ਕੁਮਾਰ,ਮਨਿੰਦਰ ਸ਼ੈਰੀ ਵੀ ਹਾਜ਼ਰ ਸਨ।

# ਸਾਲ 2025 ਅਧਿਆਪਕਾਂ ਦਾ ਗੈਰ-ਵਿਦਿਅਕ ਡਿਊਟੀਆਂ ਕਰਦਿਆਂ ਲੰਘਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਪੂਰਾ ਸਾਲ ਵਿਦਿਆਰਥੀਆਂ ਨੂੰ ਪੜ੍ਹਾਉਣ ਥਾਂ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮ ਵਿੱਚ ਲਗਾ ਕੇ ਰੱਖਿਆ ਗਿਆ। ਸਾਲ 2025 ਦੇ ਸੈਸ਼ਨ ਦੇ ਮੁੱਢਲੇ ਦੌਰ ਵਿੱਚ ਸਕੂਲਾਂ ਵਿੱਚ ਨੀਂਹ ਪੱਥਰ ਲਗਾਉਣ ਦੇ ਨਾਂਅ ਤੇ ਅਧਿਆਪਕਾਂ ਨੂੰ ਪੜ੍ਹਨ ਪੜ੍ਹਾਉਣ ਦੇ ਕੰਮ ਤੋਂ ਦੂਰ ਰੱਖਿਆ ਗਿਆ। ਉਸ ਤੋਂ ਬਾਅਦ 'ਮਿਸ਼ਨ ਸਮਰੱਥ' ਅਤੇ ਸੀ ਈ ਪੀ ਵਰਗੇ ਗੈਰ ਮਿਆਰੀ ਪ੍ਰੋਜੈਕਟ ਨੂੰ ਲਾਗੂ ਕਰ ਕੇ ਬੱਚਿਆਂ ਨੂੰ ਵਿਗਿਆਨਕ ਅਤੇ ਮਨੋਵਿਗਿਆਨਕ ਤਰੀਕੇ ਨਾਲ ਦਿੱਤੀ ਜਾਣ ਵਾਲੀ ਵਿੱਦਿਅਕ ਪ੍ਰਣਾਲੀ ਤੋਂ ਦੂਰ ਧੱਕ ਦਿੱਤਾ ਅਤੇ ਅੰਕੜੇ ਇਕੱਠੇ ਕਰਨ ਤੱਕ ਸੀਮਤ ਕਰ ਦਿੱਤਾ ਗਿਆ। ਸਰਕਾਰ ਨੇ 20000 ਤੱਕ ਦੇ ਕਰੀਬ ਅਧਿਆਪਕ ਬੀ ਐੱਲ ਓ ਦੀ ਪੱਕੀ ਡਿਊਟੀ ਤੇ ਲਗਾਈ ਹੋਈ ਹੈ। ਸਿਰਫ ਇਥੇ ਤੱਕ ਹੀ ਸੀਮਤ ਨਹੀਂ ਫਿਰੋਜ਼ਪੁਰ, ਮਾਲੇਰਕੋਟਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਪਰਾਲੀ ਸਾੜਨ ਤੋਂ ਰੋਕਣ ਤੇ ਵਿੱਚ ਅਧਿਆਪਕਾਂ ਨੂੰ ਲਗਾਉਣ ਦੇ ਆਰਡਰ ਜਾਰੀ ਕੀਤੇ ਗਏ ਅਤੇ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਅਧਿਆਪਕਾਂ ਨੂੰ ਨੋਟਿਸ ਜਾਰੀ ਕੀਤੇ ਗਏ। ਫਿਰੋਜ਼ਪੁਰ ਵਿੱਚ 200 ਦੇ ਕਰੀਬ ਅਧਿਆਪਕਾਂ ਖਿਲਾਫ ਕਾਰਵਾਈ ਕਰਨ ਦੇ ਆਦੇਸ਼ ਦਿੱਤੇ। ਲੁਧਿਆਣਾ ਵਿੱਚ 86 ਦੇ ਕਰੀਬ ਚੋਣਾਂ ਦੌਰਾਨ ਨੋਟਿਸ ਜਾਰੀ ਕਰਕੇ ਕਾਰਵਾਈ ਕਰਨ ਦੀ ਧਮਕੀ ਦਿੱਤੀ ਗਈ। ਫਾਜ਼ਿਲਕਾ ਵਿੱਚ 3 ਅਧਿਆਪਕਾਂ ਖਿਲਾਫ ਪਰਚਾ ਦਰਜ ਕਰਨ ਦੇ ਫੁਰਮਾਨ ਜਾਰੀ ਕੀਤੇ। ਦਸੰਬਰ ਮਹੀਨੇ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਅਧਿਆਪਕਾਂ ਦੀਆਂ ਡਿਊਟੀਆਂ ਏਨੇ ਵੱਡੇ ਪੱਧਰ ਤੇ ਲਗਾਈਆਂ ਗਈਆਂ ਕਿ ਕਈ ਸਕੂਲ ਹੀ ਖਾਲੀ ਕਰ ਦਿੱਤੇ ਗਏ। ਇਹ ਡਿਊਟੀਆਂ ਲੋਕਲ ਬਲਾਕਾਂ ਵਿੱਚ ਲਾਉਣ ਦੀ ਥਾਂ ਦੂਰ ਦੁਰੇਡੇ ਡਿਊਟੀਆਂ ਲਗਾਈਆਂ ਗਈਆਂ ਜਿਸ ਦੀ ਕੀਮਤ ਦੋ ਅਧਿਆਪਕਾਂ ਨੂੰ ਆਪਣੀ ਜਾਨ ਗਵਾ ਕੇ ਚੁਕਾਉਣੀ ਪਈ ਅਤੇ ਕਈ ਥਾਵਾਂ ਉਪਰ ਅਧਿਆਪਕ ਫੱਟੜ ਹੋਏ।ਕੁੱਲ ਮਿਲਾ ਕੇ ਵੱਡੇ ਵੱਡੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਸਾਲ 2025 ਅਧਿਆਪਕਾਂ ਲਈ ਗੈਰ ਵਿੱਦਿਅਕ ਡਿਊਟੀਆਂ ਤੋਂ ਕੋਈ ਛੋਟ ਲੈ ਕੇ ਨਹੀਂ ਆਇਆ ਸਗੋਂ ਪੂਰੇ ਸਾਲ ਦੌਰਾਨ ਅਧਿਆਪਕ ਗੈਰ ਵਿੱਦਿਅਕ ਡਿਊਟੀਆਂ ਨਾਲ ਜੂਝਦੇ ਰਹੇ ਅਤੇ ਅਧਿਆਪਨ ਕਾਰਜ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਰਿਹਾ।

# ਹਰਿਆਣਾ 'ਚ ਪਲਾਸਟਿਕ, ਪੋਲੀਥੀਨ 'ਤੇ ਸਖਤ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਵਾਤਾਵਰਣ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਸੂਬੇ ਵਿੱਚ ਪਲਾਸਟਿਕ ਪੋਲੀਥੀਨ ਦਾ ਮੈਨੂਫੈਕਚਰਿੰਗ ਅਤੇ ਵਰਤੋ ਸਾਲ 2013 ਤੋਂ ਪਾਬੰਦੀ ਹੈ, ਇਸ ਦੇ ਬਾਵਜੂਦ ਇਸ ਦਾ ਇਸਤੇਮਾਲ ਪ੍ਰਦੂਸ਼ਣ ਦੀ ਵੱਡੀ ਸਮਸਿਆ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਨੇ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੋਲੀਥੀਨ ਦੇ ਨੁਕਸਾਨ ਦੇ ਬਾਰੇ ਵਿੱਚ ਆਮਜਨਤਾ ਨੂੰ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਇਸ ਮੁਹਿੰਮ ਵਿੱਚ ਜਨ ਸਿਹਤ ਇੰਜੀਨੀਅਰਿੰਗ ਵਿਭਾਗ, ਸਿੰਚਾਈ ਅਤੇ ਜਲ੍ਹ ਸੰਸਾਧਨ, ਉਦਯੋਗ ਅਤੇ ਵਪਾਰ ਅਤੇ ਸ਼ਹਿਰੀ ਸਥਾਨਕ ਵਿਭਾਗ ਦੀ ਵੀ ਸਰਗਰਮ ਭਾਗੀਦਾਰੀ ਯਕੀਨੀ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਮੁਹਿੰਮ ਦੀ ਸ਼ੁਰੂਆਤ ਸ਼ਹਿਰਾਂ ਤੋਂ ਕੀਤੀ ਜਾਵੇ ਅਤੇ ਇਸ ਦੇ ਲਈ ਇੱਕ ਵਿਸਤਾਰ ਕਾਰਜਯੋਜਨਾ ਇੱਕ ਮਹੀਨੇ ਦੇ ਅੰਦਰ ਤਿਆਰ ਕਰ ਪੇਸ਼ ਕੀਤੀ ਜਾਵੇ। ਰਾਓ ਨਰਬੀਰ ਸਿੰਘ ਅੱਜ ਇੱਥੇ ਆਪਣੇ ਦਫਤਰ ਵਿੱਚ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਕਾਰਜਪ੍ਰਣਾਲੀ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਬੋਰਡ ਦੇ ਚੇਅਰਮੈਨ ਸ੍ਰੀ ਵਿਨੀਤ ਗਰਗ ਸਮੇਤ ਸਬੰਧਿਤ ਵਿਭਾਗਾਂ ਦੇ ਵਧੀਕ ਮੁੱਖ ਸਕੱਤਰ ਅਤੇ ਨਾਮਜਦ ਨੋਡਲ ਅਧਿਕਾਰੀ ਮੌਜੂਦ ਰਹੇ।

# ਪ੍ਰਕਾਸ਼ ਉਤਸਵ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ



**ਆਦਮਪੁਰ (ਪਰਮਜੀਤ ਸਿੰਘ)-** ਗੁਰਦੁਆਰਾ ਅਕਾਲੀ ਪਾਤਸ਼ਾਹੀ 6 ਵੀ ਪਿੰਡ ਡਰੋਲੀ ਕਲਾਂ ਤੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਚ ਨਗਰ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ । ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਗੁਰੂ ਦੇ ਪੰਜ ਪਿਆਰਿਆ ਦੀ ਅਗਵਾਈ ਚ ਪਿੰਡ ਡਰੋਲੀ ਕਲਾ ਤੋਂ ਜੋ ਬੋਲੋ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆ ਨਾਲ ਆਰੰਭ ਹੋਇਆ ਜੋ ਡੇਰਾ ਸੰਤ ਬਾਬਾ ਭਾਗ ਸਿੰਘ ਜੱਬੜ ਸਾਹਿਬ, ਪਿੰਡ ਪਧਿਆਣਾ, ਕਾਲਰਾ, ਜਲਪੋਤ, ਡਰੋਲੀ ਖੁਰਦ, ਡਮੁੰਡਾ ਤੋਂ ਹੁੰਦਾ ਹੋਇਆ ਵਾਪਿਸ ਪਿੰਡ ਡਰੋਲੀ ਕਲਾ ਗੁਰਦੁਆਰਾ ਅਕਾਲੀ ਪਾਤਸ਼ਾਹੀ 6 ਵੀ ਵਿਖੇ ਸਮਾਪਤ ਹੋਇਆ । ਨਗਰ ਕੀਰਤਨ ਦੇ ਗੁਰਦੁਆਰਾ ਸ਼ਹੀਦ ਬਾਬਾ ਮਤੀ ਡਰੋਲੀ ਕਲਾ ਵਿਖੇ ਪਹੁੰਚਣ ਤੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਤੇ ਸਮੂਹ ਮੈਂਬਰਾਂ ਨੇ ਫੁੱਲਾਂ ਦੇ ਵਰਖਾ ਕਰ ਤੇ ਗੁਰੂ ਦੇ ਪੰਜ ਪਿਆਰਿਆ ਨੂੰ ਸਿਰੋਪਾਓ ਪਾ ਕੇ ਸਵਾਗਤ ਕੀਤਾ। ਉਪਰੰਤ ਸਜਾਏ ਗਏ ਦੀਵਾਨ ਦੌਰਾਨ ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼ਹੀਦ ਬਾਬਾ ਮਤੀ ਨੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ । ਨਗਰ ਕੀਰਤਨ ਦੇ ਪਿੰਡ ਕਾਲਰਾ ਦੇ ਸਪੋਰਟਸ ਸਟੇਡਿਅਮ ਪਹੁੰਚਣ ਤੇ ਸਰਪੰਚ ਹਰਮਿੰਦਰ ਸਿੰਘ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਸਜਾਏ ਗਏ ਦੀਵਾਨ ਦੌਰਾਨ ਭਾਈ ਜਗਜੀਵਨ ਸਿੰਘ ਦੇ ਰਾਗੀ ਜੱਥੇ ਨੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ । ਗੁਰਦੁਆਰਾ ਸ਼ਹੀਦ ਬਾਬਾ ਮਤੀ ਤੇ ਪਿੰਡ ਕਾਲਰਾ ਵਿਖੇ ਨਗਰ ਕੀਰਤਨ 'ਚ ਸ਼ਿਰਕਤ ਕਰਨ ਵਾਲੀਆਂ ਸੰਗਤਾਂ 'ਚ ਚਾਹ ਪਕੌੜਿਆ ਦਾ ਅਤੁੱਟ ਲੰਗਰ ਵਰਤਾਇਆ ਗਿਆ । ਇਸ ਮੌਕੇ ਜੱਥੇਦਾਰ ਮਨੋਹਰ ਸਿੰਘ, ਸਰਪੰਚ ਹਰਮਿੰਦਰ ਸਿੰਘ, ਜਰਨੈਲ ਸਿੰਘ ਡਰੋਲੀ, ਰਣਵੀਰ ਸਿੰਘ ਡਰੋਲੀ, ਕਰਮ ਸਿੰਘ, ਨਰਿੰਦਰ ਸਿੰਘ ਡਰੋਲੀ,ਰਸ਼ਪਾਲ ਸਿੰਘ ਸਰਪੰਚ ਡਰੋਲੀ ਕਲਾ, ਸੁਰਿੰਦਰ ਸਿੰਘ, ਇਕਬਾਲ ਸਿੰਘ, ਦਰਸ਼ਨ ਸਿੰਘ, ਜੋਰਾ ਸਿੰਘ ਡਰੋਲੀ,ਜਸਪਾਲ ਸਿੰਘ, ਮਹੰਤ ਬਾਬਾ ਰਵਿੰਦਰ ਦਾਸ,ਹਰਪ੍ਰੀਤ ਸਿੰਘ ਪੰਚ, ਕਰਨੈਲ ਸਿੰਘ, ਭਰਪੂਰ ਸਿੰਘ, ਹੈਪੀ, ਜਰਨੈਲ ਸਿੰਘ, ਗੁਰਚਰਨ ਸਿੰਘ, ਸਟੇਜ ਸਕੱਤਰ ਮਾਸਟਰ ਸੁਰਜੀਤ ਸਿੰਘ, ਸੂਬੇਦਾਰ ਕਰਮ ਸਿੰਘ ਤੇ ਹੋਰ ਸੰਗਤਾਂ ਹਾਜ਼ਿਰ ਸਨ।

# ਸੰਯੁਕਤ ਕਿਸਾਨ ਮੋਰਚਾ ਵੱਲੋਂ ਟਰੈਕਟਰ ਮਾਰਚ



**ਬੰਗਾ (ਅਵਤਾਰ ਕਲੇਰ)-** ਸੰਯੁਕਤ ਕਿਸਾਨ ਮੋਰਚਾ, ਮੁਲਾਜ਼ਮ ਅਤੇ ਮਜ਼ਦੂਰ ਜਥਬੰਦੀਆਂ ਵੱਲੋਂ ਟਰੈਕਟਰ ਮਾਰਚ ਕੀਤਾ ਗਿਆ।ਇਹ ਮਾਰਚ ਪਿੰਡ ਮਹਿਰਮ ਪੁਰ ਦੀ ਗਰਾਉਂਡ ਤੋਂ ਸ਼ੁਰੂ ਹੋਕੇ,ਮੱਲਪੁਰ, ਧਰਮਕੋਟ, ਹੰਸਰੋਂ ,ਹਿਆਲਾ ਪਿੰਡਾਂ ਵਿੱਚੋਂ ਹੋਕੇ ਨਵਾਂਸ਼ਹਿਰ ਪੁੱਜਾ ਜਿੱਥੋਂ ਕਰੀਹਾ,ਕਰਿਆਮ,ਘਟਾਰੋਂ ਪਿੰਡਾਂ ਵਿਚੋਂ ਲੰਘਦਾ ਹੋਇਆ ਪਿੰਡ ਸਕੋਹਪੁਰ ਵਿਖੇ ਸਮਾਪਤ ਹੋਇਆ।ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਪੈਨਸ਼ਨਰਜ ਯੂਨੀਅਨ ਦੇ ਆਗੂ ਕੁਲਦੀਪ ਸਿੰਘ ਦੌੜਕਾ, ਕੁਲਵਿੰਦਰ ਸਿੰਘ ਅਟਵਾਲ,ਜਸਵਿੰਦਰ ਸਿੰਘ ਭੰਗਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਬਿਜਲੀ ਸੋਧ ਬਿੱਲ, ਖੇਤੀ ਬੀਜ ਸੋਧ ਬਿੱਲ ਲਿਆ ਕੇ ਬਿਜਲੀ ਅਤੇ ਖੇਤੀ ਬੀਜਾਂ ਦੀ ਮਨੋਪਲੀ ਕਾਰਪੋਰੇਟਾਂ ਨੂੰ ਸੌਂਪਣਾ ਚਾਹੁੰਦੀ ਹੈ।ਨਿੱਜੀਕਰਨ ਰਾਹੀਂ ਜਨਤਕ ਅਦਾਰਿਆਂ ਨੂੰ ਪੂੰਜੀਪਤੀਆਂ ਹੱਥ ਦੇ ਰਹੀ ਹੈ। ਮਗਨਰੇਗਾ ਦੀ ਥਾਂ ਜੀ ਰਾਮ ਜੀ ਕਾਨੂੰਨ ਲਿਆਂਦਾ ਗਿਆ ਹੈ।ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਪਹਿਲਾਂ ਹੀ ਲਾਗੂ ਕੀਤੇ ਜਾ ਚੁੱਕੇ ਹਨ। ਮੋਦੀ ਸਰਕਾਰ ਦੇ ਇਹਨਾਂ ਬਿੱਲਾਂ ਅਤੇ ਕਾਨੂੰਨਾਂ ਨੂੰ ਖਤਮ ਕਰਨ ਦੀ ਮੰਗ ਨੂੰ ਲੈਕੇ ਟਰੈਕਟਰ ਮਾਰਚ ਕੀਤੇ ਜਾ ਰਹੇ ਹਨ।ਇਹ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।16 ਜਨਵਰੀ ਨੂੰ ਪਾਵਰਕੌਮ ਦੇ ਨਵਾਂਸ਼ਹਿਰ ਸਰਕਲ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

# ਸੌਂਦ ਤੇ ਐੱਮ ਪੀ ਕੰਗ ਨੇ ਗਤਕਾ ਚੈਂਪੀਅਨਸ਼ਿਪ 'ਚ ਕੀਤੀ ਸ਼ਮੂਲੀਅਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-** ਗਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਆਪਣੀ ਨੌਵੀਂ ਨੈਸ਼ਨਲ ਗਤਕਾ ਚੈਂਪੀਅਨਸ਼ਿਪ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ, ਚੰਡੀਗੜ੍ਹ ਮੋਹਾਲੀ ਵਿਖੇ 28 ਦਸੰਬਰ ਤੋਂ 30 ਦਸੰਬਰ ਤੱਕ ਕਰਵਾਈ ਜਾ ਰਹੀ ਹੈ, ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਐੱਮ ਪੀ ਮਾਲਵਿੰਦਰ ਸਿੰਘ ਕੰਗ ਵੱਲੋਂ ਬਾਬਾ ਲਖਵੀਰ ਸਿੰਘ ਨਾਲ ਸਾਂਝੇ ਤੌਰ ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਜਿੱਥੇ ਭਗੀਦਾਰਾਂ ਨੂੰ ਵਧਾਈ ਦਿੱਤੀ ਗਈ, ਉੱਥੇ ਉਹਨਾਂ ਵੱਲੋਂ ਪੰਜਾਬ ਗਤਕਾ ਐਸੋਸੀਏਸ਼ਨ ਨੂੰ ਦੋ ਲੱਖ ਰੁਪਏ ਦੀ ਮਾਲੀ ਸਹਾਇਤਾ ਵੀ ਐਲਾਨ ਕੀਤੀ ਗਈ। ਸੰਸਥਾ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਪੂਰੇ ਦੇਸ਼ ਵਿਚੋਂ 20 ਰਾਜਾਂ ਦੇ 500 ਖਿਡਾਰੀ (ਲੜਕੇ ਤੇ ਲੜਕੀਆਂ) ਇੱਥੇ ਪਹੁੰਚੇ ਹਨ। ਅੰਡਰ-19, ਅੰਡਰ-25 ਅਤੇ ਅੰਡਰ-30 ਉਮਰ ਵਰਗ ਦੇ ਹੋਣ ਵਾਲੇ ਮੁਕਾਬਲਿਆਂ ਵਿੱਚੋਂ ਜੇਤੂ ਖਿਡਾਰੀਆਂ ਨੂੰ ਮੈਡਲਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੀ ਪੀ ਸਿੰਘ ਸਾਬਕਾ ਐਮ ਐਲ ਏ, ਸ. ਜਸਵੰਤ ਸਿੰਘ ਡਾਇਰੈਕਟਰ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਇੰਦਰਜੀਤ ਸਿੰਘ ਰੰਧਾਵਾ, ਐਨ ਐਸ ਠਾਕੁਰ ਸਕੱਤਰ ਚੰਡੀਗੜ੍ਹ ਓਲੰਪਿਕ ਐਸੋਸੀਏਸ਼ਨ, ਬਾਬਾ ਹਰਭਜਨ ਸਿੰਘ, ਬਾਬਾ ਸ਼੍ਰੀਮਾਨ, ਬਾਬਾ ਸੁਖਵਿੰਦਰ ਸਿੰਘ ਅਮਰਜੀਤ ਸਿੰਘ ਹਾਜ਼ਰ ਸਨ ।



# ਦਵਿੰਦਰ ਸਿੰਘ ਪਰਮਾਰ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਵੱਲੋਂ ਸਵ: ਦਵਿੰਦਰ ਸਿੰਘ ਪਰਮਾਰ ਦੀ ਯਾਦ 'ਚ ਦੂਸਰਾ ਸਾਲਾਨਾ ਫੁਟਬਾਲ ਟੂਰਨਾਮੈਂਟ ਪਿੰਡ ਫੁਗਲਾਣਾ ਦੀ ਗਰਾਉਂਡ 'ਚ ਸਭਾ ਦੇ ਸਰਪ੍ਰਸਤ ਫ਼ਤਿਹ ਸਿੰਘ ਪਰਹਾਰ ਦੀ ਅਗਵਾਈ 'ਚ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਰੀ ਦੇ ਯਤਨਾਂ ਸਦਕਾ ਕਰਵਾਇਆ ਗਿਆ। ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਪਿੰਡ ਮੁਖਲਿਆਣਾ ਅਤੇ ਰਿਹਾਣਾ ਜੱਟਾਂ ਵਿਚਕਾਰ ਖੇਡਿਆ ਗਿਆ, ਜਿਸ 'ਚ ਰਿਹਾਣਾ ਜੱਟਾਂ ਦੀ ਟੀਮ ਜੇਤੂ ਰਹੀ। ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸ਼ਿਰਕਤ ਕੀਤੀ ਅਤੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਬਲਵੀਰ ਸਿੰਘ ਫੁਗਲਾਣਾ ਨੇ ਖੇਡ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਟੂਰਨਾਮੈਂਟ ਲਈ ਖੇਡ ਪ੍ਰਮੋਟਰ ਜਤਿੰਦਰ ਸਿੰਘ ਵਿਕੀ ਪਰਮਾਰ ਵੱਲੋਂ ਆਪਣੇ ਪਿਤਾ ਦਵਿੰਦਰ ਸਿੰਘ ਪਰਮਾਰ ਦੀ ਯਾਦ 'ਚ ਤਿੰਨ ਲੱਖ ਰੁਪਏ ਦੀ ਰਾਸ਼ੀ ਤੇ ਸਿੱਖ ਰਾਜਪੂਤ ਮੇਲਾ ਸੁਸਾਇਟੀ ਇਟਲੀ ਵੱਲੋਂ 1 ਲੱਖ 13 ਹਜ਼ਾਰ ਰੁਪਏ ਦੀ ਮਾਲੀ ਮਦਦ ਦਿੱਤੀ ਗਈ। ਰਹੀ। ਉਨਾਂ ਕਿਹਾ ਕਿ ਮੁੱਖ ਮਹਿਮਾਨ ਸਾਂਸਦ ਡਾ. ਰਾਜ ਕੁਮਾਰ ਵੱਲੋਂ ਸਭਾ ਦੀ ਮੁੱਖ ਮੰਗ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਬਣਾਉਣ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਹੈ।ਟੂਰਨਾਮੈਂਟ ਦੇ ਆਖਰੀ ਦਿਨ ਖਿਡਾਰੀਆਂ ਨਾਲ ਸਾਂਸਦ ਡਾ. ਰਾਜ ਕੁਮਾਰ ਚੱਬੇਵਾਲ, ਜਤਿੰਦਰ ਸਿੰਘ ਵਿੱਕੀ ਪਰਮਾਰ ਅਮਰੀਕਾ, ਬਲਵੀਰ ਸਿੰਘ ਫੁਗਲਾਣਾ, ਕੁਲਦੀਪ ਸਿੰਘ ਸਹੋਤਾ, ਬਲਵਿੰਦਰ ਸਿੰਘ ਭਾਮ, ਉਂਕਾਰ ਸਿੰਘ ਮਿਨਹਾਸ, ਮਨਜੀਤ ਸਿੰਘ ਇਟਲੀ, ਸੁਖਜੀਤ ਸਿੰਘ ਪਰਮਾਰ, ਖੇਡ ਪ੍ਰਮੋਟਰ ਕੁਲਦੀਪ ਸਿੰਘ ਸਹੋਤਾ ਕੈਨੇਡਾ, ਮਲਕੀਤ ਸਿੰਘ ਪ੍ਰਧਾਨ ਵਿਸ਼ਵ ਦੋਆਬਾ ਰਾਜਪੂਤ ਸਭਾ ਇਟਲੀ, ਗੁਰਮੀਤ ਸਿੰਘ ਫੁਗਲਾਣਾ ਪ੍ਰਧਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ, ਖੇਡ ਪ੍ਰਮੋਟਰ ਉਂਕਾਰ ਸਿੰਘ ਮਿਨਹਾਸ ਹਾਜ਼ਰ ਹੋਏ। ਇਸ ਮੌਕੇ ਪ੍ਰਧਾਨ ਬਲਵਿੰਦਰ ਸਿੰਘ ਭਾਮ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਾਲਰਾ, ਸੁਖਜੀਤ ਸਿੰਘ ਪਰਮਾਰ ਫਗਵਾੜਾ, ਸਰਪੰਚ ਵਿਪਨ ਠਾਕੁਰ, ਸੁਰਜੀਤ ਸਿੰਘ ਮਸੂਤਾ ਭੁੰਗਰਨੀ, ਸੰਮਤੀ ਮੈਂਬਰ ਹਰਮੇਸ਼ ਕੁਮਾਰ, ਸਾਬਕਾ ਸਰਪੰਚ ਚਰਨਜੀਤ ਸਿੰਘ, ਜਗਤਾਰ ਸਿੰਘ ਭੁੰਗਰਨੀ, ਅਵਤਾਰ ਸਿੰਘ ਮਿੱਠੂ ਆਦਿ ਹਾਜ਼ਰ ਸਨ।



# ਦੇਸੀ ਪਿਸਤੌਲ, ਮੈਗਜ਼ੀਨ ਤੇ ਮੋਟਰਸਾਈਕਲ, ਇੱਕ ਖਿਡੌਣਾ ਰਿਵਾਲਵਰ ਤੇ ਜ਼ਿੰਦਾ ਰੌਂਦ ਸਮੇਤ ਦੋ ਕਾਬੂ

**ਫਿਲੌਰ (ਨਿਰਮਲ)**- ਐੱਸ ਐੱਸ ਪੀ ਸ੍ਰੀ ਹਰਵਿੰਦਰ ਸਿੰਘ ਵਿਰਕ, ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰਾਂ ਅਤੇ ਭੈੜੇ ਅਨਸਰਾਂ, ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਅਤੇ ਨਜਾਇਜ਼ ਅਸਲਾ ਰੱਖਣ ਵਾਲੇ ਵਿਅਕਤੀਆਂ ਦੇ ਖਿਲਾਫ ਸਬੰਧੀ ਚੱਲ ਰਹੀ ਸਪੈਸ਼ਲ ਮੁਹਿੰਮ ਤਹਿਤ ਸਰਬਜੀਤ ਰਾਏ, ਪੁਲਿਸ ਕਪਤਾਨ ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਦੀਆਂ ਹਦਾਇਤਾਂ ਹੇਠ ਤੇ ਭਰਤ ਮਸੀਹ, ਉਪ ਪੁਲਿਸ ਕਪਤਾਨ, ਸਬ-ਡਵੀਜ਼ਨ ਫਿਲੌਰ ਜ਼ਿਲ੍ਹਾ ਜਲੰਧਰ ਦਿਹਾਤੀ ਦੀਆਂ ਹਦਾਇਤਾਂ ਮੁਤਾਬਿਕ ਸਬ-ਇੰਸ: ਸੁਖਜਿੰਦਰ ਸਿੰਘ ਮੁੱਖ ਅਫਸਰ ਥਾਣਾ ਬਿਲਗਾ ਦੀ ਨਿਗਰਾਨੀ ਹੇਠ 02 ਨੌਜਵਾਨ ਪਾਸੋਂ ਇੱਕ ਖਿਡੌਣਾ ਰਿਵਾਲਵਰ ਸਮੇਤ 01 ਰੌਂਦ ਜ਼ਿੰਦਾ ਮਾਰਕਾ ਐੱਚ ਪੀ ਐੱਮ 32/25 ਬੋਰ ਸਮੇਤ ਇੱਕ ਦੇਸੀ ਪਿਸਤੌਲ ਸਮੇਤ ਮੈਗਜ਼ੀਨ ਸਮੇਤ ਮੋਟਰ ਸਾਈਕਲ ਮਾਰਕਾ ਪਲਟੀਨਾ ਰੰਗ ਕਾਲਾ ਨੰਬਰੀ ਪੀ ਬੀ 09 ਡਬਲਯੂ-7458 ਬ੍ਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਿਲ ਕੀਤੀ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਭਰਤ



ਮਸੀਹ ਲੱਧੜ, ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਫਿਲੌਰ ਨੇ ਦੱਸਿਆ ਕਿ ਮਿਤੀ 29-12-2025 ਨੂੰ ਐਸ.ਆਈ. ਕੁਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਸ਼ੱਕੀ ਅਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਡੇਰਾ ਬਾਬਾ ਰਹਿਮਤ ਸ਼ਾਹ ਜੀ ਪੁੱਲ ਨਹਿਰ ਗੁੰਮਟਾਲੀ ਰੋਡ ਬਿਲਗਾ ਪਾਸ ਮੋਟਰ ਸਾਈਕਲ ਮਾਰਕਾ ਪਲਟੀਨਾ ਰੰਗ ਕਾਲਾ ਨੰਬਰੀ ਪੀ ਬੀ 09 ਡਬਲਯੂ-7458 ਪਰ ਸਵਾਰ ਹੋ ਕੇ ਆ ਰਹੇ ਮੋਟਰ ਸਾਈਕਲ ਚਲਾਕ ਸਲਾਮੂਦੀਨ ਖਾਨ ਪੁੱਤਰ ਲਾਲ ਹੁਸੈਨ ਵਾਸੀ ਪਿੰਡ ਉੱਪਲ ਖਾਲਸਾ ਥਾਣਾ ਨੂਰਮਹਿਲ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਇਸਦੇ ਡੱਬ ਵਿੱਚ ਇੱਕ ਖਿਡੌਣਾ ਰਿਵਾਲਵਰ ਸਮੇਤ ਇਸਦੇ ਪਹਿਨੇ ਹੋਏ ਲੋਅਰ (ਪੰਜਾਮੇ) ਦੀ ਸੱਜੀ ਜੇਬ ਵਿੱਚੋਂ 01 ਰੌਂਦ ਜ਼ਿੰਦਾ ਮਾਰਕਾ ਐੱਚ ਪੀ ਐੱਮ 32/25 ਬੋਰ ਅਤੇ ਮੋਟਰ ਸਾਈਕਲ ਪਿੱਛੇ ਬੈਠੇ ਦੂਸਰੇ ਨੌਜਵਾਨ ਨਰਿੰਦਰ ਸਿੰਘ ਉਰਫ ਨਿੰਦਰ ਪੁੱਤਰ ਜਸਵੀਰ ਸਿੰਘ ਪਿੰਡ ਚੁਹੇਕੀ ਥਾਣਾ ਨੂਰਮਹਿਲ ਜ਼ਿਲ੍ਹਾ ਜਲੰਧਰ ਪਾਸੋਂ ਇੱਕ ਦੇਸੀ ਪਿਸਤੌਲ ਸਮੇਤ ਮੈਗਜ਼ੀਨ ਬ੍ਰਾਮਦ ਕਰਕੇ ਮੁਕੱਦਮਾ ਥਾਣਾ ਬਿਲਗਾ ਦਰਜ ਰਜਿਸਟਰ ਕਰਕੇ ਮੁਢੱਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਦੋਸ਼ੀਆਂ ਸਲਾਮੂਦੀਨ ਖਾਨ ਅਤੇ ਨਰਿੰਦਰ ਸਿੰਘ ਉਰਫ ਨਿੰਦਰ ਉਕਤਾਨ ਦੇ ਖਿਲਾਫ ਪਹਿਲਾਂ ਵੀ ਨਸ਼ਾ ਵੇਚਣ ਸਬੰਧੀ 02/02 ਮੁਕੱਦਮੇ ਦਰਜ ਰਜਿਸਟਰ ਹੋਏ ਹਨ। ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛ-ਗਿੱਛ ਜਾਰੀ ਹੈ।

# ਕੁਲਜੀਤ ਸਿੰਘ ਹੇਅਰ ਦੀ ਜੱਟ ਸਿੱਖ ਕੌਂਸਲ ਦੇ ਪ੍ਰਧਾਨ ਬਣੇ

**ਜਲੰਧਰ (ਸ਼ੈਲੀ ਐਲਬਰਟ)**- ਦੀ ਜੱਟ ਸਿੱਖ ਕੌਂਸਲ ਜਲੰਧਰ ਦੀ ਸਾਲਾਨਾ ਜਨਰਲ ਮੀਟਿੰਗ ਦਾ ਆਯੋਜਨ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਕੀਤਾ ਗਿਆ, ਜਿਸ ਵਿਚ ਜੱਟ ਸਿੱਖ ਕੌਂਸਲ ਦੇ ਫਾਊਂਡਰ ਅਤੇ ਲਾਈਫ ਮੈਂਬਰਾਨ ਨੇ ਵੱਡੀ ਗਿਣਤੀ ਵਿਚ ਭਾਗ ਲਿਆ। ਲਾਇਲਪੁਰ ਖ਼ਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਦੇ ਸਕੱਤਰ ਜਸਪਾਲ ਸਿੰਘ ਵੜੈਚ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਇਥੇ ਇਹ ਜ਼ਿਕਰਯੋਗ ਹੈ ਕਿ ਇਹ ਕੌਂਸਲ ਯੋਗ ਤੇ ਹੋਣਹਾਰ ਜੱਟ ਸਿੱਖ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਵਾਲੀ ਗੈਰ ਸਰਕਾਰੀ ਸੰਸਥਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਇਸ ਖੇਤਰ ਵਿਚ ਕਾਰਜ ਕਰ ਰਹੀ ਹੈ। ਇਸ ਮੀਟਿੰਗ ਵਿੱਚ ਇਸ ਸਾਲ ਲਈ ਜੱਟ ਸਿੱਖ ਕੌਂਸਲ ਦੇ ਪ੍ਰਧਾਨ ਡੀ. ਐਚ.ਐਸ. ਮਾਨ ਦੀ ਜਗ੍ਹਾ ਕੁਲਜੀਤ ਸਿੰਘ ਹੇਅਰ ਨੂੰ ਪ੍ਰਧਾਨ ਚੁਣਿਆ ਗਿਆ। ਇਸ ਮੀਟਿੰਗ ਵਿਚ ਸਾਲ 2024-2025 ਦੀ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਦੱਸਿਆ ਕਿ ਦੀ ਜੱਟ ਸਿੱਖ ਕੌਂਸਲ ਜ਼ਰੂਰਤਮੰਦ ਤੇ ਹੋਣਹਾਰ ਜੱਟ ਸਿੱਖ ਵਿਦਿਆਰਥੀਆਂ ਨੂੰ ਹਰ ਸਾਲ ਵਿੱਤੀ ਸਹਾਇਤਾ ਦਿੰਦੀ ਹੈ। ਇਸ ਸਕਾਲਰਸ਼ਿਪ ਸਦਕਾ ਹਰ ਸਾਲ ਬਹੁਤ ਸਾਰੇ ਲੋੜਵੰਦ ਜੱਟ



ਸਿੱਖ ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖ ਪਾਉਂਦੇ ਹਨ। ਜੱਟ ਸਿੱਖ ਕੌਂਸਲ ਸਕੂਲਾਂ ਤੇ ਕਾਲਜਾਂ ਵਿੱਚ ਸਿੱਧੇ ਤੌਰ 'ਤੇ ਪ੍ਰਿੰਸੀਪਲ ਤੇ ਸਟਾਫ ਦੀ ਮਦਦ ਨਾਲ ਲੋੜਵੰਦ ਵਿਦਿਆਰਥੀਆਂ ਦੀ ਸ਼ਨਾਖਤ ਕਰਕੇ ਇਹ ਸਕਾਲਰਸ਼ਿਪ ਦਿੰਦੀ ਹੈ। ਡਾ. ਐਚ.ਐਸ. ਮਾਨ ਦੇ ਕਾਰਜਕਾਲ ਦੌਰਾਨ 65 ਕੇਸ ਕੀਤੇ ਗਏ ਜਿਨ੍ਹਾਂ ਵਿੱਚ 55 ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਗਈ ਅਤੇ 10 ਹਜ਼ਾਰ ਪ੍ਰਤਿ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਗਈ। ਇਸ ਮੌਕੇ ਕੌਂਸਲ ਦੇ ਮੈਂਬਰ ਸਰਦਾਰਨੀ ਜਗਵਿੰਦਰ ਕੌਰ ਦਿਓਲ ਨੇ ਜੱਟ ਸਿੱਖ ਕੌਂਸਲ ਵਾਸਤੇ 11 ਹਜ਼ਾਰ ਰੁਪਏ ਦਾਨ ਕੀਤੇ। ਇਸ ਮੌਕੇ ਸ. ਕੁਲਜੀਤ ਸਿੰਘ ਹੇਅਰ, ਸ. ਜਸਪਾਲ ਸਿੰਘ ਵੜੈਚ, ਡਾ. ਐਚ.ਐਸ.ਮਾਨ, ਸ. ਸੁਖਬਹਾਰ ਸਿੰਘ ਵੜੈਚ, ਸਰਦਾਰਨੀ ਜਗਵਿੰਦਰ ਕੌਰ ਦਿਓਲ, ਸ. ਧਰਮਿੰਦਰ ਸਿੰਘ ਚਾਹਲ, ਸ. ਗੁਲਬਹਾਰ ਸਿੰਘ, ਡਾ. ਅਮਰਜੀਤ ਸਿੰਘ ਬਾਜਵਾ, ਸ. ਗੁਰਇਕਬਾਲ ਸਿੰਘ ਢਿੱਲੋਂ ਆਦਿ ਨੇ ਮੀਟਿੰਗ ਵਿਚ ਸ਼ਿਰਕਤ ਕੀਤੀ।

## ਐੱਸ ਕੇ ਐੱਮ ਵੱਲੋਂ ਝੰਡਾ ਮਾਰਚ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਬਿਜਲੀ ਸੋਧ ਬਿੱਲ 2025 ਅਤੇ ਸੀਡ ਬਿੱਲ ਨੂੰ ਰੱਦ ਕਰਵਾਉਣ ਲਈ ਨਕੋਦਰ ਵਿਖੇ ਇਕ ਵਿਸ਼ਾਲ ਝੰਡਾ ਮਾਰਚ ਕੱਢਿਆ ਗਿਆ ਜਿਸ ਵਿੱਚ ਵੱਖਵੱਖ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਸਕੱਤਰ ਗੁਰਚਰਨ ਸਿੰਘ ਨੇ ਦੱਸਿਆ ਕਿ ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਬਿਜਲੀ ਬੋਰਡ ਦਾ ਅਦਾਰਾ ਕੇਂਦਰ ਸਰਕਾਰ ਦੇ ਅਧੀਨ ਆ ਜਾਵੇਗਾ ਤੇ ਰਾਜ ਸਰਕਾਰ ਵੱਲੋਂ ਦਿੱਤੀ ਸਬਸਿਡੀ ਖ਼ਤਮ ਹੋ ਜਾਵੇਗੀ, ਪ੍ਰਾਈਵੇਟ ਕੰਪਨੀਆਂ ਦੇ ਅਧੀਨ ਕੰਮ ਕਰ ਦਿੱਤਾ ਜਾਵੇਗਾ, ਬਿਜਲੀ ਮਹਿੰਗੀ ਹੋਣ ਦੇ ਨਾਲ ਸਮਾਰਟ ਮੀਟਰ ਲਗਾਏ ਜਾਣਗੇ ਤੇ ਉਹਨਾਂ ਨੂੰ ਪਹਿਲਾ ਰਿਚਾਰਜ ਕੀਤਾ ਜਾਵੇਗਾ ਤੇ ਫਿਰ ਬਿਜਲੀ ਵਰਤਣ ਦਾ ਮੌਕਾ ਮਿਲੇਗਾ।

## ਓਂਕਾਰ ਸਿੰਘ ਰਾਜਾ ਬਣੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਵਰਲਡ ਦੇ ਪ੍ਰਧਾਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭ੍ਰਿਸ਼ਟਾਚਾਰ ਤੇ ਨੱਥ ਪਾਉਣ ਦੇ ਮੰਤਵ ਨਾਲ ਗਠਿਤ ਕੀਤੀ ਗਈ ਐਂਟੀ ਕਰਪਸ਼ਨ ਫਾਊਂਡੇਸ਼ਨ ਵਰਲਡ ਦੀ ਇੱਕ ਵਿਸ਼ੇਸ਼ ਮੀਟਿੰਗ ਟਾਂਡਾ ਵਿਖੇ ਹੋਈ। ਨੈਸ਼ਨਲ ਚੀਫ ਡਾਇਰੈਕਟਰ ਰਤਨ ਲਾਲ ਸੈਣੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਲਾਮਬੰਦ ਕੀਤਾ ਗਿਆ। ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਟਾਂਡਾ ਦੇ ਉੱਘੇ ਕਾਰੋਬਾਰੀ ਤੇ ਸਮਾਜ ਸੇਵੀ ਓਂਕਾਰ ਸਿੰਘ ਰਾਜਾ ਨੂੰ ਬਲਾਕ ਪ੍ਰਧਾਨ ਚੁਣਦੇ ਹੋਏ ਆਈ ਕਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ



ਸੰਸਥਾ ਦੇ ਡਾਇਰੈਕਟਰ ਸੋਨੀ ਲਾਲ ਰਤਨ, ਉਪ ਪ੍ਰਧਾਨ ਗੁਰਮੇਲ ਸਿੰਘ, ਪ੍ਰਧਾਨ ਸੁਰਿੰਦਰ ਸਿੰਘ ਨੰਗਲ ਕਲਾਂ, ਪ੍ਰਧਾਨ ਰਵਿੰਦਰ ਸਿੰਘ ਦਾਲੋਵਾਲ ਨੇ ਸੰਬੋਧਨ ਕਰਦੇ ਹੋਏ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਰੋਕਣ ਸੰਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਰੋਕ ਕੇ ਸਮਾਜ ਦੀ ਬਿਹਤਰੀ ਵਿੱਚ ਯੋਗਦਾਨ ਪਾਉਣਾ ਸਾਡਾ ਸਾਰਿਆਂ ਦਾ ਫਰਜ਼ ਹੈ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਓਂਕਾਰ ਸਿੰਘ ਰਾਜਾ ਨੇ ਸੰਸਥਾ ਦੇ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ, ਜਸਵੀਰ ਸਿੰਘ ਗੋਲਡੀ, ਗੁਰਸ਼ਰਨ ਸਿੰਘ, ਜਸਕਰਨ ਸਿੰਘ, ਪਰਮਿੰਦਰ ਸਿੰਘ, ਅਮਿਤ, ਅਮ੍ਰਿਤਜੀਤ ਸਿੰਘ, ਤਲਵੀਰ ਸਿੰਘ, ਜਸਵੀਰ ਸਿੰਘ ਕਨੌੜਾ, ਸਤਨਾਮ ਸਿੰਘ ਅਤੇ ਦਿਲਪ੍ਰੀਤ ਸਿੰਘ ਵੀ ਹਾਜ਼ਰ ਸਨ।

# 'ਨਵਾਂ ਸਾਲ ਜਸ਼ਨ ਵਾਈਬਜ਼ 2026' ਦਾ ਆਯੋਜਨ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸ੍ਰੀ ਸੁਖਮਨੀ ਗਰੁੱਪ ਆਫ ਇੰਸਟੀਚਿਊਸ਼ਨਜ਼ (ਐਸ ਐਸ ਜੀ ਆਈ) , ਡੇਰਾ ਬੱਸੀ) ਨੇ ਆਪਣੇ ਕੈਂਪਸ ਵਿੱਚ 'ਨਵਾਂ ਸਾਲ ਜਸ਼ਨ ਵਾਈਬਜ਼ 2026' ਦਾ ਆਯੋਜਨ ਕਰਕੇ ਨਵੇਂ ਸਾਲ ਦਾ ਸਵਾਗਤ ਬਹੁਤ ਉਤਸ਼ਾਹ ਨਾਲ ਕੀਤਾ। ਇਸ ਜੀਵੰਤ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਲਈ ਇੱਕ ਖੁਸ਼ੀ ਭਰਿਆ ਅਤੇ ਤਾਜ਼ਗੀ ਭਰਿਆ ਤਿਉਹਾਰੀ ਮਾਹੌਲ ਬਣਾਉਣਾ ਸੀ ਜੋ ਨਵੇਂ ਸਾਲ ਦੀ ਸ਼ੁਰੂਆਤ ਕਰਨਾ ਸੀ। ਇਸ ਜਸ਼ਨ ਵਿੱਚ ਕਈ ਤਰ੍ਹਾਂ ਦੀਆਂ ਮਜ਼ੇਦਾਰ ਖੇਡਾਂ ਅਤੇ ਦਿਲਚਸਪ ਗਤੀਵਿਧੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਕਈ ਤਰ੍ਹਾਂ ਦੇ ਖਾਣੇ ਦੇ ਸਟਾਲਾਂ ਸ਼ਾਮਲ ਸਨ ਜਿਨ੍ਹਾਂ ਨੇ ਤਿਉਹਾਰਾਂ ਵਿੱਚ ਸੁਆਦ ਜੋੜਿਆ। ਇਸ ਪ੍ਰੋਗਰਾਮ ਦੀ ਮੁੱਖ ਗੱਲ ਬੇਹਰੂਪੀਏ ਦ ਬੈਂਡ ਦੁਆਰਾ ਇਲੈਕਟ੍ਰੀਕਲ ਲਾਈਵ ਪ੍ਰਦਰਸ਼ਨ ਸੀ, ਜਿਸਦੇ ਊਰਜਾਵਾਨ ਸੰਗੀਤ ਨੇ ਵਿਦਿਆਰਥੀਆਂ ਦਾ ਮਨੋਰੰਜਨ ਕੀਤਾ ਅਤੇ ਕੈਂਪਸ ਨੂੰ ਉਤਸ਼ਾਹ ਅਤੇ ਖੁਸ਼ੀ ਨਾਲ ਭਰ ਦਿੱਤਾ। ਵਿਦਿਆਰਥੀਆਂ ਨੇ ਪੂਰੇ ਦਿਲ ਨਾਲ ਹਿੱਸਾ ਲਿਆ ਅਤੇ ਜਸ਼ਨਾਂ ਦਾ ਪੂਰਾ ਆਨੰਦ ਮਾਣਿਆ। ਇਸ ਸ਼ੁਭ ਮੌਕੇ 'ਤੇ, ਚੇਅਰਮੈਨ ਸ੍ਰੀ ਕੰਵਲਜੀਤ ਸਿੰਘ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਨਵੇਂ ਸਾਲ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ। ਡਾਇਰੈਕਟਰ ਡਾ. ਦਮਨਜੀਤ ਸਿੰਘ ਅਤੇ ਮੁੱਖ ਪ੍ਰਸ਼ਾਸਕ ਪ੍ਰੋ. ਰਘਪਾਲ ਸਿੰਘ ਨੇ ਐਸਐਸਜੀਆਈ ਅਧੀਨ ਵੱਖ-ਵੱਖ ਸੰਸਥਾਵਾਂ ਦੇ ਪ੍ਰਿੰਸੀਪਲਾਂ ਦੇ ਨਾਲ, ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇੱਕ ਸਫਲ, ਸਿਹਤਮੰਦ ਅਤੇ ਖੁਸ਼ਹਾਲ ਨਵੇਂ ਸਾਲ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਵੇਂ ਮੌਕਿਆਂ ਨੂੰ ਅਪਣਾਉਣ ਅਤੇ ਅਕਾਦਮਿਕ ਖੇਤਰ ਦੇ ਨਾਲ-ਨਾਲ ਨਿੱਜੀ ਵਿਕਾਸ ਵਿੱਚ ਉੱਤਮਤਾ ਵੱਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਦਸਵੀਂ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ

**ਐੱਸ ਏ ਐੱਸ ਨਗਰ (ਨ ਜ ਸ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖ਼ੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਬੀਬੀ ਜਸਵੀਰ ਕੌਰ ਜੱਸ ਅਤੇ ਸੁਲਤਾਨਪੁਰ ਲੋਧੀ ਵਾਲੀਆਂ ਬੀਬੀਆਂ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਵਲੋਂ ਧਰਮ ਖਾਤਰ ਦਿੱਤੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਅਮਨਦੀਪ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਕੇਅੰਤ ਸਿੰਘ ਜੀ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ



ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਭਾਈ ਮਨਜਿੰਦਰ ਸਿੰਘ ਰਬਾਬੀ ਗੁਰਦੁਆਰਾ ਨਾਢਾ ਸਾਹਿਬ, ਸੰਤ ਬਾਬਾ ਪਰਮਪ੍ਰੀਤ ਸਿੰਘ ਜੀ ਨਥੱਮਲਪੁਰ ਵਾਲੇ, ਸ਼੍ਰੋਮਣੀ ਪ੍ਰਚਾਰਕ ਭਾਈ ਮਨਜੀਤ ਸਿੰਘ ਲੁਧਿਆਣੇ ਵਾਲੇ, ਭਾਈ ਅਰਵਿੰਦਰ ਸਿੰਘ , ਭਾਈ ਗੁਰਦੇਵ ਸਿੰਘ ਜੀ, ਬੀਬੀ ਜਸਪ੍ਰੀਤ ਕੌਰ, ਸ਼੍ਰੋ ਪੰਜਾਬ ਕਵੀਸ਼ਰੀ ਜੱਥਾ ਭਾਈ ਜਸਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੰਦੀਪ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪੇ ਦੇ ਕੇ ਸਨਮਾਨਤ ਕੀਤਾ ਗਿਆ । ਦਸਵੀਂ ਦੇ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਇਸ ਦਿਨ ਕਰਵਾਏ ਗਏ ਅੰਮ੍ਰਿਤ ਸੰਚਾਰ ਵਿੱਚ ਵੱਡੀ ਗਿਣਤੀ ਵਿੱਚ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ ।

## ਸਬ-ਤਹਿਸੀਲ ਐਲਾਨਣ 'ਤੇ ਹਰਿਆਣਾ ਵਾਸੀਆਂ ਦੀ ਮੰਗ ਹੋਈ ਪੂਰੀ

**ਹੁਸ਼ਿਆਰਪੁਰ, (ਓ ਪੀ ਰਾਣਾ)**- ਪੰਜਾਬ ਸਰਕਾਰ ਵੱਲੋਂ ਹਲਕਾ ਸ਼ਾਮ ਚੁਰਾਸੀ ਦੇ ਕਸਬਾ ਹਰਿਆਣਾ ਨੂੰ ਸਬ-ਤਹਿਸੀਲ ਬਣਾਉਣ ਦੀ ਮਨਜ਼ੂਰੀ ਮਿਲਣ 'ਤੇ ਕੈਬਨਿਟ ਮੰਤਰੀ ਅਤੇ ਹਲਕਾ ਸ਼ਾਮ ਚੁਰਾਸੀ ਤੋਂ ਵਿਧਾਇਕ ਡਾ. ਰਵਜੋਤ ਸਿੰਘ ਨੇ ਇਸ ਇਤਿਹਾਸਕ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਇਸ ਦੂਰਦਰਸ਼ੀ ਅਤੇ ਲੋਕ ਭਲਾਈ ਭਰਪੂਰ ਅਗਵਾਈ ਲਈ ਮੁੱਖ ਮੰਤਰੀ ਦੀ ਤਹਿ ਦਿਲੋਂ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਦੀ ਇਹ ਲੰਬੇ ਸਮੇਂ ਤੋਂ ਮੰਗ ਸੀ, ਜਿਸ ਨੂੰ ਪੂਰਾ ਕਰਕੇ ਪੰਜਾਬ ਸਰਕਾਰ ਨੇ ਉਨ੍ਹਾਂ ਦਾ ਦਿਲ ਜਿੱਤ ਲਿਆ ਹੈ।ਉਨ੍ਹਾਂ ਕਿਹਾ ਕਿ ਸਬ-ਤਹਿਸੀਲ ਨਾਲ ਲੋਕਾਂ ਨੂੰ ਜ਼ਮੀਨ ਅਤੇ ਮਾਲ ਮਹਿਕਮੇ ਦੇ ਹੋਰਨਾਂ ਕੰਮਾਂ ਲਈ ਤਤਕਾਲੀਨ ਸੇਵਾਵਾਂ ਮਿਲਣਗੀਆਂ ਅਤੇ ਇਸ ਨਾਲ ਉਨ੍ਹਾਂ ਦਾ ਕੀਮਤੀ ਸਮਾਂ ਵੀ ਬਚੇਗਾ।



## ਹਰਿਆਣਾ ਕੈਬਨਿਟ ਦੀ ਮੀਟਿੰਗ ਭਲਕੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਕੈਬਨਿਟ ਦੀ ਮੀਟਿੰਗ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ 1 ਜਨਵਰੀ ਨੂੰ ਸਵੇਰੇ 11 ਵਜੇ ਹਰਿਆਣਾ ਸਿਵਲ ਸਕੱਤਰੇਤ ਚੰਡੀਗੜ੍ਹ ਦੀ ਚੌਥੀ ਮੰਜ਼ਿਲ 'ਤੇ ਸਥਿਤ ਮੁੱਖ ਕਮੇਟੀ ਰੂਮ ਵਿੱਚ ਹੋਵੇਗੀ।

## ਡਾ. ਹਰਪਿੰਦਰ ਸਿੰਘ ਨੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਦਾ ਅਹੁਦਾ ਸੰਭਾਲਿਆ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੂਰਗਾਪੂਰੀਆ)**- ਡਾ. ਹਰਪਿੰਦਰ ਸਿੰਘ ਨੇ ਮੰਗਲਵਾਰ ਨੂੰ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਤੌਰ ਜ਼ਿਲ੍ਹਾ ਟੀਕਾਕਰਨ ਅਫ਼ਸਰ ਆਪਣਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਸਬ ਡਵੀਜ਼ਨਲ ਹਸਪਤਾਲ, ਸਮਾਣਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਦੇ ਅਹੁਦੇ 'ਤੇ ਤਾਇਨਾਤ ਸਨ।



ਡਾ. ਹਰਪਿੰਦਰ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਅਹੁਦੇ 'ਤੇ ਪਦਉੱਨਤ ਹੋਣ ਤੋਂ ਪਹਿਲਾਂ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਹੀ ਮੈਡੀਕਲ ਅਫਸਰ (ਪੈਡੀਐਟ੍ਰੀਸ਼ੀਅਨ) ਵਜੋਂ ਬਿਹਤਰ ਸੇਵਾਵਾਂ ਨਿਭਾ ਰਹੇ ਸਨ। ਅਹੁਦਾ ਸੰਭਾਲਣ ਉਪਰੰਤ ਡਾ. ਹਰਪਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਟੀਕਾਕਰਨ ਸਬੰਧੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਸਿਹਤ ਸੰਸਥਾਨਾਂ ਵਿੱਚ ਰੁਟੀਨ ਟੀਕਾਕਰਨ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਤਾਂ ਜੋ ਹਰ ਬੱਚੇ ਅਤੇ ਗਰਭਵਤੀ ਔਰਤਾਂ ਤੱਕ ਟੀਕਾਕਰਨ ਦੀ ਸਹੂਲਤ ਸਮੇਂ ਸਿਰ ਪਹੁੰਚ ਸਕੇ।

# ਸਕੇਪ ਸਾਹਿਤਕ ਸੰਸਥਾ ਵੱਲੋਂ ਕਵੀ ਦਰਬਾਰ



**ਫਗਵਾੜਾ, (ਡਾ. ਰਮਨ)**- ਸਕੇਪ ਸਾਹਿਤਕ ਸੰਸਥਾ ਫਗਵਾੜਾ ਵੱਲੋਂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਹੀਨਾਵਾਰ ਕਵੀ ਦਰਬਾਰ ਦਾ ਆਯੋਜਨ ਬਹੁਤ ਹੀ ਸਫ਼ਲਤਾਪੂਰਵਕ ਸਾਹਿਤਕ ਉਤਸ਼ਾਹ ਨਾਲ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਸਥਾ ਪ੍ਰਧਾਨ ਰਵਿੰਦਰ ਚੋਟ, ਸੀਤਲ ਰਾਮ ਬੰਗਾ, ਮਨੋਜ ਫਗਵਾੜਵੀ ਅਤੇ ਸ਼ਾਮ ਸਰਗੁੰਦੀ ਨੇ ਸ਼ਿਰਕਤ ਕੀਤੀ। ਇਸ ਸਾਹਿਤਕ ਸਮਾਗਮ ਦੌਰਾਨ ਪ੍ਰਸਿੱਧ ਕਵੀ ਸੀਤਲ ਰਾਮ ਬੰਗਾ ਅਤੇ ਮਨੋਜ ਫਗਵਾੜਵੀ ਨਾਲ ਰੂਬਰੂ ਕਾਰਜਕ੍ਰਮ ਕਰਵਾਇਆ ਗਿਆ, ਜਿਸਨੂੰ ਸਰੋਤਿਆਂ ਵੱਲੋਂ ਖੂਬ ਸਰਾਹਿਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਸਿੱਧ ਕਲਾਸੀਕਲ ਗਾਇਕ ਪੂਰਨ ਸ਼ਾਹ ਕੋਟੀ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ। ਇਸ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਕਵਿਤਾਵਾਂ ਨੇ ਸਮੂਹ ਮਾਹੌਲ ਨੂੰ ਗੰਭੀਰ ਅਤੇ ਭਾਵਪੂਰਨ ਬਣਾ ਦਿੱਤਾ।ਇਸ ਦੌਰਾਨ ਸ਼ਾਮ ਸਰਗੁੰਦੀ ਦਾ ਗੀਤ 'ਗੋਬਿੰਦ ਜੀ ਦੇ ਲਾਲ' ਜੋ ਕਿ ਜਿੰਮੀ ਗੁਰਾਇਆ ਵੱਲੋਂ ਗਾਇਆ ਗਿਆ ਹੈ, ਰਸਮੀ ਤੌਰ 'ਤੇ ਰਿਲੀਜ਼ ਕੀਤਾ ਗਿਆ। ਸੰਸਥਾ ਪ੍ਰਧਾਨ ਰਵਿੰਦਰ ਚੋਟ ਨੇ ਆਪਣੇ 62 ਸਾਲ ਪੁਰਾਣੇ ਮਿੱਤਰ ਸੀਤਲ ਰਾਮ ਬੰਗਾ ਅਤੇ ਮਨੋਜ ਫਗਵਾੜਵੀ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਗਿਆ। ਪ੍ਰਸਿੱਧ ਕਵੀ ਸੀਤਲ ਰਾਮ ਬੰਗਾ ਨੇ ਆਪਣੇ ਸੰਬੋਧਨ ਵਿੱਚ ਆਪਣੇ ਜੀਵਨ ਅਨੁਭਵਾਂ, ਅਧਿਆਪਕਾਂ ਦੀ ਭੂਮਿਕਾ, ਸਾਹਿਤਕ ਯਾਤਰਾ ਅਤੇ ਸਮਾਜਕ ਚੇਤਨਾ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਮਨੋਜ ਫਗਵਾੜਵੀ ਨੇ ਵੀ ਆਪਣੇ ਜੀਵਨ ਸੰਘਰਸ਼ਾਂ ਅਤੇ ਸਾਹਿਤਕ ਅਨੁਭਵਾਂ ਨੂੰ ਕਵਿਤਾ ਰਾਹੀਂ ਦਰਸ਼ਕਾਂ ਨਾਲ ਸਾਂਝਾ ਕੀਤਾ।ਕਵੀ ਦਰਬਾਰ ਵਿੱਚ ਕੈਪਟਨ ਦਵਿੰਦਰ ਸਿੰਘ ਜੱਸਲ, ਇੰਦਰਜੀਤ ਸਿੰਘ ਵਾਸੂ, ਓਮ ਪ੍ਰਕਾਸ਼ ਸੰਦਲ, ਉਰਮਲਜੀਤ ਸਿੰਘ ਵਾਲੀਆ, ਮੋਹਨ ਆਰਟਿਸਟ, ਜਸਵਿੰਦਰ ਫਗਵਾੜਾ, ਬਲਵੀਰ ਕੌਰ, ਬੱਬੂ ਸੈਣੀ, ਜੱਸ ਸਰੋਆ, ਸੁਬੇਗ ਸਿੰਘ ਹੰਜਰਾਅ, ਗੁਰਦੀਪ ਸਿੰਘ ਉਜਾਲਾ, ਅਜੀਤ ਪਾਲ ਸਿੰਘ ਕੋਛੜ, ਕਰਮਜੀਤ ਸਿੰਘ ਸੰਧੂ, ਨਾਨਕ ਚੰਦ ਵਿਰਲੀ, ਹਰਜਿੰਦਰ, ਸ਼ਾਮ ਸਰਗੁੰਦੀ, ਰਵਿੰਦਰ ਸਿੰਘ ਰਾਏ, ਲਵਪ੍ਰੀਤ ਸਿੰਘ ਰਾਏ, ਜਿੰਮੀ ਗੁਰਾਇਆ, ਸੋਹਣ ਸਿੰਘ ਭਿੰਡਰ, ਬਲਦੇਵ ਰਾਜ ਕੋਮਲ, ਜਸਵੰਤ ਸਿੰਘ ਮਜਬੂਰ, ਲਸ਼ਕਰ ਸਿੰਘ ਢੰਡਵਾੜਵੀ ਅਤੇ ਦਿਲਬਹਾਰ ਸ਼ੌਕਤ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਮਾਂ ਬੰਨ੍ਹ ਦਿੱਤਾ।

# ਸ਼ਹੀਦੀ ਦਿਵਸ ਨੂੰ ਸਮਰਪਤ ਲੰਗਰ ਲਗਾਇਆ

**ਮੁਹਾਲੀ (ਗੁਰਜੀਤ ਬਿੱਲਾ)**- ਦਸਮੇਸ਼ ਵੈਲਫੇਅਰ ਕੌਂਸਲ ਮੋਹਾਲੀ ਵਲੋਂ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜਾਦਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਲੰਗਰ ਲਗਾਇਆ ਗਿਆ। ਦਸ਼ਮੇਸ਼ ਵੈਲਫੇਅਰ ਕੌਂਸਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੇ ਪ੍ਰਧਾਨ ਮਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਕੌਂਸਲ ਦੇ ਸਮੂਹ ਮੈਂਬਰਾਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਮਦਨਪੁਰ ਚੌਂਕ ਫੇਜ਼ 3 ਮੋਹਾਲੀ ਵਿਖੇ ਗੁਰੂ ਕਾ ਲੰਗਰ ਲਗਾਇਆ ਗਿਆ। ਸੰਗਤਾਂ ਨੂੰ ਲੰਗਰ ਵਰਤਾਉਣ ਦੀ ਅਰੰਭਤਾ ਬਾਬਾ ਸੁਰਿੰਦਰ ਸਿੰਘ (ਗੁਰਦੁਆਰਾ ਧੰਨਾ ਭਗਤ) ਵੱਲੋਂ ਅਰਦਾਸ ਕਰਨ ਉਪਰੰਤ ਕੀਤੀ ਗਈ। ਸੰਸਥਾ ਦੇ ਪ੍ਰਧਾਨ ਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਲੰਗਰ ਸੇਵਾ ਦੇ ਨਾਲ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਸ਼ੁੱਧਤਾ ਲਈ ਹਰਿਆਵਲ ਵਾਸਤੇ ਬੂਟੇ ਵੀ ਵੰਡੇ ਗਏ। ਲੰਗਰ ਸੇਵਾ ਵਿੱਚ ਸੰਸਥਾ ਦੇ ਮੁੱਖ ਸਲਾਹਕਾਰ ਪ੍ਰਦੀਪ ਸਿੰਘ ਭਾਰਜ, ਕੰਵਰਦੀਪ ਸਿੰਘ ਮਣਕੂ, ਨਰਿੰਦਰ ਸਿੰਘ ਸੰਧੂ, ਬਹਾਦਰ ਸਿੰਘ, ਮੇਜਰ ਸਿੰਘ ਭੁੱਲਰ, ਤਰਸੇਮ ਸਿੰਘ ਖੋਖਰ, ਮਨਫੂਲ, ਭੁਪਿੰਦਰ ਸਿੰਘ ਮਾਨ, ਦਰਸ਼ਨ ਸਿੰਘ, ਹਰਜੀਤ ਸਿੰਘ, ਬੀਬੀ ਰਾਮਦੀਪ ਕੌਰ ਅਤੇ ਸਮੂਹ ਮੈਂਬਰਾਂ ਵੱਲੋ ਕੀਤੀ ਗਈ। ਇਸ ਮੌਕੇ ਰਾਮਗੜ੍ਹੀਆ ਸਭਾ ਮੋਹਾਲੀ ਦੇ ਪ੍ਰਧਾਨ ਸ ਸੂਰਤ ਸਿੰਘ ਕਲਸੀ, ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ, ਰਾਮਗੜ੍ਹੀਆ ਸਭਾ ਮੋਹਲੀ ਦੇ ਸਾਬਕਾ ਪ੍ਰਧਾਨ ਜਸਵੰਤ ਸਿੰਘ ਭੁੱਲਰ, ਨਿਰਮਲ ਸਿੰਘ ਸੱਭਰਵਾਲ, ਕਰਮ ਸਿੰਘ ਬਬਰਾ ਦੇ ਨਾਲ ਪ੍ਰਾਈਵੇਟ ਕੰਸ਼ਟ੍ਰਕਸ਼ਨ ਲੈਬਰ ਕੰਟ੍ਰੈਕਟਰਜ ਐਸੋਸੀਏਸ਼ਨ ਮੋਹਾਲੀ ਦੇ ਪ੍ਰਧਾਨ ਦੀਦਾਰ ਸਿੰਘ ਕਲਸੀ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ (ਸਾਬਕਾ ਲੋਕ ਸਭਾ ਮੈਂਬਰ), ਪਰਵਿੰਦਰ ਸਿੰਘ ਸੋਹਾਣਾ (ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਮੋਹਾਲੀ, ਬੀਬੀ ਪਰਮਜੀਤ ਕੌਰ ਲਾਂਡਰਾਂ (ਐਸ ਜੀ ਪੀ ਸੀ ਮੈਂਬਰ), ਸਿਮਰਨਜੀਤ ਸਿੰਘ ਚੰਦੂਮਾਜਰਾ, ਕੁਲਜੀਤ ਸਿੰਘ ਬੇਦੀ (ਸੀਨੀਅਰ ਡਿਪਟੀ ਮੇਅਰ) ਰਜਿੰਦਰ ਸਿੰਘ ਟੋਹੜਾ (ਮੈਨੇਜਰ ਗੁ. ਅੰਬ ਸਾਹਿਬ), ਜੋਗਿੰਦਰ ਸਿੰਘ ਸੋਂਧੀ (ਪ੍ਰਧਾਨ ਗੁਰਦੁਆਰਾ ਤਾਲਮੇਲ ਕਮੇਟੀ) ਅਤੇ ਹੋਰ ਪਤਵੰਤੇ ਸੱਜਣਾਂ ਵਲੋਂ ਸੇਵਾ ਵਿੱਚ ਯੋਗਦਾਨ ਪਾਇਆ ਗਿਆ। ਉਪਰੋਕਤ ਜਾਣਕਾਰੀ ਕੌਂਸਲ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਨੰਨੜ੍ਹਾ ਵੱਲੋਂ ਦਿੱਤੀ ਗਈ।



## ਅਲਕੋਮੀਟਰ ਨਾਲ ਕੀਤੀ ਵਾਹਨ ਚਾਲਕਾਂ ਦੀ ਚੈਕਿੰਗ

**ਬਲਾਚੌਰ (ਜਸਵਿੰਦਰ ਬੈਂਸ)**- ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਸ਼ਹਿਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਬਲਾਚੌਰ ਪੁਲਸ ਪੂਰੀ ਤਰ੍ਹਾਂ ਹਰਕਤ ਵਿੱਚ ਨਜ਼ਰ ਆ ਰਹੀ ਹੈ।ਐੱਸ ਐੱਸ ਪੀ ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ.ਐਸ.ਪੀ. ਹਿੰਮਤ ਮਲਹੋਤਰਾ ਦੀ ਰਹਿਨੁਮਾਈ ਹੇਠ, ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫ਼ਸਰ ਸਬ ਇੰਸਪੈਕਟਰ ਰਾਮਪਾਲ ਦੀ ਅਗਵਾਈ ਵਿੱਚ ਪੁਲਸ ਟੀਮਾਂ ਵੱਲੋਂ ਸ਼ਹਿਰ ਦੇ ਵੱਖ-ਵੱਖ ਚੌਂਕਾਂ ਅਤੇ ਸੜਕਾਂ 'ਤੇ ਵਿਸ਼ੇਸ਼ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਹੁਲੜਬਾਜ਼ਾਂ ਅਤੇ ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ ?ਇਸ ਮੁਹਿੰਮ ਦੌਰਾਨ ਪੁਲਸ ਵੱਲੋਂ ਆਉਣ-ਜਾਣ ਵਾਲੇ ਵਾਹਨਾਂ ਦੇ



ਦਸਤਾਵੇਜ਼ ਚੈੱਕ ਕੀਤੇ ਗਏ ਅਤੇ ਸ਼ਰਾਰਤੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਗਈ। ਖ਼ਾਸ ਤੌਰ 'ਤੇ ਬੁਲੇਟ ਮੋਟਰਸਾਈਕਲਾਂ ਰਾਹੀਂ ਪਟਾਕੇ ਵਜਾਉਣ ਵਾਲੇ ਨੌਜਵਾਨਾਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ ਕਿ ਜੇਕਰ ਕੋਈ ਹੁੱਲੜਬਾਜ਼ੀ ਕਰਦਾ ਫੜਿਆ ਗਿਆ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ?ਚੈਕਿੰਗ ਦੌਰਾਨ ਪੁਲਿਸ ਵੱਲੋਂ 'ਬ੍ਰੈਥ ਐਨਾਲਾਈਜ਼ਰ' (ਸ਼ਰਾਬ ਚੈੱਕ ਕਰਨ ਵਾਲਾ ਯੰਤਰ) ਦੀ ਵਰਤੋਂ ਕਰਕੇ ਵਾਹਨ ਚਾਲਕਾਂ ਦੇ ਮੂੰਹ ਰਾਹੀਂ ਹਵਾ ਦੇ ਨਮੂਨੇ ਲੈ ਕੇ ਸ਼ਰਾਬ ਦੀ ਮਾਤਰਾ ਦੀ ਜਾਂਚ ਕੀਤੀ।

## 50 ਪਰਵਾਰਾਂ ਨੇ 'ਆਪ' ਦਾ ਫੜਿਆ ਪੱਲਾ

**ਮੋਹਾਲੀ (ਗੁਰਜੀਤ ਬਿੱਲਾ)**- ਸੈਕਟਰ -114 ਅਤੇ ਸੈਕਟਰ 70 ਤੋਂ 50 ਦੇ ਕਰੀਬ ਪਰਵਾਰ ਜਿਹੜੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਵਿੱਚ ਸ਼ਾਮਿਲ ਹੋਏ, ਇਹ ਸਭ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਲੋਕਾਂ ਪ੍ਰਤੀ ਆਮ ਆਦਮੀ ਪਾਰਟੀ ਦੀ ਸੇਵਾ ਭਾਵਨਾ ਨੂੰ ਵੇਖਦੇ ਹੋਏ ਸ਼ਾਮਿਲ ਹੋਏ ਹਨ। ਇਹ ਗੱਲ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਕਹੀ। ਉਹਨਾਂ



ਕਿਹਾ ਕਿ ਸਾਰਿਆਂ ਦਾ ਤਹਿ ਦਿਲੋਂ ਸਵਾਗਤ ਕਰਦਾ ਹਾਂ ਅਤੇ ਨਾਲ ਮੈਂ ਇਹ ਵੀ ਯਕੀਨ ਦਿਵਾਉਂਦਾ ਹਾਂ ਕਿ ਆਮ ਆਦਮੀ ਪਾਰਟੀ ਦੇ ਵਿੱਚ ਆਉਣ ਦੇ ਨਾਲ ਇਹਨਾਂ ਦਾ ਬਕਾਇਦਾ ਤੌਰ ਤੇ ਮਾਣ-ਸਤਿਕਾਰ ਪੂਰਾ ਕਾਇਮ ਰੱਖਿਆ ਜਾਏਗਾ।

# ਜਬਰ-ਜ਼ਨਾਹ ਮਾਮਲੇ ਦੀ ਪੀੜਤਾ ਨੂੰ ਇਨਸਾਫ ਦਿਵਾਉਣ ਲਈ ਰੋਸ ਪ੍ਰਦਰਸ਼ਨ 5 ਨੂੰ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- 2017 ਤੋਂ ਉਨਾਵ ਜ਼ਬਰ -ਜਨਾਹ ਮਾਮਲੇ ਦੀ ਪੀੜਤਾ ਨੂੰ ਇਨਸਾਫ਼ ਦਿਵਾਉਣ ਲਈ ਅਤੇ ਜ਼ਬਰ ਜ਼ਨਾਹ ਮਾਮਲੇ ਦੇ ਮੁੱਖ ਦੋਸ਼ੀ ਕੁਲਦੀਪ ਸਿੰਘ ਸੈਂਗਰ ਦੀ



ਉਮਰ ਕੈਦ ਸਜ਼ਾ ਦਿੱਲੀ ਹਾਈਕੋਰਟ ਵਲੋਂ ਮੁਅੱਤਲ ਕਰਨ ਦੇ ਫ਼ੈਸਲੇ ਦੇ ਵਿਰੋਧ ਵਿੱਚ ਆਵਾਜ਼ ਬੁਲੰਦ ਕਰਨ ਲਈ ਲੋਕ ਹਿਤੈਸ਼ੀ ਕਾਫ਼ਲਾ ਫਗਵਾੜਾ ਦੇ ਆਗੂਆਂ ਸੁਖਦੇਵ ਸਿੰਘ, ਜਸਵਿੰਦਰ ਸਿੰਘ, ਗੋਪਾਲ ਕ੍ਰਿਸ਼ਨ, ਕੁਲਦੀਪ ਸਿੰਘ ਆਦਿ ਨੇ ਰੈਸਟ ਹਾਊਸ ਫ਼ਗਵਾੜਾ ਵਿਖੇ ਮੀਟਿੰਗ ਕਰਕੇ ਉਨਾਵ ਜ਼ਬਰ ਜ਼ਨਾਹ ਮਾਮਲੇ ਦੀ ਪੀੜਤਾ ਨੂੰ ਇਨਸਾਫ ਦਿਵਾਉਣ ਲਈ 5 ਜਨਵਰੀ ਨੂੰ ਠੀਕ 3:30 ਵਜੇ ਹਰਿਗੋਬਿੰਦ ਨਗਰ ਫ਼ਗਵਾੜਾ ਵਿਖੇ ਡਾ.ਬੀ ਆਰ ਅੰਬੇਡਕਰ ਦੇ ਪਾਰਕ ਨੇੜੇ ਇਕੱਠੇ ਹੋ ਕੇ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ। ਆਗੂਆਂ ਨੇ ਉਨਾਵ ਜ਼ਬਰ ਜ਼ਨਾਹ ਮਾਮਲੇ ਦੇ ਮੁੱਖ ਦੋਸ਼ੀ ਅਤੇ ਸਾਬਕਾ ਭਾਜਪਾ ਆਗੂ ਦੀ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਮੁਅੱਤਲ ਕੀਤੀ ਗਈ ਸਜ਼ਾ ਦੇ ਸੰਬੰਧ ਵਿੱਚ ਸੀ ਬੀ ਆਈ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਵੱਲੋਂ ਸੁਣਵਾਈ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਸੁਣਵਾਈ ਕਰ ਰਹੇ ਜੱਜ ਸਾਹਿਬਾਨ ਤੋਂ ਮੰਗ ਵੀ ਕੀਤੀ ਕਿ ਉਨਾਵ ਜ਼ਬਰ ਜ਼ਨਾਹ ਕੇਸ ਦੇ ਮਾਮਲੇ ਦੇ ਕੇਸ ਦੀ ਸੁਣਵਾਈ ਬਿਨਾਂ ਕਿਸੇ ਰਾਜਨੀਤਕ ਦਬਾਅ ਤੋਂ ਕਰਦੇ ਹੋਏ 2017 ਤੋਂ ਜ਼ਬਰ ਜ਼ਨਾਹ ਦੀ ਪੀੜਤਾ ਨੂੰ ਜਲਦੀ ਤੋਂ ਜਲਦੀ ਇਨਸਾਫ਼ ਦੇਣ ਦੀ ਮਿਸਾਲ ਕਾਇਮ ਕਰਦੇ ਹੋਏ ਮੁੱਖ ਦੋਸ਼ੀ ਕੁਲਦੀਪ ਸਿੰਘ ਸੈਂਗਰ ਨੂੰ ਕਾਨੂੰਨ ਦੀਆਂ ਧਾਰਾਵਾਂ ਅਨੁਸਾਰ ਸਜ਼ਾ ਤੁਰੰਤ ਦਿੱਤੀ ਜਾਵੇ।

# ਨੰਬਰਦਾਰ ਯੂਨੀਅਨ ਨੇ ਸਰਬਤ ਦੇ ਭਲੇ ਲਈ ਕੀਤੀ ਅਰਦਾਸ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੰਬਰਦਾਰ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਸਾਲ 2025 ਤੱਕ ਪੰਜਾਬ ਸਰਕਾਰ ਦੇ ਕੰਮ-ਕਾਜ, ਨੰਬਰਦਾਰਾਂ ਪ੍ਰਤੀ ਸਰਕਾਰ ਦੇ ਰਵਈਏ ਅਤੇ ਯੂਨੀਅਨ ਦੇ ਕਾਰਜਾਂ ਦਾ ਲੇਖਾ ਜੋਖਾ ਕਰਨ ਸੰਬੰਧੀ ਹੋਈ। ਇਸ ਮੀਟਿੰਗ ਵਿੱਚ ਸਰਬੰਸਦਾਨੀ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸ਼ਹੀਦ-ਏ-ਆਜ਼ਮ ਊਧਮ ਸਿੰਘ ਨੂੰ ਸ਼ਰਧਾ ਭਾਵ ਨਾਲ ਯਾਦ ਕੀਤਾ ਗਿਆ, ਉਹਨਾਂ ਦੇ ਦਰਸਾਏ ਰਸਤੇ ਅਨੁਸਾਰ ਦਲੇਰੀ ਨਾਲ ਅੱਗੇ ਵੱਧਣ ਦਾ ਪ੍ਰਣ ਲਿਆ। ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ, ਯੂਨੀਅਨ ਦੇ ਡਾਇਰੈਕਟਰ ਗੁਰਮੇਲ ਚੰਦ ਮੱਟੂ ਨੇ ਕਿਹਾ ਕਿ 'ਆਪ' ਨੇ ਆਪਣੇ ਮੈਨੀਫੈਸਟੋ ਵਿੱਚ ਨੰਬਰਦਾਰ ਸਾਹਿਬਾਨਾਂ ਨੂੰ ਮਾਣ ਭੱਤਾ 3000 ਰੁਪਏ ਦੇਣ ਦਾ ਵਾਇਦਾ ਕੀਤਾ ਸੀ ਜਦਕਿ ਨੰਬਰਦਾਰਾਂ ਦੀ ਮੰਗ 5000 ਰੁਪਏ ਦੀ ਸੀ। ਆਗੂਆਂ ਨੇ ਮੰਗ ਕੀਤੀ ਕਿ ਮਹਿੰਗਾਈ ਦੇ ਮੱਦੇਨਜ਼ਰ ਮਾਣਭੱਤਾ ਤੁਰੰਤ ਪ੍ਰਭਾਵ ਨਾਲ 5000 ਰੁਪਏ ਕੀਤਾ ਜਾਵੇ ਅਤੇ ਨੰਬਰਦਾਰੀ ਜੱਦੀ ਪੁਸ਼ਤੀ ਕੀਤੀ ਜਾਵੇ।ਇਸ ਮੌਕੇ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ, ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਆਂਚਲ ਸੰਧੂ ਸੋਖਲ, ਜਸਪ੍ਰੀਤ ਕੌਰ ਸੰਧੂ ਅਤੇ ਸੀਤਾ ਰਾਮ ਸੋਖਲ ਉਚੇਚੇ ਤੌਰ ਤੇ ਸ਼ਾਮਿਲ ਹੋਏ। ਯੂਨੀਅਨ ਦੇ ਜ਼ਿਲ੍ਹਾ ਖਜਾਨਚੀ ਰਾਮ ਦਾਸ ਬਾਲੂ, ਪ੍ਰੈੱਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਪੀ.ਆਰ.ਓ ਜਗਨ ਨਾਥ ਚਾਹਲ, ਮਹਿਲਾ ਨੰਬਰਦਾਰ ਦਲਜੀਤ ਕੌਰ ਜੰਡਿਆਲਾ ਸੰਯੁਕਤ ਸਕੱਤਰ, ਸਲਾਹਕਾਰ ਮਹਿੰਦਰ ਸਿੰਘ ਨਾਹਲ, ਜ਼ੋਨ ਇੰਚਾਰਜ ਜਸਵੰਤ ਸਿੰਘ ਜੰਡਿਆਲਾ ਸਰਕਲ, ਗੁਰਦੇਵ ਸਿੰਘ ਜ਼ੋਨ ਇੰਚਾਰਜ, ਉਮਰਪੁਰ ਕਲਾਂ, ਸਲਾਹਕਾਰ ਦਲਜੀਤ ਸਿੰਘ ਭੱਲੋਵਾਲ, ਜਰਨੈਲ ਸਿੰਘ ਗਦਰਾ, ਆਤਮਾ ਰਾਮ ਭੰਡਾਲ ਬੂਟਾ, ਕਾਰਜਕਾਰੀ ਮੈਂਬਰ ਦਿਲਾਵਰ ਸਿੰਘ ਗੁਮਟਾਲੀ, ਬੱਗੜ ਰਾਮ ਬਿਲਗਾ, ਅਮਰੀਕ ਸਿੰਘ ਧਨੀ ਪਿੰਡ, ਸ਼ਿੰਗਾਰਾ ਸਿੰਘ ਸ਼ਾਦੀਪੁਰ, ਸਰਵਣ ਰਾਮ ਨੱਥੇਵਾਲ, ਜੀਤ ਰਾਮ ਸ਼ਾਮਪੁਰ, ਸੰਤੋਖ ਸਿੰਘ ਬਿਲਗਾ, ਅਜੀਤ ਰਾਮ ਤਲਵਣ, ਹਰਪਾਲ ਸਿੰਘ ਪੁਆਦੜਾ, ਦਲਜੀਤ ਸਿੰਘ ਭੱਲੋਵਾਲ, ਸ਼ਰਨਜੀਤ ਸਿੰਘ ਧਨੀ ਪਿੰਡ, ਜਗੀਰ ਸਿੰਘ ਸੰਗੋਵਾਲ, ਹਰਭਜਨ ਸਿੰਘ ਭੰਡਾਲ ਬੂਟਾ ਤੋਂ ਇਲਾਵਾ ਹੋਰ ਸਾਥੀ ਨੰਬਰਦਾਰ ਸਾਹਿਬਾਨਾਂ ਨੇ ਸਾਲ 2026 ਲਈ ਨੰਬਰਦਾਰ ਸਾਹਿਬਾਨਾਂ, ਨੂਰਮਹਿਲ ਅਤੇ ਪੰਜਾਬ ਲਈ ਦਸਮ ਪਿਤਾ ਪਾਸੋਂ ਚੜ੍ਹਦੀ ਕਲ੍ਹਾ ਲਈ ਆਸ਼ੀਰਵਾਦ ਮੰਗਿਆ ।



## ਖ਼ੂਨਦਾਨ ਕੈਂਪ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋਂ ਵਿਖੇ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਨੌਜਵਾਨ ਸਭਾ ਬੱਡੋ ਸੰਤ ਬਾਬਾ ਪ੍ਰਧਾਨ ਸਿੰਘ ਬੱਡੋਂ ਦੀ ਯਾਦ ਵਿੱਚ ਸਾਲਾਨਾ ਵਿਸ਼ਾਲ ਖ਼ੂਨਦਾਨ ਕੈਂਪ 1 ਜਨਵਰੀ ਨੂੰ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੇਵਾਦਾਰ ਸਰਬਪ੍ਰੀਤ ਸਿੰਘ ਸੋਨੂੰ ਸਾਬਕਾ ਪੰਚ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 1 ਜਨਵਰੀ ਨੂੰ ਸੰਤ ਬਾਬਾ ਪ੍ਰਧਾਨ ਸਿੰਘ ਦੀ ਯਾਦ ਵਿਚ ਵਿਸ਼ਾਲ ਖ਼ੂਨਦਾਨ ਕੈਂਪ ਦਾ ਸਵੇਰੇ 10 ਵਜੇ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਚਨ ਸਿੰਘ ਅਰਦਾਸ ਕਰਨ ਤੋਂ ਉਪਰੰਤ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸਲਾਨਾ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਡਾਕਟਰਾ ਦੀ ਟੀਮ ਪੁੱਜ ਰਹੀ ਹੈ। ਇਸ ਮੌਕੇ ਪ੍ਰਬੰਧਕਾਂ ਨੇ ਸਮੂਹ ਇਲਾਕੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਦੀ ਅਪੀਲ ਕੀਤੀ।

## ਕ੍ਰਿਸਮਸ ਦਾ ਤਿਉਹਾਰ ਮਨਾਇਆ

**ਨਕੋਦਰ (ਮਨਜੀਤ ਮਾਨ)**- ਪਾਸਟਰ ਕੁਲਵੰਤ ਮਸੀਹ ਦੀ ਅਗਵਾਈ ਹੇਠ ਗਰੇਸ ਚਰਚ ਵੈਲਫੇਅਰ ਸੁਸਾਇਟੀ ਪਿੰਡ ਕੋਟਲੀ ਗਾਜਰਾਂ ਸ਼ਾਹਕੋਟ ਵਿਖੇ ਵੱਡੇ ਦਿਨ ਦੇ ਸੰਬੰਧ ਵਿੱਚ ਬੰਦਗੀ ਦਾ ਆਯੋਜਨ ਕੀਤਾ ਗਿਆ। ਪਾਸਟਰ ਕੁਲਵੰਤ ਮਸੀਹ ਨੇ ਬਾਈਬਲ ਵਿੱਚੋਂ ਪ੍ਰਵਚਨ ਕਰਦੇ ਹੋਏ ਦੱਸਿਆ ਕਿ ਯਿਸੂ ਮਸੀਹ ਧਰਤੀ ਉੱਪਰ ਇਸ ਕਰਕੇ ਆਏ ਕਿ ਪਾਪੀ ਇਨਸਾਨ ਨੂੰ ਪਾਪ ਦੀ ਮਾਫ਼ੀ ਦੇ ਕੇ ਪ੍ਰਮੇਸ਼ਵਰ ਦੇ ਨਾਲ ਮਿਲਾ ਸਕੇ। ਬੰਦਗੀ ਦੀ ਸ਼ੁਰੂਆਤ ਵਿੱਚ ਬ੍ਰਦਰ ਬਲਜੀਤ ਸਿੰਘ ਨੇ ਸੰਸਾਰ ਦੀ ਭਲਾਈ ਲਈ ਪ੍ਰਾਰਥਨਾ ਕੀਤੀ। ਸੈਮਪੋਲ ਵਰਸਿਪ ਟੀਮ ਨੇ ਤੇ ਪਾਸਟਰ ਸੁਰਜੀਤ ਸੋਨੂੰ, ਸਟੀਫ਼ਨ ਮਸੀਹ, ਸਿਸਟਰ ਰੇਖਾ, ਕ੍ਰਿਸਟੀਨਾ,ਰਬੀਕਾ,ਮੋਨਾ, ਬਲਜੀਤ ਸਿੰਘ, ਪ੍ਰਵੇਸ਼ ਮਸੀਹ ਜਲੰਧਰ ਨੇ ਪ੍ਰਭੂ ਪ੍ਰਮੇਸ਼ਵਰ ਦੀ ਗੀਤਾਂ ਭਜਨਾਂ ਦੁਆਰਾ ਮਹਿਮਾ ਕੀਤੀ। ਇਸ ਬੰਦਗੀ ਵਿੱਚ



ਪੰਜਾਬ ਕ੍ਰਿਸਚਿਨ ਮੂਵਮੈਂਟ ਯੂਥ ਵਿੰਗ ਦੇ ਪ੍ਰਧਾਨ ਸੁਧੀਰ ਨਾਹਰ ਅਤੇ ਮੌਜੂਦਾ ਸਰਪੰਚ ਫਿਰੋਜ਼ ਬਸਤੀ ਕੋਟਲੀ ਗਾਜਰਾਂ, ਸਰਪੰਚ ਜਸਵਿੰਦਰ ਕੋਟਲੀ ਗਾਜਰਾਂ, ਏ ਐਸ ਆਈ ਜਗਤਾਰ ਸਿੰਘ ਚੌਂਕੀ ਮਲਸੀਆਂ ਨੇ ਸ਼ਿਰਕਤ ਕੀਤੀ ਤੇ ਧੰਨਵਾਦ ਕੀਤਾ। ਗੁਰਪ੍ਰੀਤ ਕੁਮਾਰ ਪਿੰਡ ਢੱਕ ਪੰਡੋਰੀ,ਜੋਨ ਜਰਮਨੀ,ਮੰਗਾ ਭੋਇਪੁਰ, ਜਗਦੀਪ ਜੱਗੀ, ਪਾਸਟਰ ਸਨਦੀਪ ਕਿਲੀ ਵਾਲੇ, ਪਾਸਟਰ ਅਮਰੀਕ ਸਿੰਘ, ਪਾਸਟਰ ਡੈਨੀਅਲ ਕਾਗਣਾਂ, ਪਾਸਟਰ ਡੈਲਵਿਨ ਡੇਵਿਡ, ਬਲਜੀਤ ਬੱਬੂ,ਈਸਾ ਚਰਨ ,ਲੱਕੀ ਜਲੰਧਰ, ਹਾਕਮ ਜਲੰਧਰ,ਸੁੱਖੀ ਜਲੰਧਰ,ਸਾਹਿਲ ਮਲਸੀਆਂ, ਦਾਊਦ, ਸਾਬਕਾ ਮੈਂਬਰ ਪੰਚਾਇਤ ਮੰਗਾ ਕੋਟਲੀ ਆਦਿ ਸ਼ਾਮਿਲ ਹੋਏ।

## ਰਮਨ ਛਾਬੜਾ ਦਾ ਦੇਹਾਂਤ, ਯੂ ਕੇ 'ਚ ਪੁੱਤਰ ਨੂੰ ਗਏ ਸੀ ਮਿਲਣ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**- ਯੂ.ਕੇ 'ਚ ਆਪਣੇ ਪੁੱਤਰ ਨੂੰ ਮਿਲਣ ਗਏ ਲੋਹੀਆਂ ਨਿਵਾਸੀ ਰਮਨ ਛਾਬੜਾ (59) ਨੂੰ ਅਚਾਨਕ ਆਏ ਸ਼ੂਗਰ ਦੇ ਅਟੈਕ ਕਾਰਨ ਉਨ੍ਹਾਂ ਦੀ ਮੌਤ ਹੋ ਜਾਣ ਦੀ ਦੁਖਦਾਈ ਖਬਰ ਪ੍ਰਾਪਤ ਹੋਈ ਹੈ। ਫੁਲਵਾੜੀ ਪਬਲਿਕ ਸਕੂਲ ਲੋਹੀਆਂ



ਦੇ ਸੀਨੀਅਰ ਅਧਿਆਪਕਾ ਤੇ ਉਨ੍ਹਾਂ ਦੇ ਪਤਨੀ ਮੈਡਮ ਇੰਦੂ ਛਾਬੜਾ (ਯੋਗ ਟੀਚਰ) ਜੋ ਉਨ੍ਹਾਂ ਦੇ ਨਾਲ ਹੀ ਇੰਗਲੈਂਡ ਗਏ ਹੋਏ ਹਨ ਤੇ ਦੋਹਾਂ ਨੇ 5 ਜਨਵਰੀ ਨੂੰ ਵਾਪਸ ਭਾਰਤ ਪਰਤਣਾ ਸੀ, ਪਰ ਕੁਦਰਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਯੋਗ ਅਚਾਰੀਆ ਮਾ, ਧਰਮਪਾਲ ਤੇ ਮਾ. ਰਵੀ ਸ਼ੰਕਰ ਸ਼ਰਮਾ ਨੇ ਦੱਸਿਆ ਕਿ ਦੋਵੇਂ ਪਿਛਲੇ 4 ਕੁ ਮਹੀਨਿਆਂ ਤੋਂ ਆਪਣੇ ਪੁੱਤਰ, ਨੂੰਹ ਤੇ ਪੋਤਰੇ ਨੂੰ ਮਿਲਣ ਇੰਗਲੈਂਡ ਗਏ ਸਨ, ਜਿਥੇ ਉਨ੍ਹਾਂ ਦੇ ਘਰ ਇਕ ਪੋਤਰੀ ਨੇ ਵੀ ਜਨਮ ਲਿਆ ਸੀ, ਉਨ੍ਹਾਂ 5 ਜਨਵਰੀ ਨੂੰ ਵਾਪਸ ਪਰਤਣਾ ਸੀ, ਪਰ ਪ੍ਰਮਾਤਮਾ ਦੇ ਇਸ ਭਾਣੇ ਨੇ ਛਾਬੜਾ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰੋਜ਼ਾਨਾ ਦੇ ਯੋਗ ਅਭਿਆਸੀ ਰਮਨ ਛਾਬੜਾ ਦੇ ਚਲਾਣੇ 'ਤੇ ਅਨਮੋਲ ਯੋਗ ਸੰਸਥਾ ਲੋਹੀਆਂ ਖਾਸ, ਪਤੰਜਲੀ ਮਹਿਲਾ ਯੋਗ ਸੰਸਥਾ ਲੋਹੀਆਂ ਖਾਸ, ਫੁਲਵਾੜੀ ਪਬਲਿਕ ਸਕੂਲ ਲੋਹੀਆਂ ਖਾਸ ਸਮੇਤ ਵੱਖ-ਵੱਖ ਸੰਸਥਾਵਾਂ ਤੇ ਸ਼ਖ਼ਸੀਅਤਾਂ ਨੇ ਛਾਬੜਾ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸਰਕਾਰ ਨੰਬਰਦਾਰਾਂ ਨਾਲ ਕੀਤਾ ਵਾਅਦਾ ਤੁਰੰਤ ਪੂਰਾ ਕਰੇ : ਸਮਰਾ

**ਨਕੋਦਰ (ਮਨਜੀਤ ਮਾਨ)**- ਪੰਜਾਬ ਨੰਬਰਦਾਰ ਯੂਨੀਅਨ ਦੇ ਸੂਬਾ ਪ੍ਰਧਾਨ ਸਰਦਾਰ ਗੁਰਪਾਲ ਸਿੰਘ ਸਮਰਾ ਕੁਝ ਮਹੀਨੇ ਪਹਿਲਾਂ ਵਿਦੇਸ਼ ਗਏ ਸੀ ਜੋ ਪਿਛਲੇ ਦਿਨੀਂ ਵਾਪਸ ਪੰਜਾਬ ਪਰਤ ਆਏ ਹਨ ਅਤੇ ਉਨ੍ਹਾਂ ਨੇ ਨੰਬਰਦਾਰਾਂ ਦੀ ਮੰਗਾਂ ਲਾਗੂ ਕਰਵਾਉਣ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਜਿਸ ਦੇ ਤਹਿਤ ਲੁਧਿਆਣਾ ਵਿਖੇ ਸੂਬਾ ਜਨਰਲ ਬਾਡੀ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਕੀਤੀ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਸੂਬਾ ਸਕੱਤਰ ਜਨਰਲ ਰਸ਼ਪਾਲ ਸਿੰਘ ਰਾਮਪੁਰ ਨੇ



ਯੂਨੀਅਨ ਵੱਲੋਂ ਪਿਛਲੇ ਸਮੇਂ ਕੀਤੀਆਂ ਗਤੀਵਿਧੀਆਂ ਤੋਂ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ ਨੂੰ ਜਾਣੂ ਕਰਵਾਇਆ। ਜਿਸ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਸਮਰਾ ਨੇ ਸ਼ਲਾਘਾ ਕੀਤੀ ਅਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੂੰ ਨੰਬਰਦਾਰਾਂ ਦੀਆਂ ਮੰਗਾਂ ਲਾਗੂ ਕਰਨ ਲਈ ਮਜਬੂਰ ਕਰਨ ਦਾ ਹੁਣ ਸਮਾਂ ਆ ਗਿਆ ਹੈ। ਇਸ ਲਈ ਅਸੀਂ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਨੰਬਰਦਾਰ ਸਰਕਾਰ ਲਈ ਇਕ ਕੜੀ ਦਾ ਕੰਮ ਕਰਦੇ ਹਨ ਅਤੇ ਉਨ੍ਹਾਂ ਨਾਲ ਕੀਤਾ ਵਾਅਦਾ ਤਰੁੰਤ ਪੂਰਾ ਕਰਨਾ ਚਾਹੀਦਾ ਹੈ। ਜੇਕਰ ਤਰੁੰਤ ਵਾਅਦਾ ਪੂਰਾ ਨਾ ਕੀਤਾ ਗਿਆ ਤਾਂ ਨੰਬਰਦਾਰ ਯੂਨੀਅਨ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਵੇਗੀ। ਇਸ ਮੌਕੇ ਸੂਬਾ ਚੀਫ ਪੈਟਰਨ ਗੁਰਦਰਸ਼ਨ ਸਿੰਘ ਗਲੌਲੀ, ਸੂਬਾ ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ ਨਨਹੇੜਾ,ਹਰਕੰਵਲ ਸਿੰਘ ਮੁੰਧ ਪ੍ਰਧਾਨ ਜਲੰਧਰ ਦਿਹਾਤੀ, ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ, ਹੁਸ਼ਿਆਰ ਸਿੰਘ ਝੰਡੇਰ, ਭਗਵਾਨ ਸਿੰਘ ਮਾਨਕੀ ਸਾਰੇ ਸੀਨੀਅਰ ਮੀਤ ਪ੍ਰਧਾਨ ਪੰਜਾਬ, ਦਰਸ਼ਨ ਸਿੰਘ ਮਾਲਵਾ ਬਠਿੰਡਾ , ਹਰਪਾਲ ਸਿੰਘ ਪੰਨੂ , ਵਰਿੰਦਰ ਚੌਧਰੀ ਰੋਪੜ,ਬਲਵਿੰਦਰ ਸਿੰਘ ਤਪਾ ਸਾਰੇ ਮੀਤ ਪ੍ਰਧਾਨ ਪੰਜਾਬ, ਚਰਨਜੀਤ ਸਿੰਘ ਕਰਤਾਰਪੁਰ ਮੁੱਖ ਬੁਲਾਰਾ,ਪਿਆਰਾ ਸਿੰਘ ਦਹੇੜਕਾ ਤੋਂ ਇਲਾਵਾ ਲੁਧਿਆਣਾ ਜ਼ਿਲ੍ਹੇ ਦੇ ਹੋਰ ਵੀ ਆਗੂ ਮੌਜੂਦ ਸਨ।

# ਸਕੀਮ ਚੰਗੀ ਹੋਣੀ ਚਾਹੀਦੀ, ਨਾਂਅ 'ਚ ਕੀ ਰੱਖਿਆ : ਚੌਹਾਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੂਰਗਾਪੁਰੀਆ)** ਕੇਂਦਰ ਸਰਕਾਰ ਵੱਲੋ ਪਿਛਲੇ ਕਈ ਸਾਲਾਂ ਤੋਂ ਚਲੀ ਆ ਰਹੀ ਮਨਰੇਗਾ ਸਕੀਮ ਦਾ ਨਾਂਅ ਬਦਲਿਆ ਗਿਆ ਹੈ, ਨਾਂਅ ਬਦਲਣ ਨਾਲ ਕੋਈ ਫਰਕ ਨਹੀਂ ਪੈਂਦਾ ਸਕੀਮ ਲਾਭਦਾਇਕ ਹੋਣੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਨੇ ਕੀਤਾ। ਅਸੀਂ ਰਾਮ ਜੀ ਦੇ



ਖਿਲਾਫ ਨਹੀਂ ਪਰ ਸਰਕਾਰ ਨੇ ਜਿਸ ਢੰਗ ਨਾਲ ਰੋਜ਼ਗਾਰ ਤੇ ਹਮਲਾ ਕੀਤਾ ਹੈ ਉਹ ਸਹਿਣਯੋਗ ਨਹੀਂ। ਕਿਉਂਕਿ ਮਨਰੇਗਾ ਸਕੀਮ ਤਹਿਤ ਘੱਟੋ-ਘੱਟ 100 ਦਿਨਾਂ ਦਾ ਰੋਜ਼ਗਾਰ ਮੁਹੱਈਆ ਕਰਵਾਉਣ ਦਾ ਯਕੀਨ ਦਿਵਾਇਆ ਗਿਆ ਸੀ ਤੇ ਲੋੜ ਅਨੁਸਾਰ ਕੰਮ ਦੇ ਦਿਨਾਂ ਵਿੱਚ 50 ਦਿਨਾਂ ਦਾ ਹੋਰ ਵਾਧਾ ਕੀਤਾ ਜਾ ਸਕਦਾ ਸੀ ਜਿਸ ਨੂੰ ਜੀ-ਰਾਮ-ਜੀ ਸਕੀਮ ਤਹਿਤ ਰੋਜ਼ਗਾਰ ਤਾਂ 125 ਦਿਨਾਂ ਤੱਕ ਤਾ ਮੁਹੱਈਆ ਕਰਵਾਇਆ ਗਿਆ ਹੈ ਪਰ ਲੋੜ ਪੈਣ ਤੇ ਵਾਧਾ ਸਿਰਫ 25 ਦਿਨਾਂ ਤੱਕ ਦਾ ਕੀਤਾ ਜਾ ਸਕਦਾ ਹੈ ।ਇਸ ਦੇ ਨਾਲ ਹੀ ਮਨਰੇਗਾ ਸਕੀਮ ਤਹਿਤ ਗੈਰ ਹੁਨਰਮੰਦ ਲੋਕ ਆਪਣੀ ਰੋਜ਼ੀ ਰੋਟੀ ਕਮਾ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦੇ ਸਨ ਪਰ ਜੀ-ਰਾਮ-ਜੀ ਸਕੀਮ ਤਹਿਤ ਸਿਰਫ ਹੁਨਰਮੰਦ ਲੋਕਾਂ ਨੂੰ ਹੀ ਰੋਜ਼ਗਾਰ/ਕੰਮ ਮਿਲ ਸਕੇਗਾ। ਕੇਂਦਰ ਸਰਕਾਰ ਦੀਆਂ ਇਨ੍ਹਾਂ ਮਜਦੂਰ ਮਾਰੂ ਨੂੰ ਬਹੁਜਨ ਸਮਾਜ ਕਿਸੇ ਵੀ ਕੀਮਤ ਤੇ ਸਹਿਣ ਨਹੀਂ ਕਰੇਗਾ। ਕੇਂਦਰ ਸਰਕਾਰ ਦੀਆਂ ਇਨ੍ਹਾਂ ਗਰੀਬ ਤੇ ਮਜ਼ਦੂਰ ਮਾਰੂ ਨੀਤੀਆਂ ਖਿਲਾਫ ਬਹੁਜਨ ਸਮਾਜ ਪਾਰਟੀ ਨੇ 2 ਜਨਵਰੀ ਨੂੰ ਜਿਲਾ ਪੱਧਰ ਤੇ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ ।

## ਵਿਰਾਸਤੀ ਖੇਡਾਂ ਨੂੰ ਸੰਭਾਲਣਾ ਸਾਡੀ ਸਭਨਾਂ ਦੀ ਨੈਤਿਕ ਜ਼ਿੰਮੇਵਾਰੀ : ਕੁਲਵੰਤ ਸਿੰਘ

**ਮੁਹਾਲੀ (ਗੁਰਜੀਤ ਬਿੱਲਾ)**- ਵਿਧਾਇਕ ਕੁਲਵੰਤ ਸਿੰਘ ਨੇ ਗੁਰਦੁਆਰਾ ਸ੍ਰੀ ਰਤਵਾੜਾ ਸਾਹਿਬ, ਨਿਊ ਚੰਡੀਗੜ੍ਹ (ਮੋਹਾਲੀ) ਵਿਖੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਵੱਲੋਂ ਕਰਵਾਈ ਗਈ 9ਵੀਂ ਨੈਸ਼ਨਲ ਸੀਨੀਅਰ ਗੱਤਕਾ ਚੈਂਪੀਅਨਸ਼ਿਪ-2025 ਵਿੱਚ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਦਿਆਂ ਕਿਹਾ ਕਿ ਵਿਰਾਸਤ ਨਾਲ ਜੁੜੀਆਂ ਖੇਡਾਂ ਨੂੰ ਸੰਭਾਲਣਾ ਅਤੇ ਅੱਗੇ ਵਧਾਉਣਾ ਸਾਡੀ ਸਭਨਾਂ ਦੀ ਨੈਤਿਕ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ



ਗੱਤਕੇ ਵਰਗੀ ਵਿਰਾਸਤੀ ਖੇਡ ਤਾਂ ਹੀ ਜਿਉਂਦੀ ਰਹਿ ਸਕਦੀ ਹੈ ਜਦੋਂ ਸਮਾਜ ਦੇ ਹਰ ਵਰਗ ਵੱਲੋਂ ਇਸਨੂੰ ਦੇਖਣ, ਸਿੱਖਣ ਅਤੇ ਆਯੋਜਨ ਕਰਨ ਲਈ ਮੌਕੇ ਉਪਲਬਧ ਕਰਵਾਏ ਜਾਣ।ਉਨ੍ਹਾਂ ਨੇ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੱਤਕਾ ਚੈਂਪੀਅਨਸ਼ਿਪ, ਜਿਸ ਵਿੱਚ ਦੇਸ਼ ਦੇ 20 ਸੂਬਿਆਂ ਤੋਂ ਗੱਤਕਾ ਖਿਡਾਰੀਆਂ ਨੇ ਭਾਗ ਲਿਆ, ਦੇ ਜੇਤੂਆਂ ਨੂੰ ਇਨਾਮ ਵੀ ਵੰਡੇ।

## ਚੇਅਰਮੈਨ ਢਿੱਲੋਂ ਵੱਲੋਂ ਸੇਵਾ ਸੰਮਤੀ ਦੀ 'ਮੁਫ਼ਤ ਰਸੋਈ' ਦਾ ਦੌਰਾ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਤੇ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਸਰਬ ਭਾਰਤੀ ਸੇਵਾ ਸੰਮਤੀ ਧੂਰੀ ਵੱਲੋਂ ਚਲਾਈ ਜਾ ਰਹੀ 'ਮੁਫ਼ਤ ਰਸੋਈ' ਦਾ ਦੌਰਾ ਕਰਕੇ ਸੰਸਥਾ ਵੱਲੋਂ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਉਨ੍ਹਾਂ ਨਾਲ ਸਾਬਕਾ ਬਲਾਕ ਪ੍ਰਧਾਨ ਅਤੇ ਉੱਪ ਮੀਡੀਆ ਕੋਆਰਡੀਨੇਟਰ ਐਡਵੋਕੇਟ ਹੈਪੀ ਗਰਗ, ਅਨਿਲ ਮਿੱਤਲ ਡਾਇਰੈਕਟਰ ਲਘੂ ਉਦਯੋਗ ਪੰਜਾਬ, ਨਰੇਸ਼ ਸਿੰਗਲਾ ਮੈਂਬਰ ਜ਼ਿਲ੍ਹਾ ਪਲੈਨਿੰਗ ਬੋਰਡ, ਬਲਾਕ ਪ੍ਰਧਾਨ ਸੁਖਪਾਲ ਸਿੰਘ ਪਾਲਾ ਸਮੇਤ ਆਮ ਆਦਮੀ ਪਾਰਟੀ ਦੀ ਸਮੂਹ ਟੀਮ ਵੀ ਮੌਜੂਦ ਰਹੀ।ਸਾਰੇ ਆਗੂਆਂ ਨੇ ਸਿਵਲ ਹਸਪਤਾਲ ਦੇ ਲੰਗਰ ਹਾਲ ਵਿੱਚ ਹਾਜ਼ਰੀ ਲਗਾਈ।ਚੇਅਰਮੈਨ ਢਿੱਲੋਂ ਨੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੇ ਸਾਥੀਆਂ ਲਈ ਤਿੰਨ ਵਕਤ ਦੀ ਮੁਫ਼ਤ ਰੋਟੀ, ਚਾਹ-ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣਾ ਸੱਚੀ ਮਨੁੱਖਤਾ ਦੀ ਸੇਵਾ ਹੈ।ਉਨ੍ਹਾਂ ਸਰਬ ਭਾਰਤੀ ਸੇਵਾ ਸੰਮਤੀ ਦੇ ਸਾਰੇ ਸੇਵਾਦਾਰਾਂ, ਦਾਨੀ ਸੱਜਣਾਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਮਾਜ ਲਈ ਪ੍ਰੇਰਨਾ ਸਰੋਤ ਹਨ।ਇਸ ਦੌਰਾਨ ਸੰਸਥਾ ਦੇ ਪ੍ਰਧਾਨ ਰਾਕੇਸ਼ ਕੁਮਾਰ, ਪ੍ਰਬੰਧਕ ਪਿਆਰ ਚੰਦ ਸੰਖਿਆਣ ਤੇ ਬਿੰਨੀ ਗਰਗ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ।

## ਨਿਸ਼ਕਾਮ ਸੇਵਾ ਮੰਡਲ ਵੱਲੋਂ ਕੇਸਰ ਦੁੱਧ ਦਾ ਲੰਗਰ



**ਨਾਭਾ (ਵਰਿੰਦਰ ਵਰਮਾ)**-ਨਿਸ਼ਕਾਮ ਸੇਵਾ ਮੰਡਲ ਵਰਿੰਦਾਵਨ ਧਾਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਡਿਤ ਅਨੂ ਸ਼ਰਮਾ ਦੀ ਅਗਵਾਈ ਵਿੱਚ ਸ੍ਰੀ ਰਾਧਾ ਗੋਪੀ ਕੁੰਜ ਵਰਿੰਦਾਵਨ ਧਾਮ, ਪਰਿਕਰਮਾ ਮਾਰਗ ਵਿਖੇ ਸੰਤ ਸਮਾਜ ਅਤੇ ਆਉਣ ਜਾਣ ਵਾਲੇ ਮੁਸਾਫ਼ਰਾਂ ਲਈ ਕੇਸਰ ਦੁੱਧ, ਸਬਜ਼ੀ ਪੂਰੀ, ਚਾਵਲ, ਪਕੌੜੇ ਅਤੇ ਜਲੇਬੀ ਦਾ ਵਿਸ਼ਾਲ ਲੰਗਰ ਲਗਾਇਆ ਗਿਆ। ਸੰਸਥਾ ਦੇ ਮੁੱਖ ਸੇਵਾਦਾਰ ਅਨੂ ਸ਼ਰਮਾ ਨੇ ਦੱਸਿਆ ਕਿ ਬੀਤੀ ਦਿਨੀਂ ਸੰਤ ਸਮਾਜ ਨੂੰ ਲੋੜਵੰਦ ਸਮਾਨ ਅਤੇ ਸੈਂਕੜੇ ਬੱਚਿਆਂ ਨੂੰ ਸਟੇਸ਼ਨਰੀ ਜਿਵੇਂ ਜਰਾਬਾਂ, ਕਾਪੀਆਂ, ਬੂਟ, ਟੋਪੀਆਂ, ਕੰਬਲਾਂ ਵੰਡੀਆਂ ਗਈਆਂ। ਇਸ ਮੌਕੇ ਸੰਸਥਾ ਪ੍ਰਧਾਨ ਪ੍ਰਿਆ ਗੋਇਲ, ਸਮਾਜ ਸੇਵੀ ਰਮੇਸ਼ ਤਲਵਾੜ, ਵਰਿੰਦਰ ਵਰਮਾ ਨੇ ਕਿਹਾ ਕਿ ਨਿਸ਼ਕਾਮ ਸੇਵਾ ਮੰਡਲ ਵੱਲੋਂ ਵਰਿੰਦਾਵਨ ਧਾਮ ਚੇਤਨ ਕੁਟੀਆ, ਪਰਿਕਰਮਾ ਮਾਰਗ 'ਤੇ ਰੋਜ਼ਾਨਾ ਸਵੇਰੇ ਲੰਗਰ ਲਗਾਇਆ ਜਾਂਦਾ ਹੈ। ਜਿਸ ਵਿੱਚ ਸੈਂਕੜੇ ਸੰਤ ਮਹਾਤਮਾ ਅਤੇ ਰਾਹਗੀਰ ਲੰਗਰ ਦਾ ਆਨੰਦ ਮਾਣਦੇ ਹਨ। ਇਸ ਮੌਕੇ ਸਮਾਜ ਸੇਵੀ ਐਡਵੋਕੇਟ ਚੰਦਰ ਸ਼ੇਖਰ, ਮਨੂੰ ਸ਼ਰਮਾ, ਐਡਮ ਨੀਲਮ ਸ਼ਰਮਾ, ਟੋਨੀ ਰਾਮਪੁਰਾ ਫੂਲ, ਪਰਮਜੀਤ ਸਿੰਘ ਸ਼ਰਮਾ, ਰਾਜੇਸ਼ ਗੋਸਵਾਮੀ, ਅੰਜਨਾ ਗਰਗ, ਨਵਦੀਪ ਸ਼ਰਮਾ, ਅਨੂ ਸ਼ਰਮਾ, ਰਜਨੀ ਸ਼ਰਮਾ, ਕਰਨ ਤਲਵਾੜ, ਪਲਵੀ ਮੰਗਲਾ ਕਿਨੂ ਸਿੰਗਾਪੁਰ, ਨਰਿੰਦਰ ਕੁਮਾਰ, ਸਤਪਾਲ, ਆਦਿ ਹਾਜ਼ਰ ਸਨ।

## ਸ੍ਰੀ ਦੁਰਗਾ ਮੰਦਰ ਚੋਰੀ ਮਾਮਲੇ 'ਚ ਚੋਰ ਜਲਦੀ ਫੜ ਲਿਆ ਜਾਵੇਗਾ : ਡੀ ਐੱਸ ਪੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨ ਸਥਾਨਕ ਸ਼ਹਿਰ ਦੇ ਕਾਲੇਕੇ ਰੋਡ ਉੱਪਰ ਸਥਿਤ ਸ੍ਰੀ ਦੁਰਗਾ ਮੰਦਰ ਵਿੱਚ ਹੋਈ ਚੋਰੀ ਦੀ ਘਟਨਾ ਸਬੰਧੀ ਡੀ.ਐਸ.ਪੀ ਦਲਵੀਰ ਸਿੰਘ ਸਿੱਧੂ ਅਤੇ ਥਾਣਾ ਮੁਖੀ ਬਾਘਾ ਪੁਰਾਣਾ ਜਤਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੋਰ ਨੂੰ ਕਾਬੂ ਕਰਨ ਲਈ ਪੁਲਿਸ ਵੱਲੋਂ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੰਦਰ ਅਤੇ ਉਸ ਦੇ ਆਸ-ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਬਾਰੀਕੀ ਨਾਲ ਖੰਗਾਲਿਆ ਜਾ ਰਿਹਾ ਹੈ ਅਤੇ ਬਹੁਤ ਜਲਦੀ ਚੋਰ ਪੁਲਿਸ ਦੇ ਅੜਿੱਕੇ ਹੋਵੇਗਾ। ਡੀ ਐਸ ਪੀ ਦਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਬਾਘਾ ਪੁਰਾਣਾ ਪੁਲਿਸ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਲਈ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਆਖਿਆ ਕਿ ਸਰਦੀ ਦੀ ਰੁੱਤ ਹੋਣ ਕਾਰਨ ਰਾਤ ਸਮੇਂ ਅਕਸਰ ਸੰਘਣੀ ਧੁੰਦ ਪੈਂਦੀ ਹੈ, ਜਿਸ ਦਾ ਕੁਝ ਗੈਰ-ਸਮਾਜਿਕ ਤੱਤ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਪੁਲਿਸ ਵੱਲੋਂ ਇਨ੍ਹਾਂ ਦਿਨਾਂ ਵਿੱਚ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕੀਤੇ ਗਏ ਹਨ। ਥਾਣਾ ਮੁਖੀ ਜਤਿੰਦਰ ਸਿੰਘ ਨੇ ਦੱਸਿਆ ਕਿ ਬਾਘਾ ਪੁਰਾਣਾ ਸ਼ਹਿਰ ਅਤੇ ਨੇੜਲੇ ਇਲਾਕਿਆਂ ਵਿੱਚ ਪੁਲਿਸ ਗਸ਼ਤ ਵਧਾ ਦਿੱਤੀ ਗਈ ਹੈ।

## ਮਨਰੇਗਾ ਸਕੀਮ ਬੰਦ ਕਰਨ ਦਾ ਫ਼ੈਸਲਾ ਗਰੀਬ ਵਿਰੋਧੀ: ਨਿਰਮਲ ਭੱਟੀਆਂ




**ਸਨੌਰ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਸੀਨੀਅਰ ਕਾਂਗਰਸੀ ਆਗੂ ਨਿਰਮਲ ਭੱਟੀਆਂ ਨੇ ਮਨਰੇਗਾ ਸਕੀਮ ਨੂੰ ਬੰਦ ਕਰਨ ਦੇ ਫ਼ੈਸਲੇ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨੀਤੀਆਂ ਗਰੀਬ, ਮਜ਼ਦੂਰ ਅਤੇ ਕਿਸਾਨ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਸਕੀਮ ਪਿੰਡਾਂ ਦੇ ਗਰੀਬ ਪਰਿਵਾਰਾਂ ਲਈ ਰੋਜ਼ਗਾਰ ਦਾ ਇੱਕ ਮਜ਼ਬੂਤ ਸਹਾਰਾ ਸੀ, ਜਿਸ ਨਾਲ ਲੋਕਾਂ ਨੂੰ ਘੱਟੋ-ਘੱਟ ਜੀਵਨ ਜੀਣ ਲਈ ਆਰਥਿਕ ਮਦਦ ਮਿਲਦੀ ਰਹੀ। ਨਿਰਮਲ ਭੱਟੀਆਂ ਨੇ ਕਿਹਾ ਕਿ ਅੱਜ ਮਹਿੰਗਾਈ ਆਸਮਾਨ ਛੂਹ ਰਹੀ ਹੈ ਅਤੇ ਰੋਜ਼ਗਾਰ ਦੇ ਮੌਕੇ ਘੱਟ ਹੋ ਰਹੇ ਹਨ। ਅਜਿਹੇ ਹਾਲਾਤ ਵਿੱਚ ਮਨਰੇਗਾ ਵਰਗੀ ਯੋਜਨਾ ਨੂੰ ਖਤਮ ਕਰਨਾ ਬਹੁਤ ਹੀ ਦੁਖਦਾਈ ਅਤੇ ਗੈਰ-ਜ਼ਿੰਮੇਵਾਰਨਾ ਫ਼ੈਸਲਾ ਹੈ।

## ਕੱਚੇ ਇੰਸਟਰਕਟਰਾਂ ਵੱਲੋਂ ਸੂਬਾ ਪੱਧਰੀ ਰੈਲੀ 5 ਨੂੰ



**ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)**-ਪੰਜਾਬ ਦੀਆਂ ਸਰਕਾਰੀ ਆਈ ਟੀ ਆਈ ਵਿੱਚ ਕੰਮ ਕਰਦੇ 700 ਕੱਚੇ ਇੰਸਟਰਕਟਰਾਂ ਨੇ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕਾ ਧੂਰੀ ਵਿੱਚ 05 ਜਨਵਰੀ 2026 ਨੂੰ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਹੈ। ਜੱਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਹਨਾਂ ਨੇ ਤਰਨਤਾਰਨ ਪੱਕੇ ਮੋਰਚੇ ਵਿੱਚ ਫੈਸਲਾ ਕੀਤਾ ਸੀ , ਕਿ ਜੇਕਰ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਵਾਅਦੇ ਅਨੁਸਾਰ ਪੂਰਾ ਨਾ ਕੀਤਾ ਤਾਂ ਉਹ ਮੁੱਖ ਦਫ਼ਤਰ ਤਕਨੀਕੀ ਸਿੱਖਿਆ ਵਿਭਾਗ ਚੰਡੀਗੜ੍ਹ ਵਿਖੇ ਪੱਕਾ ਧਰਨਾ ਲਗਾਉਣਗੇ। ਇਸੇ ਦੇ ਚਲਦਿਆਂ ਜੱਥੇਬੰਦੀ ਨੇ ਮਿਤੀ 22 ਦਸੰਬਰ ਤੋਂ ਸੰਸਥਾਵਾਂ ਦਾ ਕੰਮ (ਟ੍ਰੇਨਿੰਗ ਦਾ ਕੰਮ, ਸਾਰੇ ਪੋਰਟਲਾਂ ਦਾ ਕੰਮ, ਵੈਰੀਫਿਕੇਸ਼ਨਾਂ ਦਾ ਕੰਮ, ਦਫਤਰੀ ਕੰਮ, ਈ ਐਮ ਸੀ ਐਪ ਦਾ ਕੰਮ) ਬਿਲਕੁੱਲ ਬੰਦ ਕਰਕੇ ਮੁੱਖ ਦਫ਼ਤਰ ਤਕਨੀਕੀ ਸਿੱਖਿਆ ਵਿਭਾਗ ਚੰਡੀਗੜ੍ਹ ਵਿਖੇ ਪੱਕਾ ਧਰਨਾ ਸ਼ੁਰੂ ਕੀਤਾ ਹੋਇਆ ਹੈ। ਪ੍ਰੰਤੂ ਅੱਜ ਤੱਕ ਕਿਸੇ ਵੀ ਅਧਿਕਾਰੀ ਨੇ ਗੱਲਬਾਤ ਕਰਨ ਦੀ ਕੋਸ਼ਿਸ਼ ਤੱਕ ਨਹੀਂ ਕੀਤੀ ਜੋ ਕਿ ਬਹੁਤ ਹੀ ਸ਼ਰਮਨਾਕ ਹੈ। ਜਿਸਦੇ ਰੋਹ ਵਜੋਂ ਹੁਣ ਜੱਥੇਬੰਦੀ ਨੇ ਫੈਸਲਾ ਕੀਤਾ ਹੈ, ਕਿ 05 ਜਨਵਰੀ ਨੂੰ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਧੂਰੀ ਵਿੱਚ ਰੋਸ ਰੈਲੀ ਕਰਨ।

## ਜੋਗੀਮਾਜਰਾ ਵਿਖੇ ਕਾਂਗਰਸ ਪਾਰਟੀ ਨੇ 141ਵਾਂ ਸਥਾਪਨਾ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਕਾਂਗਰਸ ਪਾਰਟੀ ਨੇ ਸੰਵਿਧਾਨ ਨੂੰ ਬਚਾਉਣ ਲਈ ਅਤੇ ਅਮਨ ਸ਼ਾਂਤੀ ਬਹਾਲ ਕਰਾਉਣ ਲਈ ਆਪਣੀਆਂ ਜਾਨਾਂ ਦਿੱਤੀਆਂ। ਪ੍ਰਧਾਨ ਗਿੱਲ ਬੇਰਕਲਾ ਕਾਗਰਸ ਪਾਰਟੀ ਨੇ ਬਲਾਕ ਕਾਗਰਸ ਮਲੌਦ ਦੇ ਮੀਤ ਪ੍ਰਧਾਨ ਕ੍ਰਿਸ਼ਨ ਦੇਵ ਜੋਗੀਮਾਜਰਾ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਦਾ 141ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਵਿਸ਼ੇਸ਼ ਤੌਰ 'ਤੇ ਪੁੱਜੇ ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਅੱਜ ਕਾਂਗਰਸ ਪਾਰਟੀ ਦਾ 141ਵਾਂ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ ਕਾਂਗਰਸ ਪਾਰਟੀ ਨੇ ਸੰਵਿਧਾਨ ਨੂੰ ਬਚਾਉਣ ਲਈ ਆਪਣੀ ਆਵਾਜ਼ ਉਠਾਈ ਅਤੇ ਅਮਨ ਸ਼ਾਂਤੀ ਨੂੰ ਬਹਾਲ ਕਰਾਉਣ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ ਜਦੋਂ ਕਿ ਭਾਜਪਾ ਨੇ ਹਮੇਸ਼ਾ ਫਿਰਕੂ ਸੋਚ ਨੂੰ ਅਪਣਾ ਕੇ ਦੇਸ਼ ਵਿੱਚ ਵੰਡੀਆਂ ਪਾਈਆਂ ਅਤੇ ਨਫਰਤ ਦੀ ਰਾਜਨੀਤੀ ਕੀਤੀ ਜਦੋਂਕਿ ਕਾਂਗਰਸ ਪਾਰਟੀ ਨੇ ਪਿਆਰ ਦੀ ਭਾਵਨਾ ਨਾਲ ਰਾਜਨੀਤੀ ਕੀਤੀ। ਕਾਂਗਰਸ ਪਾਰਟੀ ਮਨਰੇਗਾ ਸਕੀਮ ਲੈ ਕੇ ਆਈ ਪਰ ਹੁਣ ਭਾਜਪਾ ਸਰਕਾਰ ਮਨਰੇਗਾ ਸਕੀਮ ਨੂੰ ਬੰਦ ਕਰਨ 'ਤੇ ਤੁਲੀ ਹੋਈ ਹੈ। ਕਾਂਗਰਸ ਪਾਰਟੀ ਕਿਸੇ ਵੀ ਕੀਮਤ 'ਤੇ ਮਨਰੇਗਾ ਨੂੰ ਬੰਦ ਨਹੀਂ ਹੋਣ ਦੇਵੇਗੀ। ਪ੍ਰਧਾਨ ਗਿੱਲ ਬੇਰਕਲਾਂ ਨੇ ਕਾਂਗਰਸ ਪਾਰਟੀ ਦੇ ਸਥਾਪਨਾ ਦਿਵਸ 'ਤੇ ਬੂਥ ਕਮੇਟੀਆਂ ਦੇ ਪ੍ਰਧਾਨਾਂ ਨੂੰ ਵਧਾਈ ਦੇਣ ਸਮੇਂ ਕਿਹਾ ਕਿ ਅੱਜ ਸਾਰੇ ਕਾਂਗਰਸ ਪਾਰਟੀ ਦੇ ਆਗੂ ਅਤੇ ਵਰਕਰ ਇਸ ਗੱਲ ਦਾ ਪ੍ਰਣ ਕਰਨ ਕਿ ਉਹ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਨੂੰ ਹਰ ਇੱਕ ਪਿੰਡ ਵਿੱਚ ਲੈ ਕੇ ਜਾਣਗੇ। ਇਸ ਮੌਕੇ ਜ਼ਿਲਾ ਪ੍ਰੀਸ਼ਦ ਮੈਂਬਰ ਅਵਤਾਰ ਸਿੰਘ ਤਾਰੀ ਅਤੇ ਬਲਾਕ ਕਾਂਗਰਸ ਮਲੌਦ ਦੇ ਮੀਤ ਪ੍ਰਧਾਨ ਕ੍ਰਿਸ਼ਨ ਦੇਵ ਜੋਗੀਮਾਜਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸਭ ਤੋਂ ਵੱਧ ਕੁਰਬਾਨੀਆ ਦੇਸ਼ ਨੂੰ ਬਚਾਉਣ ਲਈ ਦਿੱਤੀਆਂ। ਇਸ ਮੌਕੇ ਬਲਵਿੰਦਰ ਸਿੰਘ ਸੀਹਾ ਦੋਦ ਮੀਤ ਪ੍ਰਧਾਨ, ਨਿਰਮਲ ਸਿੰਘ ਗੋਗਾ ਕੂਹਲੀ ਕਲਾਂ ਬਲਾਕ ਸੰਮਤੀ ਮੈਂਬਰ, ਨਿਰਭੈ ਸਿੰਘ ਸੇਖਾ, ਜਗਰੂਪ ਸਿੰਘ ਫੌਜੀ ਰਾਮਗੜ੍ਹ ਸਰਦਾਰਾਂ, ਜਗਪਾਲ ਸਿੰਘ ਜੱਗੀ ਰਾਮਗੜ੍ਹ ਸਰਦਾਰਾਂ, ਦੀਪਾ ਸਿੰਘ, ਨਿਰਭੈ ਸਿੰਘ ਗਿੱਲ ਬੇਰਕਲਾਂ ਜਨਰਲ ਸਕੱਤਰ, ਮੇਘ ਸਿੰਘ ਬੇਰਕਲਾਂ ਸਕੱਤਰ, ਹਰਵਿੰਦਰ ਸਿੰਘ ਬਿੰਦੀ ਕੂਹਲੀ ਕਲਾਂ ਜਨਰਲ ਸਕੱਤਰ, ਤਰਸੇਮ ਸਿੰਘ ਛੇਮਾ ਕੂਹਲੀ ਖੁਰਦ ਸਕੱਤਰ, ਨਿਰਭੈ ਸਿੰਘ ਸੀਹਾ ਦੋਦ, ਅਜਮੇਰ ਸਿੰਘ ਟਿੰਬਰਵਾਲ, ਜੀਤ ਸਿੰਘ ਟਿੰਬਰਵਾਲ ਸਾਬਕਾ ਸਰਪੰਚ, ਮੱਘਰ ਸਿੰਘ ਜੋਗੀਮਾਜਰਾ, ਮੇਜਰ ਸਿੰਘ ਫੌਜੀ, ਚਰਨ ਸਿੰਘ ਸੂਬੇਦਾਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਮਗਨਰੇਗਾ ਕਾਨੂੰਨ ਖ਼ਤਮ ਕਰਨ ਵਿਰੁੱਧ ਨਰੇਗਾ ਮੁਲਾਜ਼ਮਾਂ ਨੇ ਜ਼ਿਲ੍ਹਾ ਪੱਧਰੀ ਦਿੱਤੇ ਧਰਨੇ



**ਅਜੀਤਵਾਲ (ਲਵਲੀ ਕੁਮਾਰ)**-ਨਰੇਗਾ ਮੁਲਾਜ਼ਮ ਐਕਸ਼ਨ ਪੰਜਾਬ ਵੱਲੋਂ ਕੇਂਦਰ ਵਿੱਚ ਤੀਸਰੀ ਵਾਰ ਸੱਤਾ ਵਿੱਚ ਆਈ ਮੋਦੀ ਸਰਕਾਰ ਵੱਲੋਂ 20 ਸਾਲ ਪੁਰਾਣੇ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 ਦੀ ਥਾਂ ਹੁਣ ਵਿਕਸਤ ਭਾਰਤ ਗਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਣ) ਲਿਆ ਕੇ ਨਰੇਗਾ ਵਿੱਚ ਵੱਡੇ ਬਦਲਾਅ ਕੀਤੇ ਹਨ। ਜਿੱਥੇ ਇਸ ਬਿੱਲ ਦੇ ਲਾਗੂ ਹੋਣ ਨਾਲ ਸੂਬਾ ਸਰਕਾਰਾਂ 'ਤੇ 40% ਹਿੱਸੇਦਾਰੀ ਦਾ ਵਾਧੂ ਬੋਝ ਪੈਣ ਕਾਰਨ ਬਵਾਲ ਮੱਚ ਗਿਆ ਹੈ ਉੱਥੇ 16-17 ਸਾਲਾਂ ਤੋਂ ਨਰੇਗਾ ਸਕੀਮ ਨੂੰ ਜ਼ਮੀਨੀ ਪੱਧਰ ਤੱਕ ਲਾਗੂ ਕਰਨ ਵਾਲੇ ਪੰਜਾਬ ਦੇ ਨਰੇਗਾ ਮੁਲਾਜ਼ਮਾਂ ਦਾ ਭਵਿੱਖ ਖ਼ਤਮ ਹੋਣ ਦੇ ਕਿਨਾਰੇ ਹੈ। ਆਪਣੀ ਨੌਕਰੀ ਨੂੰ ਪੱਕੀ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੇ ਨਰੇਗਾ ਮੁਲਾਜ਼ਮਾਂ ਨੂੰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਹਰ ਵਾਰ ਝੂਠੇ ਲਾਰੇ ਲਗਾਏ ਜਾਂਦੇ ਰਹੇ ਹਨ। ਪਿਛਲੇ ਪੰਦਰਾਂ ਸਾਲਾਂ ਦੌਰਾਨ ਪਿੰਡਾਂ ਦੇ ਲਗਭਗ 80% ਵਿਕਾਸ ਕਾਰਜ ਨਰੇਗਾ ਮੁਲਾਜ਼ਮਾਂ ਵੱਲੋਂ ਕਰਵਾਏ ਗਏ ਹਨ। ਵੋਟਾਂ ਬਣਾਉਣ ਤੋਂ ਲੈ ਕੇ ਪਵਾਉਣ ਅਤੇ ਗਿਣਤੀ ਤੱਕ, ਆਟਾ-ਦਾਲ ਸਕੀਮ ਦੇ ਸਰਵੇ ਵਿੱਚ, ਕਰੋਨਾ ਕਾਲ ਦੌਰਾਨ ਐਮਰਜੈਂਸੀ ਡਿਊਟੀਆਂ, ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਡਿਊਟੀਆਂ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾਉਣ, ਮੇਲਿਆਂ ਵਿੱਚ ਡਿਊਟੀਆਂ ਵਰਗੇ ਨਰੇਗਾ ਤੋਂ ਇਲਾਵਾ ਵਾਧੂ ਕੰਮਾਂ ਵਿੱਚ ਵੀ ਨਰੇਗਾ ਮੁਲਾਜ਼ਮ ਡਿਊਟੀਆਂ ਕਰਦੇ ਰਹੇ ਹਨ। ਹਾਲਾਂਕਿ ਪਿਛਲੀਆਂ ਸਰਕਾਰਾਂ ਅਤੇ ਮੌਜੂਦਾ ਆਪ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਮੁਲਾਜ਼ਮਾਂ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧਿਆਪਕ, ਮੈਰੀਟੋਰੀਅਸ ਸਕੂਲ ਅਧਿਆਪਕ, ਕੌਮੀ ਸਿਹਤ ਮਿਸ਼ਨ ਦੇ ਮੁਲਾਜ਼ਮ, ਮੌਜੂਦਾ ਸਰਕਾਰ ਵੱਲੋਂ ਸਰਵ ਸਿੱਖਿਆ ਅਭਿਆਨ ਤੇ ਰਮਸਾ ਦੇ ਦਫ਼ਤਰੀ ਕਰਮਚਾਰੀ, ਰੂਰਲ ਫਾਰਮਾਸਿਸਟ, ਏ ਆਈ, ਐਸ ਟੀ ਆਰ, ਈ ਜੀ ਐਸ ਵਲੰਟੀਅਰ, ਜੰਗਲਾਤ ਵਿਭਾਗ ਦੇ ਮੁਲਾਜ਼ਮ ਅਤੇ ਹੋਰਨਾਂ ਸਕੀਮਾਂ ਦੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾ ਚੁੱਕਾ ਹੈ। ਪ੍ਰੰਤੂ ਜਦੋਂ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਪੱਕਾ ਕਰਨ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਕੇਂਦਰ ਦੀ ਸਕੀਮ ਦੇ ਮੁਲਾਜ਼ਮ ਆਖ ਕੇ ਅਜੇ ਤੱਕ ਵੀ ਪੱਕਾ ਨਹੀਂ ਕੀਤਾ ਗਿਆ। ਰੁਜ਼ਗਾਰ ਸੰਬੰਧੀ ਨਵਾਂ ਬਿੱਲ ਪਾਸ ਹੋਣ ਨਾਲ ਬਹੁਤ ਥੋੜ੍ਹੀਆਂ ਉਜਰਤਾਂ ਨਾਲ ਆਪਣਾ ਜੀਵਨ ਬਸਰ ਕਰ ਰਹੇ ਨਰੇਗਾ ਮੁਲਾਜ਼ਮਾਂ ਵਿੱਚ ਨਿਰਾਸ਼ਾ ਤੇ ਬੇਚੈਨੀ ਦਾ ਮਾਹੌਲ ਬਣ ਗਿਆ ਹੈ। ਸਮੇਂ-ਸਮੇਂ 'ਤੇ ਪੰਜਾਬ ਸਰਕਾਰ ਵੱਲੋਂ ਕੇਂਦਰੀ ਸਕੀਮਾਂ ਦੇ ਪੱਕੇ ਕੀਤੇ ਮੁਲਾਜ਼ਮਾਂ ਸੰਬੰਧੀ ਨਰੇਗਾ ਮੁਲਾਜ਼ਮਾਂ ਨੂੰ ਤਰਕ ਦਿੱਤਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਸਕੀਮਾਂ ਵਿੱਚ ਸੂਬਾ ਸਰਕਾਰ ਦਾ 40% ਹਿੱਸਾ ਪੈਂਦਾ ਹੈ ਜਦੋਂ ਕਿ ਨਰੇਗਾ ਵਿੱਚ 10% ਹਿੱਸੇਦਾਰੀ ਹੈ ਪ੍ਰੰਤੂ ਹੁਣ ਨਵੇਂ ਬਿੱਲ ਜੀ ਰਾਮ ਜੀ ਰਾਹੀਂ ਸੂਬਾ ਸਰਕਾਰ ਦਾ ਫੈਲਾਇਆ ਇਹ ਭਰਮ ਵੀ ਦੂਰ ਹੋ ਚੁੱਕਾ ਹੈ।ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਕਨਵੀਨਰ ਅਮ੍ਰਿਤਪਾਲ ਸਿੰਘ, ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ, ਲਖਵੀਰ ਸਿੰਘ ਜਗਦੀਪ ਏ. ਪੀ. ਓ ਗੁਰਭੇਜ ਸਿੰਘ, ਕਰਮਜੀਤ ਕੌਰ, ਨੀਤਿਸ਼ ਸ਼ਰਮਾ, ਚੰਦਨ ਸੋਹਲ, ਹਰਮਨਦੀਪ ਸਿੰਘ, ਅਰਸ਼ਦੀਪ ਕੁਮਾਰ, ਕੁਲਦੀਪ ਸਿੰਘ, ਸੁਖਦੇਵ ਸਿੰਘ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਨਵੇਂ ਬਿੱਲ ਦੇ ਵਿਰੋਧ ਵਿੱਚ 30 ਦਸੰਬਰ ਨੂੰ ਵਿਧਾਨ ਸਭਾ ਦਾ ਸਪੈਸ਼ਲ ਇਜਲਾਸ ਬੁਲਾ ਲਿਆ ਗਿਆ ਪਰ ਆਪ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਲਈ ਵੱਡਾ ਯੋਗਦਾਨ ਪਾਉਣ ਵਾਲੇ ਮੁਲਾਜ਼ਮਾਂ ਬਾਰੇ ਸੂਬਾ ਸਰਕਾਰ ਇੱਕ ਸ਼ਬਦ ਵੀ ਨਹੀਂ ਬੋਲ ਰਹੀ। ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਲਿਆਂਦੀ ਪਾਲਿਸੀ ਤਹਿਤ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਪ੍ਰਕਿਰਿਆ ਵੀ ਵਿੱਚ ਵਿਚਾਲੇ ਹੀ ਲਟਕ ਗਈ। ਅੱਜ ਨਰੇਗਾ ਮੁਲਾਜ਼ਮਾਂ ਨੂੰ ਕਈ-ਕਈ ਮਹੀਨੇ ਦਿੱਤੀ ਜਾਣ ਵਾਲੀ ਨਿਗੂਣੀ ਤਨਖ਼ਾਹ ਵੀ ਨਹੀਂ ਮਿਲਦੀ।ਅੱਜ ਵੀ ਤਿੰਨ ਮਹੀਨੇ ਦੀ ਤਨਖ਼ਾਹ ਬਕਾਇਆ ਖੜ੍ਹੀ ਹੈ। ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਨਰੇਗਾ ਲੇਖੇ ਲਾ ਚੁੱਕੇ ਮੁਲਾਜ਼ਮਾਂ ਨੂੰ ਹੁਣ ਕੋਈ ਵੀ ਰਾਹ ਨਹੀਂ ਦਿਸ ਰਿਹਾ। ਇਸ ਮੌਕੇ ਨਰੇਗਾ ਮੁਲਾਜ਼ਮਾਂ ਵੱਲੋਂ ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਬੈਨਰ ਹੇਠ ਵੱਡਾ ਇਕੱਠ ਕਰਕੇ ਡੀ. ਸੀ ਦਫਤਰ ਦਾ ਘਿਰਾਓ ਵੀ ਕੀਤਾ ਗਿਆ ਅਤੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਭਰਾਤਰੀ ਜਥੇਬੰਦੀਆਂ ਤੋਂ ਜਗਸੀਰ ਸਿੰਘ ਖੋਸਾ ਨਰੇਗਾ ਮਜ਼ਦੂਰ ਯੂਨੀਅਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਬੀ. ਕੇ. ਯੂ ਏਕਤਾ ਅਜ਼ਾਦ ਤੋਂ ਰਾਣਾ ਰਣਬੀਰ ਸਿੰਘ, ਲਖਵੀਰ ਸਿੰਘ, ਆਦਿ ਹਾਜ਼ਰ ਸਨ ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਬਾਹਮਣੀਵਾਲਾ 'ਚ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਪਿੰਡ ਬਾਹਮਣੀਵਾਲਾ ਕੀਤੀ ਗਈ। ਪਿੰਡ ਦੇ ਲੋਕ ਕਾਫੀ ਵੱਡੀ ਗਿਣਤੀ 'ਚ ਔਰਤਾਂ ਤੇ ਬੱਚਿਆਂ ਸਮੇਤ ਲੋਕ ਇਕੱਠੇ ਹੋਏ ਤੇ ਆਉਣ ਵਾਲੇ ਬਿਜਲੀ ਐਕਟ 2025 ਅਤੇ ਸੀਡਜ਼ ਬਿੱਲ 2025 ਬਾਰੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੀ ਅਗਵਾਈ ਬਲਜੀਤ ਸਿੰਘ ਬਾਹਮਣੀ ਵਾਲਾ ਜ਼ਿਲ੍ਹਾ ਖ਼ਜ਼ਾਨਚੀ ਨੇ ਕੀਤੀ। ਉਨ੍ਹਾਂ ਦੱਸਿਆ ਕਿ ਸਾਡਾ ਸਰਕਾਰੀ ਅਦਾਰਾ ਪੰਜਾਬ ਰਾਜ ਬਿਜਲੀ ਬੋਰਡ ਹੈ, ਉਸ ਨੂੰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਚਾਹੁੰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਬਿਜਲੀ ਹੋਰ ਮਹਿੰਗੀ ਹੋ ਜਾਵੇਗੀ ਤੇ ਜੋ ਸਾਨੂੰ ਖੇਤੀ ਦੇ ਵਿੱਚ ਸਬਸਿਡੀ ਮਿਲ ਰਹੀ ਹੈ, ਉਹ ਸਾਡੇ ਤੋਂ ਖੋਹਣ ਦੀ ਤਿਆਰੀ ਕਰ ਰਹੀ ਹੈ। ਕਿਸਾਨਾਂ ਨੂੰ ਜੋ ਮੋਟਰਾਂ ਦੇ ਬਿੱਲ ਨਹੀਂ ਆ ਰਹੇ ਹਨ, ਉਹ ਬਿੱਲਾਂ ਲਾਉਣ ਦੀ ਤਿਆਰੀ ਵੀ ਕਰ ਰਹੀ ਹੈ। ਸਰਕਾਰ ਵੱਲੋਂ 100% ਸਮਾਰਟ ਮੀਟਰ ਘਰਾਂ ਵਿੱਚ ਵਾਲੇ ਮੀਟਰ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਬਿੱਲਾਂ ਦੇ ਆਉਣ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਖੋਹਣ ਦੀ ਤਿਆਰੀ ਕੀਤੀ ਜਾ ਰਹੀ, ਉਥੇ ਦੂਜੇ ਪਾਸੇ ਸੀਡਜ਼ ਐਕਟ 2025 ਨੂੰ ਲਿਆ ਕੇ ਸਾਡੇ ਬੀਜਾਂ ਦਾ ਖ਼ਾਤਮਾ ਕੀਤਾ ਜਾ ਰਿਹਾ ਕਿਉਂਕਿ ਸਰਕਾਰ ਚਾਹੁੰਦੀ ਹੈ ਕਿ ਬੀਜਾਂ ਦਾ ਕਾਰੋਬਾਰ ਦੋ-ਚਾਰ ਕੰਪਨੀਆਂ ਨੂੰ ਦੇ ਕੇ ਉਨ੍ਹਾਂ ਕੋਲੋਂ ਹੀ ਕਿਸਾਨਾਂ ਨੂੰ ਵੀ ਮੁਹੱਈਆ ਕਰਾਇਆ ਜਾਏਗਾ, ਉਹ ਕੰਪਨੀਆਂ ਬੀਜਾਂ ਨੂੰ ਮਹਿੰਗੇ ਮੁੱਲ ਤੇ ਦੇਣਗੀਆਂ, ਸੋ ਇਨ੍ਹਾਂ ਦੋਹਾਂ ਬਿੱਲਾਂ ਨੂੰ ਰੱਦ ਕਰਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਸੰਯੁਕਤ ਕਿਸਾਨ ਮੋਰਚਾ ਆਉਣ ਵਾਲੇ ਦਿਨਾਂ ਦੇ ਵਿੱਚ ਵੱਡੇ ਸੰਘਰਸ਼ਾਂ ਦੀ ਤਿਆਰੀ ਕਰ ਰਿਹਾ ਹੈ।

## ਹਲਕੇ ਦੇ ਵਿਕਾਸ ਲਈ ਹਡਾਣਾ ਨੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨਾਲ ਕੀਤੀ ਵਿਸ਼ੇਸ਼ ਮੁਲਾਕਾਤ



**ਸਨੌਰ (ਰਜਿੰਦਰ ਥਿੰਦ)**-ਹਲਕੇ ਸਨੌਰ ਦੇ ਵਿਕਾਸ ਵਿੱਚ ਹੋਰ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਹਲਕਾ ਇੰਚਾਰਜ ਸਨੌਰ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਸਿੰਘ ਹਡਾਣਾ ਵੱਲੋਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਦੌਰਾਨ ਹਲਕੇ ਨਾਲ ਜੁੜੇ ਅਹਿਮ ਵਿਕਾਸੀ ਮੁੱਦਿਆਂ 'ਤੇ ਚਰਚਾ ਹੋਈ ਅਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਮੰਗ ਪੱਤਰ ਵੀ ਪੇਸ਼ ਕੀਤਾ ਗਿਆ।ਮੁਲਾਕਾਤ ਉਪਰੰਤ ਹਡਾਣਾ ਨੇ ਕਿਹਾ ਕਿ ਮੁਲਾਕਾਤ ਦੌਰਾਨ ਘੜਾਮ ਅਤੇ ਸ਼ੇਖਪੁਰਾ ਮਾਈਨਰ (ਸੂਏ) ਜਲਦ ਪੱਕੇ ਕੀਤੇ ਜਾਣ ਲਈ ਸਰਕਾਰ ਵਲੋਂ ਕੀਤੀ ਜਾ ਰਹੀ ਕਾਰਵਾਈ ਲਈ ਕੈਬਨਿਟ ਮੰਤਰੀ ਬਰਿੰਦਰ ਗੋਇਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਹਡਾਣਾ ਨੇ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਦੇ ਕਿਸਾਨਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ। ਇਸ ਨਾਲ ਕਿਸਾਨਾਂ ਨੂੰ ਖੇਤਾਂ ਵਿੱਚ ਸਿੰਚਾਈ ਲਈ ਨਹਿਰੀ ਪਾਣੀ ਦੀ ਸੁਚੱਜੀ ਸਹੂਲਤ ਮਿਲੇਗੀ, ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ ਤੇ ਬਿਜਲੀ ਦੀ ਵੀ ਵੱਡੀ ਬੱਚਤ ਹੋਵੇਗੀ। ਹਡਾਣਾ ਨੇ ਦੱਸਿਆ ਕਿ ਸਰਕਾਰ ਵੱਲੋਂ ਹਲਕੇ ਅੰਦਰ ਸੂਇਆਂ ਨੂੰ ਵੀ ਪੱਕੇ ਕਰਨ ਦਾ ਕੰਮ ਤੇਜ਼ੀ ਨਾਲ ਜਾਰੀ ਹੈ ਅਤੇ ਸੁਧਾਰ ਦੇ ਕੰਮ ਵੀ ਜਲਦ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੱਚੇ ਸੂਇਆਂ ਕਾਰਨ ਕਿਸਾਨਾਂ ਨੂੰ ਖੇਤਾਂ ਵਿੱਚ ਪਾਣੀ ਪਹੁੰਚਾਉਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ ਅਤੇ ਬਰਸਾਤ ਦੇ ਮੌਸਮ ਵਿੱਚ ਪਾਣੀ ਭਰ ਜਾਣ ਨਾਲ ਫ਼ਸਲਾਂ ਨੂੰ ਨੁਕਸਾਨ ਹੁੰਦਾ ਹੈ। ਇਸ ਲਈ ਸੂਇਆਂ ਨੂੰ ਵੀ ਪੱਕਾ ਕਰਨ ਅਤੇ ਨਿਯਮਤ ਸਫ਼ਾਈ ਕਰਵਾਉਣ ਲਈ ਵੀ ਅਹਿਮ ਮੰਗ ਰੱਖੀ ਗਈ। ਹਡਾਣਾ ਨੇ ਕਿਹਾ ਕਿ ਕਿਸਾਨਾਂ ਦੀ ਆਰਥਿਕ ਮਜ਼ਬੂਤੀ ਲਈ ਨਿਯਮਤ ਅਤੇ ਪੂਰਾ ਪਾਣੀ ਮਿਲਣਾ ਬਹੁਤ ਜ਼ਰੂਰੀ ਹੈ।ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਹਡਾਣਾ ਨੂੰ ਭਰੋਸਾ ਦਿਵਾਇਆ ਕਿ ਹਲਕੇ ਸਨੌਰ ਦੇ ਵਿਕਾਸ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਠਾਏ ਗਏ ਸਾਰੇ ਮਸਲਿਆਂ 'ਤੇ ਜਲਦ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਧਰਮਕੋਟ ਦੀ ਮੀਟਿੰਗ




**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਧਰਮਕੋਟ ਦੀ ਅਹਿਮ ਮੀਟਿੰਗ ਮੋਗਾ ਦੀ ਦਾਣਾ ਮੰਡੀ ਵਿਖੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਹਲਕਾ ਧਰਮਕੋਟ ਦੇ ਸਾਰੇ ਸਰਕਲ ਪ੍ਰਧਾਨ ਪ੍ਰਭਜੀਤ ਸਿੰਘ ਗਿੱਲ ਜਸਵਿੰਦਰ ਸਿੰਘ ਕੁੱਕੀ ਪਰਮਜੀਤ ਸਿੰਘ ਵਿਰਕ ਗੁਰਮੀਤ ਸਿੰਘ ਗਗੜਾ ਨਿਸ਼ਾਨ ਸਿੰਘ ਮੂਸੇਵਾਲਾ ਗੁਰਮੇਲ ਸਿੰਘ ਸਿੱਧੂ, ਚਰਨਜੀਤ ਸਿੰਘ ਮੂਸੇਵਾਲਾ, ਜਸਵੀਰ ਸਿੰਘ ਖੋਸਾ ਰਧੀਰ, ਅਮਰਜੀਤ ਸਿੰਘ ਖਾਲਸਾ ਬੁੱਘੀਪੁਰਾ ਤੇ ਬਲਜੀਤ ਸਿੰਘ ਕੰਗ ਤੇ ਜ਼ਿਲ੍ਹਾ ਲੀਡਰਸ਼ਿੱਪ ਵੱਲੋਂ ਜੱਥੇਦਾਰ ਤੀਰਥ ਸਿੰਘ ਮਾਹਲਾ, ਰਾਜਵਿੰਦਰ ਸਿੰਘ ਧਰਮਕੋਟ, ਖਣਮੁੱਖ ਭਾਰਤੀ ਪੱਤੋ, ਸੰਜੀਤ ਸਿੰਘ ਸਨੀ ਗਿੱਲ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ ਤੋਂ ਇਲਾਵਾ ਯੂਥ ਆਗੂ ਚਰਨਜੀਤ ਸਿੰਘ ਤਲਵੰਡੀ ਭੰਗੇਰੀਆਂ, ਗੁਰਦੇਵ ਸਿੰਘ ਸਿੱਧੂ ਤਲਵੰਡੀ ਭੰਗੇਰੀਆਂ ਨੱਥਾ ਸਿੰਘ ਤਲਵੰਡੀ ਭੰਗੇਰੀਆਂ ਗੁਰਜੰਟ ਸਿੰਘ ਤਲਵੰਡੀ ਭੰਗੇਰੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ, ਜਿਨ੍ਹਾਂ ਨਾਲ ਹਲਕਾ ਧਰਮਕੋਟ ਦੇ ਪਾਰਟੀ ਮੁੱਦਿਆਂ 'ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ।ਉਪਰੰਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਨਿਹਾਲ ਸਿੰਘ ਭੁੱਲਰ ਨੇ ਕਿਹਾ ਲੰਘੀਆਂ ਚੋਣਾਂ ਦੇ ਦੌਰਾਨ ਵਿਰੋਧੀ ਪਾਰਟੀਆਂ ਤੇ ਮੌਜੂਦਾ ਸੱਤਾਧਾਰੀ ਪਾਰਟੀ ਨਾਲ ਗਹਿ ਗੱਚ ਚੋਣ ਲੜਾਈ ਦੇ ਬਾਵਜੂਦ ਜ਼ਿਲ੍ਹੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਰਾਂ ਨੂੰ ਵੱਡੀ ਗਿਣਤੀ ਵਿੱਚ ਵੋਟਾਂ ਦਾ ਮਿਲਣਾ ਸ਼੍ਰੋਮਣੀ ਅਕਾਲੀ ਦਲ ਲਈ ਇੱਕ ਬਹੁਤ ਵੱਡਾ ਸ਼ੁਭ ਸੰਕੇਤ ਹੈ ਤੇ ਅੱਜ ਦੀ ਇਹ ਰੈਲੀ ਰੂਪੀ ਮੀਟਿੰਗ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ ਤੇ 2027 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਨਣਾ ਲੱਗਭੱਗ ਤੈਅ ਹੈ ਕਿਉਂਕਿ ਲੋਕ ਬਦਲਾਅ ਦੇ ਨਾਂ ਤੇ ਠੱਗੇ ਠੱਗੇ ਮਹਿਸੂਸ ਕਰ ਰਹੇ ਹੱਨ ਹੁਣ ਭਾਵੇਂ ਲੋਕ ਖੁੱਲ ਕੇ ਨਹੀਂ ਬੋਲ ਰਹੇ ਪਰ ਚੋਣਾਂ ਦੇ ਐਨ ਨੇੜੇ ਹਵਾ ਦਾ ਰੁੱਖ ਸ਼੍ਰੋਮਣੀ ਅਕਾਲੀ ਦਲ ਵੱਲ ਨੂੰ ਹੋ ਜਾਵੇਗਾ।ਉਪਰੰਤ ਪੱਤਰਕਾਰਾਂ ਦੇ ਸੁਆਲਾਂ ਦੇ ਜੁਆਬ ਦਿੰਦਿਆਂ ਨਿਹਾਲ ਸਿੰਘ ਭੁੱਲਰ ਨੇ ਸਾਫ ਕੀਤਾ ਕਿ ਹਲਕਾ ਧਰਮਕੋਟ ਦੀ ਵਾਗਡੋਰ ਹੋਰ ਪਾਰਟੀਆਂ ਵਿੱਚੋਂ ਆਏ ਆਗੂਆਂ ਜਾਂ ਪਾਰਟੀ ਛੱਡ ਚੁੱਕੇ ਇੱਕ ਵੱਡੇ ਲੀਡਰ ਦਾ ਨਾਂ ਭਾਵੇਂ ਉਨ੍ਹਾਂ ਨਹੀਂ ਲਿਆ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਸ ਨੂੰ ਤਾਂ ਹਲਕੇ ਧਰਮਕੋਟ ਦੀ ਵਾਗਡੋਰ ਬਿੱਲਕੁਲ ਹੀ ਨਹੀਂ ਸੰਭਾਲਣ ਦਿੱਤੀ ਜਾਵੇਗੀ, ਜੋ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਸਾਰੇ ਲਾਭ ਲੈ ਕੇ ਤੇ ਔਖੇ ਸਮੇਂ ਵਿੱਚ ਪਾਰਟੀ ਦਾ ਸਾਥ ਛੱਡ ਕੇ ਚਲੇ ਗਏ।ਆਉਂਦੇ ਸਮੇਂ ਵਿੱਚ ਹੋਣ ਵਾਲੀਆਂ ਪਾਰਟੀ ਦੀਆਂ ਮੀਟਿੰਗਾਂ ਬਾਰੇ ਉਨ੍ਹਾਂ ਦੱਸਿਆ ਇਹ ਮੀਟਗਾਂ ਜ਼ਿਲ੍ਹੇ ਦੇ ਸਰੇ ਬਲਾਕਾਂ ਦੇ ਅੰਦਰ ਹੀ ਹੋਇਆ ਕਰਨਗੀਆਂ।

## ਦਿਗਵਿਜੈ ਕਪਿਲ ਨੇ ਵਿਜੀਲੈਂਸ ਬਿਊਰੋ ਦਾ ਵਾਧੂ ਚਾਰਜ ਸੰਭਾਲਿਆ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨਿਕ ਫੇਰਬਦਲ ਅਤੇ ਵਿਜੀਲੈਂਸ ਸੇਵਾਵਾਂ ਵਿੱਚ ਹੋਰ ਪਾਰਦਰਸ਼ਤਾ ਲਿਆਉਣ ਦੇ ਮਕਸਦ ਨਾਲ ਬਠਿੰਡਾ ਰੇਂਜ ਦੇ ਐੱਸ.ਐੱਸ.ਪੀ. ਸ੍ਰੀ ਦਿਗਵਿਜੈ ਕਪਿਲ ਨੂੰ ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਰੇਂਜ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਜਾਵੇਗੀ।ਜ਼ਿਕਰਯੋਗ ਹੈ ਕਿ ਸ੍ਰੀ ਦਿਗਵਿਜੈ ਕਪਿਲ ਪੰਜਾਬ ਪੁਲਿਸ ਦੇ ਇੱਕ ਕਾਬਲ ਅਤੇ ਇਮਾਨਦਾਰ ਅਧਿਕਾਰੀ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਬਦਲੇ ਉਨ੍ਹਾਂ ਨੂੰ ਸਾਲ 2023 ਵਿੱਚ ਰਾਸ਼ਟਰਪਤੀ ਪੁਲਿਸ ਮੈਡਲ ਅਤੇ ਸਾਲ 2024 ਵਿੱਚ ਸ਼ਾਨਦਾਰ ਡਿਊਟੀ ਨਿਭਾਉਣ ਲਈ ਮੁੱਖ ਮੰਤਰੀ ਮੈਡਲ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਸਿਹਤ ਕ੍ਰਾਂਤੀ ਦੇ ਨਾਂਅ ਹੇਠ ਲੋਕਾਂ ਨਾਲ ਧੋਖਾ : ਆਗੂ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਹਸਪਤਾਲ ਲਹਿਰਾ ਮੁਹੱਬਤ ਵਿਖੇ ਵੱਖ ਵੱਖ ਜਥੇਬੰਦੀਆਂ, ਨਗਰ ਪੰਚਾਇਤ ਦੇ ਨੁਮਾਇੰਦਿਆਂ ਅਤੇ ਨਗਰ ਨਿਵਾਸੀਆਂ ਦਾ ਭਰਵਾਂ ਇਕੱਠ ਹੋਇਆ। ਇਕੱਠ ਵਿੱਚ ਇਨਕਲਾਬੀ ਕੇਂਦਰ ਦੇ ਆਗੂ ਜਗਜੀਤ ਸਿੰਘ ਲਹਿਰਾ, ਕਿਸਾਨ ਜਥੇਬੰਦੀ ਡਕੌਂਦਾ ਦੇ ਸੁਖਚਰਨ ਸਿੰਘ, ਜਗਰਾਜ ਸਿੰਘ, ਸਿੱਧੂਪੁਰ ਦੇ ਗੁਰਮੇਲ ਸਿੰਘ ਤੇ ਹਰਮੇਲ ਸਿੰਘ, ਨਗਰ ਪੰਚਾਇਤ ਦੇ ਪ੍ਰਧਾਨ ਬਲਵੀਰ ਸਿੰਘ, ਮੀਤ ਪ੍ਰਧਾਨ ਬਲਜਿੰਦਰ ਸਿੰਘ , ਗੁਰਸੇਵਕ ਸਿੰਘ, ਆਪ ਆਗੂ ਗੁਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇਕਾਈ ਪ੍ਰਧਾਨ ਦਲਜੀਤ ਸਿੰਘ ਸਮੇਤ ਹੋਰ ਆਗੂ ਤੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋਏ। ਆਗੂਆਂ ਨੇ ਕਿਹਾ ਕਿ ਪਿੰਡ ਲਹਿਰਾ ਮੁਹੱਬਤ ਵਿਖੇ 25-30 ਸਾਲਾਂ ਤੋਂ ਮੁਢਲਾ ਸਿਹਤ ਕੇਂਦਰ ਚੱਲ ਰਿਹਾ ਸੀ।

ਆਮ ਲੋਕਾਂ ਨੂੰ 24 ਘੰਟੇ ਸਿਹਤ ਸੇਵਾਵਾਂ ਅਤੇ ਜਣੇਪੇ ਦੀਆਂ ਸੇਵਾਵਾਂ ਮਿਲ ਰਹੀਆਂ ਸਨ। ਪਿੰਡ ਲਹਿਰਾ ਮੁਹੱਬਤ ਵਿਖੇ ਪਿੰਡ ਬਾਠ, ਲਹਿਰਾ ਧੂਰਕੋਟ, ਲਹਿਰਾ ਸੌਂਧਾ ਅਤੇ ਹੋਰ ਨੇੜਲੇ ਪਿੰਡਾਂ ਦੇ ਜਣੇਪੇ ਹੁੰਦੇ ਸਨ। ਜੱਚਾ ਬੱਚਾ ਦੀ ਸਿਹਤ ਸਬੰਧੀ ਮੁੱਢਲੀਆਂ ਸੇਵਾਵਾਂ ਸ਼ਹਿਰ ਤੋਂ ਪਹਿਲਾਂ ਇੱਥੇ ਮਿਲਦੀਆਂ ਸਨ। ਪਰੰਤੂ ਪੰਜਾਬ ਸਰਕਾਰ ਨੇ ਸਿਹਤ ਕ੍ਰਾਂਤੀ ਦੇ ਨਾਮ ਹੇਠ ਆਮ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। 26 ਜਨਵਰੀ 2023 ਨੂੰ ਪੰਜਾਬ ਸਰਕਾਰ ਵੱਲੋਂ ਬਿਨਾਂ ਮੰਗਿਆਂ ਲੋਕਾਂ ਉੱਪਰ ਧੱਕੇ ਨਾਲ 'ਆਮ ਆਦਮੀ ਕਲੀਨਿੰਗ' ਥੋਪ ਦਿੱਤਾ ਗਿਆ। ਪਹਿਲਾਂ ਤੋਂ ਚੱਲ ਰਹੇ ਮੁੱਢਲਾ ਸਿਹਤ ਕੇਂਦਰ ਵਿੱਚੋਂ ਮੈਡੀਕਲ ਅਫਸਰ ਸਮੇਤ ਸਾਰਾ ਸਟਾਫ ਬਦਲ ਦਿੱਤਾ ਗਿਆ, ਜਿਸ ਕਾਰਨ ਲੋਕਾਂ ਨੂੰ ਹੁਣ ਸਿਹਤ ਸੇਵਾਵਾਂ ਲਈ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਇਕੱਠ ਵਿੱਚ ਸਥਾਨਕ ਬੱਸ ਅੱਡੇ 'ਤੇ ਸਰਕਾਰੀ ਬੱਸਾਂ ਨਾ ਰੋਕੇ ਜਾਣ ਦਾ ਮਸਲਾ ਵੀ ਵਿਚਾਰਿਆ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਨਗਰ ਪੰਚਾਇਤ ਵੱਲੋਂ ਇਨ੍ਹਾਂ ਮਸਲਿਆਂ ਦੇ ਹੱਲ ਕਰਾਉਣ ਲਈ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮੰਗ ਪੱਤਰ ਦਿੱਤਾ ਜਾਵੇਗਾ ਅਤੇ ਹਲਕਾ ਵਿਧਾਇਕ ਨੂੰ ਵੀ ਵੱਡਾ ਵਫਦ ਲੈ ਕੇ ਮਿਲਿਆ ਜਾਵੇਗਾ।

# ਜੀ ਰਾਮ ਜੀ ਕਾਨੂੰਨ ਰਾਜਾਂ ਦੇ ਹੱਕਾਂ ਤੇ ਗ੍ਰਾਮ ਸਭਾਵਾਂ ਦੇ ਹੱਕਾਂ 'ਤੇ ਹਮਲਾ : ਡੀ ਐੱਮ ਐੱਫ



**ਨਾਭਾ (ਵਰਿੰਦਰ ਵਰਮਾ)**-ਡੈਮੋਕ੍ਰੇਟਿਕ ਮਨਰੇਗਾ ਫਰੰਟ ਪੰਜਾਬ ਦੀ ਬਲਾਕ ਕਮੇਟੀ ਵੱਲੋਂ ਐਸਡੀਐਮ ਦੇ ਦਫਤਰ ਅੱਗੇ ਮਨਰੇਗਾ ਖਤਮ ਕਰਕੇ ਵੀਬੀ ਜੀ ਰਾਮ ਜੀ ਕਾਨੂੰਨ ਬਣਾਉਣ ਤੇ ਮੋਦੀ ਦੀ ਕੇਂਦਰ ਸਰਕਾਰ ਖਿਲਾਫ ਜੋਰਦਾਰ ਪ੍ਰਦਰਸ਼ਨ ਕੀਤਾ ਗਿਆ।ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਡੀਐਮਐਫ ਪੰਜਾਬ ਦੇ ਸੂਬਾ ਪ੍ਰਧਾਨ ਰਾਜਕੁਮਾਰ ਸਿੰਘ ਕਨਸੂਹਾ, ਆਈਡੀਪੀ ਦੇ ਆਗੂ ਦਰਸ਼ਨ ਸਿੰਘ ਧਨੇਠਾ, ਗੁਰਮੀਤ ਸਿੰਘ ਥੂਹੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਵੀ ਬੀ ਜੀ ਰਾਮ ਜੀ ਬਣਾ ਕੇ ਗਰੀਬ ਲੋਕਾਂ ਦੇ ਰਿਜ਼ਕ ਉਪਰ ਵੱਡਾ ਹਮਲਾ ਕੀਤਾ ਹੈ।ਪਹਿਲਾਂ ਹੀ ਰਾਜਾਂ ਦੇ ਅਧਿਕਾਰਾਂ ਨੂੰ ਖੋਹ ਰਹੀ ਮੋਦੀ ਸਰਕਾਰ ਨੇ ਨਵੇਂ ਕਾਨੂੰਨ ਵਿੱਚ ਰਾਜਾਂ ਦਾ ਹਿੱਸਾ 10% ਤੋਂ ਵਧਾ ਕੇ 40 ਪ੍ਰਤੀਸ਼ਤ ਕਰਕੇ ਫੈਡਰਲਿਜ਼ਮ ਨੂੰ ਵੱਡੀ ਸੱਟ ਮਾਰੀ ਹੈ ਤੇ ਗ੍ਰਾਮ ਸਭਾਵਾਂ ਦੇ ਹੱਕਾਂ ਨੂੰ ਖੋਹ ਕੇ ਲੋਕਤੰਤਰ ਦਾ ਵੱਡਾ ਘਾਣ ਕਰ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਕਿਵੇਂ ਸਰਕਾਰ ਨੇ ਰਾਮ ਦੇ ਨਾਂਅ 'ਤੇ 125 ਦਿਨਾਂ ਦਾ ਜੁਮਲਾ ਖੇਡ ਕੇ ਮਨਰੇਗਾ ਰੱਦ ਕਰ ਦਿੱਤੀ ਤੇ ਇੱਕ ਨਵਾਂ ਹੀ ਕਾਨੂੰਨ ਲਿਆਂਦਾ ਜਿਹੜਾ ਕਿ ਨਾ ਮਜ਼ਦੂਰ ਦੇ ਕੰਮ ਦਾ ਹੈ ਨਾ ਪਿੰਡ ਦੇ ਕੰਮ ਦਾ ਹੈ ਅਤੇ ਨਾ ਹੀ ਸੂਬੇ ਦੇ ਕੰਮ ਦਾ।ਡੀਐਮਐਫ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਕੁਲਵੰਤ ਕੌਰ ਥੂਹੀ, ਸੁਨੀਤਾ ਰਾਣੀ ਕੈਦੂਪੁਰ, ਕ੍ਰਿਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਮੰਗ ਆਧਾਰਤ ਗਰੰਟੀ ਨੂੰ ਸਪਲਾਈ ਆਧਾਰਤ ਗਰੰਟੀ ਬਣਾਉਣ ਦਾ ਮਤਲਬ ਆਯੂਸ਼ਮਾਨ ਬੀਮੇ ਵਰਗਾ ਹੈ, ਜਿੱਥੇ ਸਰਕਾਰ ਮਸ਼ਹੂਰੀਆਂ ਚ ਤਾਂ ਝੂਠੇ ਦਾਅਵੇ ਕਰਦੀ ਹੈ ਕਿ ਸਭ ਨੂੰ ਅਸੀਂ ਪੰਜ ਲੱਖ ਦਾ ਮੁਫਤ ਇਲਾਜ ਦੇ ਦਿੱਤਾ ਪਰ ਬਹੁਤੀ ਵਾਰੀ ਉਹ ਕਾਰਡ ਚੱਲਦਾ ਹੀ ਨਹੀਂ, ਕਿਉਂਕਿ ਭਾਰਤ ਸਰਕਾਰ ਵੱਲੋਂ ਤੈਅ ਕੀਤੇ ਪੈਸੇ ਪਾਉਣ ਮਗਰੋਂ ਉਸ ਨੂੰ ਲਾਵਾਰਸ ਛੱਡ ਦਿੰਦੀ ਹੈ।ਉਸੇ ਤਰੀਕੇ ਜੀ ਰਾਮ ਜੀ ਸਕੀਮ ਵੀ ਪਿੰਡ ਤੇ ਮਜ਼ਦੂਰ ਦੀ ਮੰਗ ਨੂੰ ਕੇਂਦਰ ਚ ਰੱਖਣ ਦੀ ਥਾਂ ਭਾਰਤ ਸਰਕਾਰ ਨੂੰ ਕੇਂਦਰ ਚ ਰੱਖਦਾ ਹੈ ਤੇ ਇੱਕ ਵਾਰੀ ਨਿਰਧਾਰਤ ਕੀਤੇ ਪੈਸੇ ਮਗਰੋਂ ਹੱਥ ਖੜ੍ਹਾ ਕਰ ਦਿੱਤਾ ਜਾਵੇਗਾ। ਇਹ ਪੈਸਾ ਵੀ ਸੂਬਿਆਂ ਨੂੰ ਕੇਂਦਰ ਦੀ ਮਰਜ਼ੀ ਨਾਲ ਮਿਲੇਗਾ, ਜਿਸ ਕਾਰਨ ਇਸ ਸਕੀਮ ਦਾ ਸਿਆਸੀਕਰਨ ਕਰਨਾ ਵੀ ਆਸਾਨ ਬਣਾ ਦਿੱਤਾ ਗਿਆ ਤੇ ਪਿਸੇਗਾ ਮਜ਼ਦੂਰ, ਪਿੰਡ ਤੇ ਸੂਬਾ।ਪ੍ਰਦਰਸ਼ਨਕਾਰੀਆਂ ਦਰਮਿਆਨ ਭਾਰੀ ਰੋਹ ਤੇ ਚਿੰਤਾ ਦੇਖਣ ਨੂੰ ਮਿਲੀ। ਉਨ੍ਹਾਂ ਨੇ ਜੀ ਰਾਮ ਜੀ ਦੇ 125 ਦਿਨਾਂ ਦੇ ਵਾਅਦੇ ਨੂੰ ਕਾਰਪੋਰੇਟ ਦੇ ਚਿਪਸ ਦੀ ਪੈਕਿੰਗ ਦੱਸਿਆ ਤੇ ਕਿਹਾ ਕਿ ਭਾਰਤ ਸਰਕਾਰ ਕਾਰਪੋਰੇਟ ਦੀ ਤਰ੍ਹਾਂ ਪੈਕਿੰਗ ਤਾਂ ਸੋਹਣੀ ਬਣਾ ਕਿ ਲਿਆਈ, ਪਰ ਅੰਦਰ ਦੇ ਖਾਣੇ ਦਾ ਸਰੀਰ ਨੂੰ ਕੋਈ ਲਾਭ ਨਹੀਂ, ਸਗੋਂ ਨੁਕਸਾਨ ਹੀ ਹੈ। ਜਥੇਬੰਦੀ ਨੇ ਪੇਂਡੂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਮਨਰੇਗਾ ਤੇ ਜੀ ਰਾਮ ਜੀ ਦੇ ਅੰਤਰ ਨੂੰ ਸਮਝ ਕੇ ਅੱਗੇ ਦੀ ਅੱਗੇ ਸਮਝਾਉਣ ਤੇ ਭਾਰਤ ਸਰਕਾਰ ਦੀ ਇਸ ਹਮਲੇ ਖਿਲਾਫ ਘਰ ਘਰ ਲਹਿਰ ਖੜੀ ਕੀਤੀ ਜਾਵੇ।

## ਪੁਰੇਵਾਲ ਪਰਵਾਰ ਵੱਲੋਂ ਅੱਖਾਂ ਦਾ ਮੁਫਤ ਕੈਂਪ 6 ਨੂੰ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪਿੰਡ ਬੱਡੂਵਾਲਾ ਵਿਖੇ ਉੱਘੇ ਸਮਾਜ ਸੇਵੀ ਪੁਰੇਵਾਲ ਪਰਿਵਾਰ ਵੱਲੋਂ ਜਿਥੇ ਪਿੰਡ ਦੇ ਲੋੜਵੰਦ ਪਰਿਵਾਰਾਂ ਦੀ ਸਮੇਂ ਸਮੇਂ ਉਪਰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢਦੇ ਹੋਏ ਮਦਦ ਕੀਤੀ ਜਾਂਦੀ ਹੈ, ਉਥੇ ਹਰ ਸਾਲ ਸਵ. ਗੁਰਦੇਵ ਸਿੰਘ ਪੁਰੇਵਾਲ ਦੇ ਨਾਮ ਉਪਰ ਬਣੇ ਸ. ਗੁਰਦੇਵ ਸਿੰਘ ਪੁਰੇਵਾਲ ਮੈਮੋਰੀਅਲ ਚੈਰੀਟੇਬਲ ਕਲੱਬ ਬੱਡੂਵਾਲਾ ਵੱਲੋਂ ਪਿੰਡ ਵਿਚ ਅੱਖਾਂ ਦਾ ਫਰੀ ਚੈਕਅੱਪ ਕੈਂਪ ਲਗਾਇਆ ਜਾਂਦਾ ਹੈ। ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਰਛਪਾਲ ਸਿੰਘ ਪੁਰੇਵਾਲ, ਪਾਲ ਸਿੰਘ ਪੁਰੇਵਾਲ, ਡਾ. ਭਾਗ ਸਿੰਘ ਕਲੱਬ ਪ੍ਰਧਾਨ ਅਤੇ ਸਰਪੰਚ ਅਵਤਾਰ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ 6 ਜਨਵਰੀ ਦਿਨ ਮੰਗਲਵਾਰ ਨੂੰ ਪਿੰਡ ਬੱਡੂਵਾਲਾ ਵਿਖੇ ਅੱਖਾਂ ਦਾ ਫਰੀ ਚੈਕਅੱਪ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਹਲਕਾ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਮੁੱਖ ਮਹਿਮਾਨ ਅਤੇ ਗੁਰਮੀਤ ਮੁਖੀਜਾ ਵਾਈਸ ਪ੍ਰਧਾਨ ਨਗਰ ਕੌਂਸਲ ਧਰਮਕੋਟ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚਣਗੇ। ਕੈਂਪ ਦੌਰਾਨ ਅੱਖਾਂ ਦੇ ਮਸ਼ਹੂਰ ਡਾਕਟਰ ਮਹਿੰਦਰਪਾਲ ਸ਼ਰਮਾ (ਬੁੱਟਰ ਵਾਲੇ) ਅੱਖਾਂ ਦਾ ਫਰੀ ਚੈਕਅੱਪ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਦੇ ਫਰੀ ਅਪ੍ਰੇਸ਼ਨ ਵੀ ਕੀਤੇ ਜਾਣਗੇ।

## ਪੰਜਾਬ ਜਰਨਲਿਜ਼ਮ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ

### ਲਖਵੀਰ ਸਿੰਘ ਧਾਂਦਰਾ ਪ੍ਰਧਾਨ ਤੇ ਅਸ਼ਵਨੀ ਸਿੰਗਲਾ ਜਨਰਲ ਸਕੱਤਰ ਬਣੇ




**ਧੂਰੀ (ਸੁਖਦੇਵ ਧੂਰੀ)**-ਪੰਜਾਬ ਜਰਨਲਿਜ਼ਮ ਐਸੋਸੀਏਸ਼ਨ ਧੂਰੀ ਦੀ ਚੋਣ ਪ੍ਰਕਿਰਿਆ ਸੁਚਾਰੂ ਢੰਗ ਨਾਲ ਨੇਪਰੇ ਚੜ੍ਹੀ।ਇਸ ਦੌਰਾਨ ਹਾਜ਼ਰ ਪੱਤਰਕਾਰਾਂ ਨੇ ਸਰਬਸੰਮਤੀ ਨਾਲ ਲਖਵੀਰ ਸਿੰਘ ਧਾਂਦਰਾ ਨੂੰ ਤੀਸਰੀ ਵਾਰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ।ਚੋਣ ਮੌਕੇ ਮੌਜੂਦ ਸਾਰੇ ਮੈਂਬਰਾਂ ਨੇ ਲਖਵੀਰ ਧਾਂਦਰਾ ਦੀ ਪਿਛਲੀ ਕਾਰਗੁਜ਼ਾਰੀ ਅਤੇ ਪੱਤਰਕਾਰਾਂ ਦੇ ਹਿੱਤਾਂ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਉਸ 'ਤੇ ਮੁੜ ਭਰੋਸਾ ਜਤਾਇਆ।ਨਵੀਂ ਬਣੀ ਟੀਮ ਨੇ ਪੱਤਰਕਾਰ ਭਾਈਚਾਰੇ ਦੀ ਏਕਤਾ, ਹੱਕਾਂ ਦੀ ਰੱਖਿਆ ਅਤੇ ਸਮਾਜਕ ਮੁੱਦਿਆਂ ਨੂੰ ਉਭਾਰਨ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ।ਇਸ ਮੌਕੇ ਨਿਯੁਕਤ ਪ੍ਰਧਾਨ ਲਖਵੀਰ ਧਾਂਦਰਾ ਨੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਚੁਣੀ ਗਈ ਕਾਰਜਕਾਰਨੀ ਵਿੱਚ ਸੀਨੀਅਰ ਅਡਵਾਈਜ਼ਰ ਤਰਸੇਮ ਵਰਮਾ, ਅਡਵਾਈਜ਼ਰ ਸੁਖਦੇਵ ਸ਼ਰਮਾ ਧੂਰੀ, ਸੰਜੀਵ ਗਰਗ, ਸਰਪ੍ਰਸਤ ਤਰਸੇਮ ਸ਼ਰਮਾ, ਹਰਨੇਕ ਸਿੰਘ ਪੇਧਨੀ, ਕਨਵੀਨਰ ਰਵਿੰਦਰ ਸਿੰਘ ਜੌਲੀ, ਚੇਅਰਮੈਨ ਸੁਖਵਿੰਦਰ ਸਿੰਘ ਪਲਾਹਾ, ਮਲਕੀਤ ਸਿੰਘ ਚਾਂਗਲੀ, ਵਾਈਸ ਚੇਅਰਮੈਨ ਬਰਿੰਦਰ ਕੁਮਾਰ, ਵਾਈਸ ਪ੍ਰਧਾਨ ਵਿਕਾਸ ਵਰਮਾ ਰਾਜਾ, ਜਨਰਲ ਸਕੱਤਰ ਅਸ਼ਵਨੀ ਸਿੰਗਲਾ, ਨਰੇਸ਼ ਅੱਤਰੀ, ਖਜਾਨਚੀ ਮਹੇਸ਼ ਜਿੰਦਲ, ਸਹਾਇਕ ਖਜਾਨਚੀ ਗੁਰਜੋਤ ਸਿੰਘ, ਪ੍ਰੈਸ ਸਕੱਤਰ ਸੁਰਿੰਦਰ ਸਿੰਘ, ਰਤਨ ਭੰਡਾਰੀ, ਅਗਜੈਕਟਿਵ ਮੈਂਬਰ ਸੋਹਨ ਲਾਲ, ਵਾਸੂ ਗਰਗ, ਰਕੇਸ਼ ਕੁਮਾਰ ਨੂੰ ਬਣਾਇਆ ਗਿਆ।

## ਭਾਈ ਜਰਨੈਲ ਸਿੰਘ ਨਮਿਤ ਸ਼ਰਧਾਂਜਲੀ ਸਮਾਰੋਹ



**ਕੋਟ ਈਸੇ ਖਾਂ (ਅਰੋੜਾ)**-ਭਾਈ ਜਰਨੈਲ ਸਿੰਘ ਜੋ ਕਿ ਪਿਛਲੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦਾ ਦੁਸਹਿਰਾ 26 ਦਸੰਬਰ ਨੂੰ ਪਿੰਡ ਸੇਖਾ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ਧਾਰਮਿਕ ਮਰਯਾਦਾ ਅਨੁਸਾਰ ਕੀਤਾ ਗਿਆ।ਇਸ ਸਮਾਗਮ ਵਿੱਚ ਰਾਗੀ ਗੁਰਪ੍ਰੀਤ ਸਿੰਘ ਜਵੱਦੀ ਟਕਸਾਲ, ਰਾਗੀ ਭਾਈ ਮਹਾਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗਿਆਨੀ ਗਗਨਦੀਪ ਸਿੰਘ ਹਜ਼ੂਰੀ ਕਥਾਵਾਚਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੇ ਮੁੱਖ ਰੂਪ ਵਿੱਚ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ ਤੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਭਾਈ ਜਰਨੈਲ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ਰਧਾਂਜਲੀ ਸਮਾਗਮ 28 ਦਸੰਬਰ ਨੂੰ ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਸੰਤ ਗਿਆਨੀ ਗੁਰਮੀਤ ਸਿੰਘ, ਬਾਬਾ ਮਹਿੰਦਰ ਸਿੰਘ ਜਨੇਰ ਟਕਸਾਲ, ਭਗ ਗਿਆਨੀ ਅਜੀਤ ਸਿੰਘ, ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ, ਸਾਬਕਾ ਐਮ ਐਲ ਏ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਬਾਬਾ ਜੋਰਾ ਸਿੰਘ, ਬਾਬਾ ਸਰਬਜੀਤ ਸਿੰਘ ਖੁਡਾ ਸਾਹਿਬ, ਡਾਕਟਰ ਕੁਲਦੀਪ ਸਿੰਘ, ਪ੍ਰਧਾਨ ਸੁਖਜਿੰਦਰ ਸਿੰਘ ਕਿਸਾਨ ਯੂਨੀਅਨ, ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਅਕਾਲ ਚਲਾਣਾ ਕਰ ਗਏ ਭਾਈ ਸਾਹਿਬ ਨੂੰ ਸ਼ਰਧਾ ਸਹਿਤ ਸ਼ਰਧਾਂਜਲੀ ਦਿੱਤੀ।

## ਬੱਸ ਕਿਰਾਇਆ ਘੋਲ ਦੇ ਸ਼ਹੀਦ ਲਾਭ ਸਿੰਘ ਮਾਨਸਾ ਦੀ 45ਵੀਂ ਬਰਸੀ 21 ਨੂੰ



**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਸ਼ਹੀਦ ਬਾਬਾ ਬੂਝਾ ਸਿੰਘ ਯਾਦਗਾਰੀ ਭਵਨ ਮਾਨਸਾ ਵਿਖੇ ਸ਼ਹੀਦ ਲਾਭ ਸਿੰਘ ਮਾਨਸਾ ਯਾਦਗਾਰ ਕਮੇਟੀ ਦੀ ਮੀਟਿੰਗ ਕਮੇਟੀ ਕਨਵੀਨਰ ਹਰਗਿਆਨ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ। ਇਸ ਮੌਕੇ ਉਹਨਾਂ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਢਿੱਲੋਂ ਨੇ ਕਿਹਾ ਕਿ 21 ਜਨਵਰੀ ਨੂੰ ਬੱਸ ਕਿਰਾਇਆ ਘੋਲ ਦੇ ਸ਼ਹੀਦ ਲਾਭ ਸਿੰਘ ਮਾਨਸਾ ਦੀ 45 ਵੀਂ ਬਰਸੀ ਸਥਾਨਕ ਪੈਨਸ਼ਨਰਜ਼ ਭਵਨ ਮਾਨਸਾ ਵਿਖੇ ਮਨਾਈ ਜਾਵੇਗੀ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਬਰਸੀ ਸਮੇਂ ਸ਼ਹੀਦ ਲਾਭ ਸਿੰਘ ਮਾਨਸਾ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਬਾਰੇ ਚਰਚਾ ਕਰਨ ਤੋਂ ਇਲਾਵਾ ਕੇਂਦਰ ਸਰਕਾਰ ਮਗਨਰੇਗਾ ਦੀ ਜਗ੍ਹਾ ਨਵੇਂ ਲਿਆਂਦੇ ਗਏ ਵੀ ਬੀ ਜੀ ਰਾਮ ਜੀ ਕਾਨੂੰਨ, ਚਾਰ ਕਿਰਤ ਕਾਨੂੰਨਾਂ, ਅਰਾਵਲੀ ਪਹਾੜੀਆਂ ਸੰਬੰਧੀ ਲਿਆਂਦੇ ਨਵੇਂ ਕਾਨੂੰਨ, ਬਿਜਲੀ ਬਿੱਲ ਅਤੇ ਸੀਡ ਐਕਟ 2025 ਅਤੇ ਨਵੀਂ ਸਿੱਖਿਆ ਨੀਤੀ 2020 ਬਾਰੇ ਵੀ ਚਰਚਾ ਕੀਤੀ ਜਾਵੇਗੀ। ਇਸ ਮੌਕੇ ਸੁਰਿੰਦਰਪਾਲ ਸ਼ਰਮਾ, ਹਰਭਜਨ ਸਿੰਘ ਘੁੰਮਣ, ਜਗਮੇਲ ਸਿੰਘ, ਜਗਰਾਜ ਸਿੰਘ ਰੱਲਾ, ਮਨਜੀਤ ਮਾਨ ਮੰਡੀ ਕਲਾਂ, ਸੁਖਦਰਸ਼ਨ ਸਿੰਘ ਨੱਤ ਅਤੇ ਸੁਖਜੀਤ ਸਿੰਘ ਰਾਮਾਨੰਦੀ ਆਦਿ ਆਗੂ ਵੀ ਹਾਜ਼ਰ ਸਨ।

## ਸ਼ਹਿਰ ਦਾ ਕੋਈ ਵੀ ਕੋਨਾ ਸੀਵਰੇਜ ਸਿਸਟਮ ਤੋਂ ਵਾਂਝਾ ਨਹੀਂ ਰਹੇਗਾ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਅਤੇ ਕੌਂਸਲਰ ਰਹੇ ਰਾਮ ਸਿੰਘ ਪੱਪੀ ਅੱਜ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਦਾ ਭਰਵਾਂ ਸਵਾਗਤ ਆਮ ਆਦਮੀ ਪਾਰਟੀ ਦੇ ਸੂਬਾ ਵਾਈਸ ਪ੍ਰਧਾਨ ਅਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੀਤਾ ਗਿਆ। ਸਾਬਕਾ ਕੌਂਸਲਰ ਨੂੰ ਸ਼ਾਮਲ ਕਰਵਾਉਣ ਵਿੱਚ ਮੁੱਖ ਭੂਮਿਕਾ ਵਿਪਨ ਕੁਮਾਰ, ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਜਤਿੰਦਰ ਮਹੰਤ, ਸੋਨੂੰ ਛਾਬੜਾ ਤੇ ਬਲਵਿੰਦਰ ਗਰੋਵਰ ਵੱਲੋਂ ਨਿਭਾਈ ਗਈ।ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਰਾਮ ਸਿੰਘ ਪੱਪੀ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਉਨ੍ਹਾਂ ਦੇ ਤਜਰਬੇ ਦਾ ਪਾਰਟੀ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀ ਜਿਹੜੀ ਸਮੱਸਿਆ ਤੋਂ ਪੀੜਤ ਸਨ ਉਸ ਸਮੱਸਿਆ ਦਾ ਹੱਲ ਹੋ ਚੁੱਕਾ ਹੈ।ਸ਼ਹਿਰ ਦੇ ਸੀਵਰੇਜ ਤੇ ਵਾਟਰ ਸਪਲਾਈ ਪਾਈਪ ਲਾਈਨ ਲਈ 138 ਕਰੋੜ ਰੁਪਏ ਦੀ ਗ੍ਰਾਂਟ ਆ ਚੁੱਕੀ ਹੈ, ਜਿਸ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਜੋ ਬਸਤੀਆਂ ਵਿੱਚ ਸੀਵਰੇਜ ਪਿਛਲੇ ਲੰਬੇ ਸਮੇਂ ਤੋਂ ਨਹੀਂ ਸੀ ਉਨ੍ਹਾਂ ਬਸਤੀਆਂ ਵਿੱਚ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦਾ ਕੋਈ ਵੀ ਕੋਨਾ ਸੀਵਰੇਜ ਸਿਸਟਮ ਤੋਂ ਵਾਂਝਾ ਨਹੀਂ ਰਹੇਗਾ। ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਏ ਸਾਬਕਾ ਕੌਂਸਲਰ ਰਾਮ ਸਿੰਘ ਪੱਪੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ—ਰਾਤ ਇੱਕ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਲੋਕਾਂ ਦੀ ਸੇਵਾ ਲਈ ਹਾਜ਼ਰ ਰਹਿਣਗੇ ਅਤੇ ਉਨ੍ਹਾਂ ਦੇ ਹੱਕਾਂ ਲਈ ਲੜਦੇ ਰਹਿਣਗੇ।ਇਸ ਮੌਕੇ ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਵੜਿੰਗ, ਸੋਮਨਾਥ, ਰਾਜਿੰਦਰ ਸਿੰਘ, ਬਲਵਿੰਦਰ ਸਿੰਘ, ਰਾਜ ਕੁਮਾਰ, ਰਿਪੂ ਮੱਕੜ, ਪਰਮਜੀਤ ਸਿੰਘ, ਦੀਪਕ ਕਸਰੀਜਾ, ਛਿੰਦਰ ਸਿੰਘ, ਸਿਕੰਦਰ ਕੁਮਾਰ, ਰਜਨੀਸ਼ ਕੁਮਾਰ, ਭਗਵਾਨ ਦਾਸ, ਰਾਕੇਸ਼ ਬਜਾਜ, ਬਿੱਟੂ, ਭਜਨ ਸਿੰਘ, ਰਮਨਦੀਪ ਸਿੰਘ ਆਦਿ ਹਾਜ਼ਰ ਸਨ।

## ਹੰਸ ਰਾਜ ਜੋਸਨ ਦੀ ਅਗਵਾਈ ਹੇਠ ਕਾਂਗਰਸ ਦਾ ਡੈਪੂਟੇਸ਼ਨ ਈ ਓ ਨੂੰ ਮਿਲਿਆ



**ਜਲਾਲਾਬਾਦ (ਜੀਤ ਕੁਮਾਰ)**-ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਤੇ ਸਾਬਕਾ ਜੰਗਲਾਤ ਮੰਤਰੀ ਹੰਸ ਰਾਜ ਜੋਸਨ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਦਾ ਇੱਕ ਡੈਪੂਟੇਸ਼ਨ ਨਗਰ ਕੌਂਸਲ ਦੇ ਈ.ਓ. ਨੂੰ ਮਿਲਿਆ। ਈ.ਓ. ਦਫਤਰ 'ਚ ਮੌਜੂਦ ਨਹੀਂ ਸੀ ਤੇ ਇਸ ਦੌਰਾਨ ਹੰਸ ਰਾਜ ਜੋਸਨ ਨੇ ਗੱਲਬਾਤ ਕਰਦਿਆਂ ਅਗਾਮੀ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਜਲਾਲਾਬਾਦ ਸ਼ਹਿਰ ਦੀ ਕੀਤੀ ਵਾਰਡਬੰਦੀ ਨੂੰ ਲੈ ਕੇ ਪੁਰਾਣੀ ਤੇ ਹੁਣ ਜੋ ਕੀਤੀ ਗਈ ਵਾਰਡਬੰਦੀ ਦਾ ਰਿਕਾਰਡ ਮੰਗਿਆ ਗਿਆ। ਇਸਦੇ ਨਾਲ ਹੀ ਪੰਜਾਬ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਗਈ ਕਿ ਨਗਰ ਕੌਂਸਲ ਦੀਆਂ ਚੋਣਾਂ ਪੁਰਾਣੀ ਵਾਰਡਬੰਦੀ ਦੇ ਮੁਤਾਬਕ ਹੀ ਕਰਾਈਆਂ ਜਾਣ। ਇਸ ਮੌਕੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਤੋਂ ਇਲਾਵਾ ਕਾਂਗਰਸ ਦੇ ਬਲਾਕ ਸ਼ਹਿਰੀ ਪ੍ਰਧਾਨ ਬੰਟੀ ਵਾਟਸ, ਨੀਲਾ ਮਦਾਨ,ਸੋਨੂੰ ਦਰਗਨ, ਕਾਲੂ ਕੁੱਕੜ, ਮਿੰਟੂ ਕਾਮਰਾ, ਜਥੇਦਾਰ ਗੁਰਮੀਤ ਸਿੰਘ, ਪ੍ਰੇਮ ਕੰਬੋਜ,ਪ੍ਰਤੀਕ ਸੰਧੂ, ਅਮਨ ਕੁੱਕੜ,ਚਰਨਜੀਤ ਸਿੰਘ, ਬਲਵਿੰਦਰ ਸਿੰਘ ਸਾਬਕਾ ਐਮਸੀ, ਗੁਰਮੁਖ ਸਿੰਘ, ਸੁਰਜੀਤ ਸਿੰਘ ਫੌਜੀ, ਜਗਦੀਸ਼ ਅਰੋੜਾ, ਪਵਨੀਤ ਅਰੋੜਾ ਆਦਿ ਹਾਜ਼ਰ ਸਨ। ਹੰਸ ਰਾਜ ਜੋਸਨ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਸੱਤਾਧਾਰੀ ਪਾਰਟੀ 'ਤੇ ਦੋਸ਼ ਲਾਇਆ ਕਿ ਜੋ ਨਗਰ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਨਵੀਂ ਵਾਰਡਬੰਦੀ ਕੀਤੀ ਗਈ ਹੈ, ਉਹ ਆਪਣੀ ਮਨਮਰਜ਼ੀ ਨਾਲ ਤੇ ਵਿਰੋਧੀ ਪਾਰਟੀਆਂ ਨੂੰ ਪਤਾ ਤੱਕ ਨਹੀਂ ਲੱਗਣ ਦਿੱਤਾ ਗਿਆ ਹੈ, ਜਿਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਵਾਰਡਬੰਦੀ ਵਿੱਚ ਪੱਖਪਾਤ ਕੀਤਾ ਗਿਆ ਹੈ, ਕਿਉਂਕਿ ਕਾਂਗਰਸ ਪਾਰਟੀ ਨੂੰ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਤੇ ਸੱਤਾਧਾਰੀ ਪਾਰਟੀ ਨੇ ਆਪਣੀ ਮਨਮਰਜ਼ੀ ਨਾਲ ਵਾਰਡਬੰਦੀ ਕਰਕੇ ਆਪਣੀ ਕਮੇਟੀ ਬਣਾਉਣ ਦੇ ਸੁਪਨੇ ਲਏ ਗਏ ਹਨ।

# ਮਜ਼ਦੂਰ ਮਾਰੂ ਨੀਤੀਆਂ 'ਤੇ ਵਿਚਾਰ-ਵਟਾਂਦਰੇ ਲਈ ਭੱਠਾ ਮਜ਼ਦੂਰ ਯੂਨੀਅਨ (ਏਟਕ) ਵੱਲੋਂ ਮੀਟਿੰਗ



**ਬਟਾਲਾ (ਤਰਲੋਕ ਬੱਗਾ)**

ਭੱਠਾ ਮਜ਼ਦੂਰ ਯੂਨੀਅਨ (ਏਟਕ) ਦੀ ਮੀਟਿੰਗ ਫੈਜ਼ਪੁਰਾ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਪ੍ਰੇਮ ਮਸੀਹ ਸੋਨਾ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਮੇਂ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਸੀਪੀਆਈਐਮਐੱਲ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਅਤੇ ਕਰੋੜਾਂ ਪਿੰਡਾਂ ਦੇ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਵਾਲੀ ਮਨਰੇਗਾ ਸਕੀਮ ਨੂੰ ਬੰਦ ਕਰਨ ਦੇ ਫੈਸਲਿਆਂ ਵਿਰੁੱਧ ਸੈਂਕੜੇ ਭੱਠਾ ਮਜ਼ਦੂਰ 12 ਫਰਵਰੀ ਦੀ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੀ ਜਾ ਰਹੀ ਭਾਰਤ ਪੱਧਰ ਦੀ ਹੜਤਾਲ ਵਿੱਚ ਸ਼ਾਮਿਲ ਹੋਣਗੇ ਅਤੇ ਇਸ ਹੜਤਾਲ ਦੀ ਤਿਆਰੀ ਲਈ ਸਮੇਤ ਭੱਠਾ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਆਏ ਵਾਧੇ ਨੂੰ ਲਾਗੂ ਕਰਾਉਣ ਲਈ ਸੱਤ ਜਨਵਰੀ ਤੋਂ ਲਗਾਤਾਰ ਪਿੰਡਾਂ ਵਿੱਚ ਮਜ਼ਦੂਰਾਂ ਦੀਆਂ ਰੈਲੀਆਂ ਕਰਾਈਆਂ ਜਾਣਗੀਆਂ ਕਿਉਂਕਿ 20 ਸਾਲ ਪਹਿਲਾਂ ਕਮਿਊਨਿਸਟਾਂ ਦੀ ਹਮਾਇਤ ਨਾਲ ਚਲਦੀ ਰਹੀ ਮਨਮੋਹਨ ਸਰਕਾਰ ਸਮੇਂ ਕਮਿਊਨਿਸਟਾਂ ਦੀ ਮੰਗ ਉਪਰ ਮਨਰੇਗਾ ਕਾਨੂੰਨ ਬਣਾਇਆ ਗਿਆ ਸੀ ਪਰ ਹੁਣ ਇਸ ਕਾਨੂੰਨ ਵਿੱਚ ਕੀਤੀਆਂ ਸੋਧਾਂ ਕਾਰਨ ਇਹ ਕਾਨੂੰਨ ਦੇਸ਼ ਦੇ ਕਿਸੇ ਵੀ ਰਾਜ ਵਿੱਚ ਲਾਗੂ ਨਹੀਂ ਹੋ ਸਕੇਗਾ ਕਿਉਂਕਿ ਇਸ ਨਵੇਂ ਕਾਨੂੰਨ ਤਹਿਤ 40 ਫੀਸਦੀ ਰਕਮ ਹੋਰਨਾ ਸੂਬਿਆਂ ਸਮੇਤ ਪੰਜਾਬ ਸਰਕਾਰ ਨੂੰ ਪਾਉਣੀ ਪਵੇਗੀ, ਜਦੋਂ ਕਿ 4 ਲੱਖ ਕਰੋੜ ਦੀ ਪਹਿਲਾਂ ਤੋਂ ਹੀ ਕਰਜ਼ਾਈ ਪੰਜਾਬ ਸਰਕਾਰ ਇਸ ਸਕੀਮ ਨੂੰ ਬੰਦ ਕਰਨਾ ਹੀ ਬਿਹਤਰ ਸਮਝੇਗੀ।ਬਖਤਪੁਰਾ ਨੇ ਕਿਹਾ ਕਿ ਬੇਸ਼ੱਕ ਪੰਜਾਬ ਦੀ ਮਾਨ ਸਰਕਾਰ ਨੇ ਇਸ ਕਾਨੂੰਨ ਵਿਰੁੱਧ ਵਿਧਾਨ ਸਭਾ ਦਾ ਸਪੈਸ਼ਲ ਇਜਲਾਸ ਬੁਲਾ ਕੇ ਇਸ ਕਾਨੂੰਨ ਵਿਰੁੱਧ ਮਤਾ ਪਾਸ ਕੀਤਾ ਹੈ, ਪਰ ਮਾਨ ਸਰਕਾਰ ਮਤਾ ਪਾਸ ਕਰਕੇ ਬਰੀ ਨਹੀਂ ਹੋ ਜਾਂਦੀ ਕਿਉਂਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਅੰਦਰ ਇਸ ਸਰਕਾਰ ਨੇ 10 ਫੀਸਦੀ ਮਜ਼ਦੂਰਾਂ ਨੂੰ ਵੀ ਮਨਰੇਗਾ ਦਾ ਰੁਜਗਾਰ ਮੁਹੱਈਆ ਨਹੀਂ ਕੀਤਾ ਅਤੇ ਹੁਣ ਇਹ ਸਰਕਾਰ ਮਨਰੇਗਾ ਵਿੱਚ ਕੀਤੀਆਂ ਸੋਧਾਂ ਨੂੰ ਬਹਾਨਾ ਬਣਾ ਕੇ ਇਸ ਸਕੀਮ ਤੋਂ ਬਿਲਕੁਲ ਹੀ ਪਾਸੇ ਹੋ ਜਾਵੇਗੀ। ਮਾਨ ਸਰਕਾਰ ਨੂੰ ਬੀਤੇ ਚਾਰ ਸਾਲਾਂ ਵਿਚ ਮਨਰੇਗਾ ਵਿੱਚ ਦਿੱਤੇ ਰੁਜ਼ਗਾਰ ਬਾਬਤ ਵ੍ਹਾਈਟ ਪੇਪਰ ਜਾਰੀ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਹੋਰ ਖੱਬੀਆਂ ਪਾਰਟੀਆਂ ਸਮੇਤ ਮਨਰੇਗਾ ਦੇ ਸਵਾਲ ਤੇ ਇੱਕ ਵੱਡਾ ਸੰਘਰਸ਼ ਲਾਮਬੰਦ ਕਰੇਗੀ ਤਾਂ ਜੋ ਇਸ ਕਾਨੂੰਨ ਨੂੰ ਵਾਪਸੀ ਮੋੜਾ ਦਿੱਤਾ ਜਾ ਸਕੇ।ਮੀਟਿੰਗ ਵਿੱਚ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਚਰਚਾ ਕਰਦਿਆਂ ਕਿਹਾ ਗਿਆ ਕਿ ਅਖਬਾਰਾਂ ਵਿੱਚ ਕਰੀਬ ਅੱਧੀ ਦਰਜਨ ਕਤਲਾਂ ਦੀਆਂ ਖਬਰਾਂ ਹਨ ਅਤੇ ਦਰਜਨ ਭਰ ਗੈਂਗਸਟਰਾਂ ਵੱਲੋਂ ਫਿਰੌਤੀਆ ਮੰਗਣ ਦੀਆਂ ਖਬਰਾਂ ਹਨ ਜਿਸ ਦਾ ਅਰਥ ਹੈ ਕਿ ਮਾਨ ਸਰਕਾਰ ਪੰਜਾਬੀਆਂ ਦੀ ਜਾਨ ਮਾਲ ਦੀ ਰੱਖਿਆ ਕਰਨ ਤੋਂ ਅਸਮਰੱਥ ਹੈ।ਮੀਟਿੰਗ ਵਿੱਚ ਜੋਗਿੰਦਰ ਪਾਲ ਲੇਹਲ, ਬਿੱਟਾ ਅਠਵਾਲ, ਹਰਜਿੰਦਰ ਪਿੰਟਾ, ਫੂਲ ਚੰਦ, ਬੰਟੀ ਪਿੰਡਾ ਰੋੜੀ, ਕੁਲਦੀਪ ਰਾਜੂ, ਬਚਨ ਬੋਪਾਰਾਏ ਅਤੇ ਬਸ਼ੀਰ ਗਿੱਲ ਸ਼ਾਮਲ ਸਨ।

# ਸੰਘਣੀ ਧੁੰਦ ਕਾਰਨ ਵਾਪਰਿਆ ਕਾਰ ਹਾਦਸਾ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**-ਮਜੀਠਾ ਤੋਂ ਕੱਥੂਨੰਗਲ ਨੂੰ ਜਾਂਦੇ ਰੋਡ 'ਤੇ ਪਿੰਡ ਅਜੈਬਵਾਲੀ ਪੁਲੀ ਕੋਲ ਸਕਾਰਪੀਓ ਸੰਘਣੀ ਧੁੰਦ ਦੇ ਕਾਰਨ ਪੈਲੀ ਵਿੱਚ ਜਾ ਡਿੱਗੀ। ਸ਼ੁਕਰ ਰੱਬ ਦਾ ਕਿ ਜਾਨ ਦਾ ਬਚਾਅ ਰਿਹਾ।ਇਸ ਸਬੰਧੀ ਕਾਰ ਮਾਲਕ ਨੇ ਦੱਸਿਆ ਕਿ ਕਾਰ ਦਾ ਬਹੁਤ ਨੁਕਸਾਨ ਹੋ ਗਿਆ ਹੈ। ਧੁੰਦ ਇੰਨੀ ਜ਼ਿਆਦਾ ਸੀ ਕਿ 10 ਫੁੱਟ ਦੀ ਦੂਰੀ ਤੋਂ ਵੀ ਕੁੱਝ ਨਹੀਂ ਸੀ ਦਿਖ ਰਿਹਾ।ਉਨ੍ਹਾਂ ਕਿਹਾ ਕਿ ਅਗਰ ਬਹੁਤ ਜ਼ਿਆਦਾ ਜ਼ਰੂਰੀ ਕੰਮ ਹੈ ਤਾਂ ਹੀ ਸਾਨੂੰ ਇੰਨੀ ਸੰਘਣੀ ਧੁੰਦ ਵਿੱਚ ਸਫਰ ਕਰਨਾ ਚਾਹੀਦਾ ਹੈ। ਧੁੰਦ ਵਿਚ ਸਫਰ ਕਰਨਾ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ।

# ਤਲਬੀਰ ਗਿੱਲ ਵੱਲੋਂ 18 ਦੀ ਮਜੀਠਾ ਰੈਲੀ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਹਰੇਕ ਨਾਗਰਿਕ ਲਈ ਪਹੁੰਚਯੋਗ, ਕਿਫਾਇਤੀ ਅਤੇ ਉੱਨਤ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ, ਇਤਿਹਾਸਕ ਫੈਸਲੇ ਤਹਿਤ ਸੂਬਾ ਸਰਕਾਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਆਉਣ ਵਾਲੇ ਮੌਜੂਦਾ ਵਿੱਤੀ ਕਵਰੇਜ ਰਾਸ਼ੀ ਨੂੰ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕੀਤਾ ਜਾ ਰਿਹਾ ਹੈ ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਹਲਕੇ ਦੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਹ ਸਕੀਮ ਪੰਜਾਬ ਅਤੇ ਚੰਡੀਗੜ੍ਹ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਇਲਾਜ ਪ੍ਰਦਾਨ ਕੀਤਾ ਜਾਵੇਗਾ। ਸਿਹਤ ਮੰਤਰੀ ਨੇ ਕਿਹਾ ਕਿ ਇਹ ਵਿਆਪਕ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਅਤੇ ਲੋਕਾਂ ਨੂੰ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਸ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਜਾਵੇਗਾ



ਜਿੱਥੇ ਹਰ ਪਰਿਵਾਰ ਪ੍ਰਤੀ ਸਾਲ 10 ਲੱਖ ਤੱਕ ਦਾ ਨਕਦੀ ਰਹਿਤ ਇਲਾਜ ਲੈ ਸਕੇਗਾ।ਕੁਲਬੀਰ ਸਿੰਘ ਗਿੱਲ ਨੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ 18 ਜਨਵਰੀ ਨੂੰ ਮਜੀਠਾ ਹਲਕੇ ਵਿੱਚ ਹੋ ਰਹੀ ਆਮ ਆਦਮੀ ਪਾਰਟੀ ਦੀ ਵਿਸ਼ਾਲ ਰੈਲੀ ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਹੋਰ ਆਪ ਲੀਡਰਸ਼ਿਪ ਪਹੁੰਚ ਰਹੀ ਹੈ, ਵਿੱਚ ਵੱਧ ਤੋਂ ਵੱਧ ਗਿਣਤੀ 'ਚ ਪਹੁੰਚਿਆ ਜਾਵੇ ਤਾਂ ਜੋ ਪੰਜਾਬ ਸਰਕਾਰ ਕੋਲੋਂ ਹਲਕੇ ਦੇ ਵਿਕਾਸ ਲਈ ਲੋੜੀਂਦੇ ਕਦਮ ਚੁਕਵਾਏ ਜਾ ਸਕਣ।

# ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ : ਸੋਹਲ

**ਝਬਾਲ, (ਹਰਜਿੰਦਰ ਸਿੰਘ ਸੋਨੀ)**

ਗ਼ਦਰ ਲਹਿਰ ਦੇ ਮੋਢੀ ਮਹਾਨ ਇਨਕਲਾਬੀ ਦੇਸ਼ ਭਗਤ, ਦੇਸ਼ ਦੀ ਆਜ਼ਾਦੀ ਦੀ ਲਹਿਰ ਵਿੱਚ ਅਤੇ ਆਜ਼ਾਦੀ ਉਪਰੰਤ ਮਜ਼ਦੂਰਾਂ ਕਿਸਾਨਾਂ ਦੇ ਹੱਕਾਂ ਲਈ ਸਾਰੀ ਜ਼ਿੰਦਗੀ ਸੰਘਰਸ਼ਸ਼ੀਲ ਰਹੇ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਦਿਹਾੜਾ ਸਮੂਹ ਦੇਸ਼ ਭਗਤਾਂ ਨੂੰ ਯਾਦ ਕਰਦਿਆਂ ਚਾਰ ਜਨਵਰੀ ਨੂੰ ਹਰ ਸਾਲ ਦੀ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪਿੰਡ ਭਕਨਾ ਵਿਖੇ ਮਨਾਇਆ ਜਾਵੇਗਾ।ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਦਵਿੰਦਰ ਸੋਹਲ ਨੇ ਦੱਸਿਆ ਕਿ ਪਿਛਲੇ ਤੀਹ ਸਾਲਾਂ ਤੋਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਕਿਰਤੀਆਂ, ਕਿਸਾਨਾਂ ਤੇ ਆਮ ਮਿਹਨਤਕਸ਼ ਜਨਤਾ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਬਾਬਾ ਭਕਨਾ ਦਾ ਜਨਮ ਦਿਹਾੜਾ ਮਨਾਇਆ ਜਾਂਦਾ ਹੈ।ਯਾਦ ਰਹੇ ਕਿ ਇਸ ਦਿਨ ਪਹਿਲਾਂ ਬਾਬਾ ਜੀ ਦੇ ਪਰਿਵਾਰਕ ਮੈਂਬਰਾਂ ਵੱਲੋਂ ਜਸਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਬਾਬਾ ਜੀ ਦੀ ਯਾਦਗਾਰ 'ਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਜਾਂਦਾ ਹੈ।ਇਸ ਉਪਰੰਤ ਬਾਬਾ ਸੋਹਣ ਸਿੰਘ ਭਕਨਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸਿਆਸੀ ਕਾਨਫਰੰਸ ਤੇ ਲੋਕ ਪੱਖੀ ਸਭਿਆਚਾਰਕ ਪ੍ਰੋਗਰਾਮ ਕਰਕੇ



ਬਾਬਾ ਜੀ ਤੇ ਬਾਕੀ ਸਭ ਗ਼ਦਰੀ ਯੋਧਿਆਂ ਤੇ ਦੇਸ਼ ਭਗਤਾਂ ਨੂੰ ਯਾਦ ਕਰਦਿਆਂ ਦੇਸ਼ ਵਿੱਚ ਬਾਬਾ ਜੀ ਦੀ ਵਿਚਾਰਧਾਰਾ ਦਾ ਰਾਜ ਪ੍ਰਬੰਧ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।ਇਸਦੀ ਤਿਆਰੀ ਵਿੱਚ ਪੰਜਾਬ ਇਸਤਰੀ ਸਭਾ ਦੇ ਪ੍ਰਧਾਨ ਰਾਜਿੰਦਰ ਪਾਲ ਕੌਰ ਤੇ ਸੀਮਾ ਸੋਹਲ, ਬਲਕਾਰ ਸਿੰਘ ਵਲਟੋਹਾ, ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਗੁਰਬਿੰਦਰ ਸਿੰਘ ਸੋਹਲ, ਮਨਜੀਤ ਸਿੰਘ ਢੰਡ, ਹਰਬਿੰਦਰ ਸਿੰਘ ਕਸੇਲ, ਜਗਤਾਰ ਸਿੰਘ ਜੱਗਾ, ਸੁਰਿੰਦਰ ਸਿੰਘ ਬਿੱਲਾ, ਅਸ਼ੋਕ ਕੁਮਾਰ ਸੋਹਲ, ਅਰਵਿੰਦ ਗੁਪਤਾ, ਕੰਵਲਜੀਤ ਢਿੱਲੋਂ, ਮੋਤਾ ਸਿੰਘ ਸੋਹਲ, ਕੁਲਬੀਰ ਸਿੰਘ ਕਸੇਲ ਸਮੇਤ ਕਈ ਕਮਿਊਨਿਸਟ ਵਰਕਰ ਤਿਆਰੀਆਂ ਵਿੱਚ ਲੱਗੇ ਹੋਏ ਹਨ।

# ਪੀਐੱਨਜੀ ਜਵੈਲਰਜ਼ ਨੇ ਲਾਈਫਸਟਾਈਲ ਬਾਏ ਪੀਐੱਨਜੀ ਰਾਹੀਂ ਵਿਕਾਸ ਨੂੰ ਦਿੱਤੀ ਨਵੀਂ ਰਫ਼ਤਾਰ

**ਅੰਮ੍ਰਿਤਸਰ** : ਪੀਐੱਨਜੀ ਜਵੈੱਲਰਜ਼ ਦੇ ਸਮਕਾਲੀ ਅਤੇ ਹਲਕੇ ਵਜ਼ਨ ਵਾਲੇ ਗਹਿਣਿਆਂ ਦੇ ਬ੍ਰਾਂਡ ਲਾਈਫਸਟਾਈਲ ਬਾਇ ਪੀਐੱਨਜੀ ਨੇ ਸਾਰਾ ਤੇਂਦੁਲਕਰ ਨੂੰ ਆਪਣੀ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਹੈ।ਇਹ ਸਾਂਝ ਬ੍ਰਾਂਡ ਨੂੰ ਨੌਜਵਾਨ ਅਤੇ ਭਵਿੱਖ ਦੇ ਜੁਐਲਰੀ ਗਾਹਕਾਂ ਨਾਲ ਜੋੜਨ ਵੱਲ ਇੱਕ ਮਹੱਤਵਪੂਰਨ ਕਦਮ ਮੰਨੀ ਜਾ ਰਹੀ ਹੈ।ਲਗਭਗ ਦੋ ਸਦੀਆਂ ਤੋਂ ਭਰੋਸੇ ਦਾ ਪ੍ਰਤੀਕ ਰਹੇ ਪੀਐੱਨਜੀ ਜਵੈੱਲਰਜ਼ ਅਤੇ ਆਧੁਨਿਕ ਸੋਚ ਨਾਲ ਤਿਆਰ ਕੀਤੇ ਗਏ ਲਾਈਫਸਟਾਈਲ ਦੇ ਵਿਚਕਾਰ ਇਹ ਪਹਿਲ ਪੁਰਾਣੇ ਅਤੇ ਨਵੇਂ ਗਾਹਕਾਂ ਦਰਮਿਆਨ ਇੱਕ ਮਜ਼ਬੂਤ ਪੁਲ ਬਣਾਉਂਦੀ ਹੈ।ਲਾਈਫਸਟਾਈਲ ਨੂੰ ਖਾਸ ਤੌਰ ਤੇ ਆਧੁਨਿਕ ਰਿਟੇਲ ਫਾਰਮੈਟ, ਸਮਕਾਲੀ ਡਿਜ਼ਾਈਨ ਅਤੇ ਓਮਨੀਚੈਨਲ ਅਨੁਭਵ ਨਾਲ ਨਵੀਂ ਪੀੜ੍ਹੀ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।ਪੀਐੱਨਜੀ ਜਵੈੱਲਰਜ਼ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਡਾ. ਸੌਰਭ ਗਾਡਗੀਲ ਨੇ ਕਿਹਾ ਕਿ ਲਾਈਫਸਟਾਈਲ ਸਿਰਫ਼ ਇੱਕ ਫੈਸ਼ਨ ਟ੍ਰੈਂਡ ਨਹੀਂ, ਬਲਕਿ ਕੰਪਨੀ ਦਾ ਇੱਕ ਮਹੱਤਵਪੂਰਨ ਲੰਬੇ ਸਮੇਂ ਦਾ ਕਾਰੋਬਾਰੀ ਖੇਤਰ ਹੈ, ਜੋ ਰੋਜ਼ਾਨਾ ਪਹਿਨਣ ਯੋਗ ਗਹਿਣਿਆਂ 'ਤੇ ਕੇਂਦ੍ਰਿਤ ਹੈ।

# ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਦਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਫਲਤਾਪੂਰਵਕ ਸੰਪੰਨ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**



ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ.ਰਜਵਿੰਦਰ ਕੌਰ ਦੀ ਅਗਵਾਈ ਹੇਠ ਲਗਾਏ ਗਏ ਸੱਤ ਰੋਜ਼ਾ ਐੱਨ. ਐੱਸ. ਐੱਸ. ਕੈਂਪ ਦਾ ਸਮਾਪਤੀ ਸਮਾਰੋਹ ਬਹੁਤ ਹੀ ਉਤਸ਼ਾਹ ਅਤੇ ਸਮਾਜਿਕ ਭਾਵਨਾ ਨਾਲ ਸਫਲਤਾ ਪੂਰਵਕ ਸੰਪੰਨ ਹੋਇਆ। ਇਸ ਕਾਲਜ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਕਿਹਾ ਕਿ ਇਸ ਕੈਂਪ ਦਾ ਮੁੱਖ ਉਦੇਸ ਵਿਦਿਆਰਥਣਾਂ ਵਿੱਚ ਸਮਾਜਿਕ ਸੇਵਾ, ਨਿਮਰਤਾ, ਸਮਾਨਤਾ ਅਤੇ ਸਮਾਜਿਕ ਜ਼ਿੰਮੇਵਾਰੀਆਂ ਆਦਿ ਗੁਣਾਂ ਦਾ ਵਿਕਾਸ ਕਰਨਾ ਸੀ। ਕੈਂਪ ਦੀ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਡਾ. ਕਵਲਦੀਪ ਕੌਰ (ਬੀਡੀਐੱਸ, ਐੱਮਡੀ ਐੱਸ) ਨੇ ਸ਼ਿਰਕਤ ਕੀਤੀ, ਜਦਕਿ ਯੋਗਾ ਸੁਸਾਇਟੀ ਧਾਰੀਵਾਲ ਦੇ ਪ੍ਰਮੁੱਖ ਯੋਗਾ ਟਰੇਨਰ ਕਿਰਨ ਮਹਾਜਨ ਤੇ ਰਜਨੀ ਸ਼ਰਮਾ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਯੋਗਾ ਕਰਵਾ ਕੇ ਸਿਹਤ ਸੰਬੰਧੀ ਜਾਗਰੂਕ ਕੀਤਾ। ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਚੌਪਈ ਸਾਹਿਬ ਜੀ ਦਾ ਪਾਠ ਵੀ ਕੀਤਾ ਗਿਆ। ਉਪਰੰਤ ਅਧਿਆਪਕਾ ਮੀਨਾਕਸ਼ੀ ਨੇ ਸੱਤ ਰੋਜ਼ਾ ਐੱਨਐੱਸਐੱਸ ਕੈਂਪ ਦੌਰਾਨ ਕੀਤੀਆਂ ਗਤੀਵਿਧੀਆਂ ਦੀ ਰਿਪੋਰਟ ਪੜ੍ਹੀ। ਉਨ੍ਹਾਂ ਨੇ ਸੱਤਾਂ ਦਿਨਾਂ ਵਿੱਚ ਵਲੰਟੀਅਰਾਂ ਵਲੋਂ ਵਾਤਾਵਰਣ ਸੁਰੱਖਿਆ, ਪੌਦਾ ਰੋਪਣ, ਸਫਾਈ ਅਭਿਆਨ ਅਤੇ ਹੋਰ ਸਮਾਜਿਕ ਕਾਰਜਾਂ ਸਮੇਤ ਕੀਤੀਆਂ ਵੱਖ ਵੱਖ ਗਤੀਵਿਧੀਆਂ ਨੂੰ ਸੰਖੇਪ ਰੂਪ ਵਿੱਚ ਪੇਸ਼ ਕੀਤਾ। ਮੁੱਖ ਮਹਿਮਾਨ ਡਾ. ਕਵਲਦੀਪ ਕੌਰ ਨੇ ਐੱਨਐੱਸਐੱਸ ਵਲੰਟੀਅਰਾਂ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥਣਾਂ ਨੂੰ ਪੂਰੀ ਮਿਹਨਤ ਅਤੇ ਲਗਨ ਨਾਲ ਪੜ੍ਹਨ ਅਤੇ ਆਪਣੇ ਜੀਵਨ ਨੂੰ ਸਵਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਅੱਜ ਦੇ ਦੌਰ ਵਿੱਚ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕਰਨ ਸਬੰਧੀ ਪ੍ਰੇਰਿਤ ਕਿਹਾ ਕਿ ਆਪਣੀ ਵਿੱਦਿਆ ਨੂੰ ਇਸ ਤਰੀਕੇ ਨਾਲ ਗ੍ਰਹਿਣ ਕਰੋ ਕਿ ਤੁਸੀਂ ਆਪਣੀ ਮੰਜ਼ਿਲ ਨੂੰ ਆਸਾਨੀ ਨਾਲ ਪ੍ਰਾਪਤ ਕਰ ਸਕੋ। ਕਾਲਜ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਐੱਨਐੱਸਐੱਸ ਕੈਂਪ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨਾ ਹੈ ਜਿਸ ਨਾਲ ਵਿਦਿਆਰਥੀਆਂ ਵਿੱਚ ਸਮਾਜਿਕ ਚੇਤਨਾ ਅਤੇ ਸਮਾਜਿਕ ਗੁਣਾਂ ਦੇ ਨਾਲ ਨਾਲ ਨਿਮਰਤਾ, ਸਮਾਨਤਾ, ਸੇਵਾ ਭਾਵਨਾ ਅਤੇ ਸਹਿਯੋਗ ਨੂੰ ਉਤਪੰਨ ਕੀਤਾ ਜਾ ਸਕੇ। ਉਨ੍ਹਾਂ ਨੇ ਵਲੰਟੀਅਰਾਂ ਅਤੇ ਪ੍ਰੋਫੈਸਰਾਂ ਵੱਲੋਂ ਕੀਤੀ ਗਈ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਐੱਨਐੱਸਐੱਸ ਕੈਂਪ ਦੌਰਾਨ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਲੰਟੀਅਰਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਮੁੱਖ ਮਹਿਮਾਨ ਡਾ. ਕਵਲਦੀਪ ਕੌਰ ਅਤੇ ਕਿਰਨ ਮਹਾਜਨ ਤੇ ਰਜਨੀ ਸ਼ਰਮਾ ਨੂੰ ਕਾਲਜ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਨਗਰ ਨਿਗਮ ਚੋਣਾਂ ਨੂੰ ਲੈ ਕੇ ਹੋਈ ਵਾਰਡਬੰਦੀ ਤੋਂ ਭਾਜਪਾ ਸੰਤੁਸ਼ਟ ਨਹੀਂ



**ਬਟਾਲਾ, (ਤਰਲੋਕ ਬੱਗਾ)**

ਨਗਰ ਨਿਗਮ ਚੋਣਾਂ ਨੂੰ ਲੈ ਕੇ ਜੋ ਵਾਰਡਬੰਦੀ ਕੀਤੀ ਗਈ ਹੈ ਉਸ ਵਿਚ ਕਾਨੂੰਨ ਦੀਆਂ ਪੂਰੀਆਂ ਧੱਜੀਆਂ ਉਡਾਈਆਂ ਗਈਆਂ ਹਨ ਕਿਉਂਕਿ ਆਮ ਆਦਮੀ ਪਾਰਟੀ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਨਗਰ ਨਿਗਮ ਦੀਆਂ ਚੋਣਾਂ ਜਿੱਤਣੀਆਂ ਉਸ ਲਈ ਆਸਾਨ ਨਹੀਂ ਹਨ। ਇਸ ਲਈ ਨਿਯਮਾਂ ਨੂੰ ਛਿੱਕੇ ਟੰਗ ਕੇ ਇਹ ਵਾਰਡਬੰਦੀ ਕੀਤੀ ਗਈ ਹੈ ਜਿਸ ਦੀ ਭਾਜਪਾ ਕੜੇ ਸ਼ਬਦਾਂ ਵਿਚ ਨਿੰਦਾ ਕਰਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਪੱਤਰਕਾਰਾਂ ਦੇ ਰੁ-ਬ-ਰੂ ਹੁੰਦਿਆਂ ਕੀਤਾ।ਹੀਰਾ ਵਾਲੀਆ ਨੇ ਕਿਹਾ ਕਿ ਜਿਹੜੀ ਵਾਰਡਬੰਦੀ ਕੀਤੀ ਗਈ ਹੈ ਉਸ ਦੀ ਅੱਧ ਅਧੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਜਿਹੜੀ ਵੀ ਕੁਝ ਜਾਣਕਾਰੀ ਮਿਲੀ ਹੈ ਉਸ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ ਆਮ ਆਦਮੀ ਪਾਰਟੀ ਨੇ ਬੜੀ ਚਲਾਕੀ ਨਾਲ ਇਹ ਵਾਰਡਬੰਦੀ ਕੀਤੀ ਹੈ।ਹੀਰਾ ਵਾਲੀਆ ਨੇ ਕਿਹਾ ਕਿ ਇਸ ਖਿਲਾਫ ਮਾਣਯੋਗ ਹਾਈਕੋਰਟ ਵਿਚ ਅਰਜ਼ੀ ਲਗਾਈ ਗਈ ਹੈ ਕਿ ਜੋ ਵਾਰਡਬੰਦੀ ਹੋਈ ਹੈ ਉਸ ਨੂੰ ਲਾਗੂ ਨਾ ਕੀਤਾ ਜਾਵੇ ਅਤੇ ਪਹਿਲੀ ਵਾਰਡਬੰਦੀ ਅਨੁਸਾਰ ਹੀ ਨਗਰ ਨਿਗਮ ਦੀਆਂ ਚੋਣਾਂ ਕਰਵਾਈਆਂ ਜਾਣ। ਹੀਰਾ ਵਾਲੀਆ ਨੇ ਕਿਹਾ ਕਿ ਕੌਂਸਲਰ ਆਪਣੇ ਇਲਾਕੇ ਦਾ ਨੁਮਾਇੰਦਾ ਹੁੰਦਾ ਹੈ ਲੇਕਿਨ ਇਸ ਵਾਰ ਜੋ ਵਾਰਡਬੰਦੀ ਕੀਤੀ ਗਈ ਹੈ ਉਸ ਵਿਚ ਦੂਰ-ਦੁਰਾਡੇ ਇਲਾਕਿਆਂ ਨੂੰ ਜੋੜ ਦਿੱਤਾ ਗਿਆ ਹੈ ਜੋ ਕਿਸੇ ਦੀ ਸਮਝ ਵਿਚ ਨਹੀਂ ਆ ਰਹੀ। ਇਹ ਪੂਰੀ ਤਰ੍ਹਾਂ ਗਲਤ ਹੈ ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਪੰਜਾਬ ਕਰੀਕਰਨੀ ਮੈਂਬਰ ਭੂਸ਼ਣ ਬਜਾਜ, ਸਿਟੀ ਮੰਡਲ ਪ੍ਰਧਾਨ ਬਲਵਿੰਦਰ ਕੁਮਾਰ ਮਹਿਤਾ, ਸਿਵਲ ਲਾਈਨ ਮੰਡਲ ਪ੍ਰਧਾਨ ਦੀਪਕ ਜੋਸ਼ੀ, ਸਿਟੀ ਮੰਡਲ ਜਰਨਲ ਸੈਕਟਰੀ ਸੰਦੀਪ ਆਜ਼ਾਦ ਸਿਵਲ ਲਾਈਨ ਜਰਨਲ ਸੈਕਟਰੀ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਦਿਵਿਆਂਗਜਨਾਂ ਨੂੰ 5 ਤੋਂ 10 ਜਨਵਰੀ ਤੱਕ ਵੱਖ-ਵੱਖ ਥਾਵਾਂ 'ਤੇ ਵੰਡੇ ਜਾਣਗੇ ਸਹਾਇਕ ਉਪਕਰਨ : ਡੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਅਲਿਮਕੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਨਾਲ ਦਿਵਿਆਂਗਜਨਾਂ ਅਤੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਮੈਡੀਕਲ ਅਸੈਸਮੈਂਟ ਕੈਂਪ ਪਿਛਲੇ ਸਾਲ ਵੱਖ-ਵੱਖ ਥਾਵਾਂ ਤੇ ਲਗਾਏ ਗਏ ਸਨ।ਉਸ ਸਮੇਂ ਦੌਰਾਨ ਜਿਨ੍ਹਾਂ ਦਿਵਿਆਂਗਜਨਾਂ ਦੀ ਮੈਡੀਕਲ ਅਸੈਸਮੈਂਟ ਕੀਤੀ ਗਈ ਸੀ ਉਨ੍ਹਾਂ ਨੂੰ ਹੁਣ ਸਹਾਇਕ ਉਪਕਰਨਾਂ ਦੀ ਵੰਡ ਕੀਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ 5 ਜਨਵਰੀ ਨੂੰ ਸਰਕਾਰੀ ਪਹਿਲ ਸਕੂਲ ਰਿਸੋਰਸ ਸੈਂਟਰ ਕਰਮਪੁਰਾ, 6 ਜਨਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ,7 ਜਨਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜੀਠਾ, 8 ਜਨਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਜਨਾਲਾ,



9 ਜਨਵਰੀ ਨੂੰ ਸਰਕਾਰੀ ਆਈਟੀਆਈ ਬਾਬਾ ਬਕਾਲਾ ਅਤੇ 10 ਜਨਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਵਿਖੇ ਅਸੈਸਮੈਂਟ ਕੈਂਪ ਧਾਰਕਾਂ ਨੂੰ ਸਹਾਇਕ ਉਪਕਰਨ ਵੰਡੇ ਜਾਣਗੇ।ਉਨ੍ਹਾਂ ਦਿਵਿਆਂਗਜਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਜ਼ਰੂਰ ਪੁੱਜਣ ਅਤੇ ਆਪੋ ਆਪਣੇ ਸਹਾਇਕ ਉਪਰਕਨ ਪ੍ਰਾਪਤ ਕਰਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਦਿਵਿਆਂਗਾ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਸਬੰਧਤ ਐੱਸਡੀਐਮਜ਼ ਨੋਡਲ ਅਫਸਰ ਹੋਣਗੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਵਾਲੇ ਸਥਾਨਾਂ ਤੇ ਰੈੱਡ ਕਰਾਸ ਵੱਲੋਂ ਵੀਲ੍ਹ ਚੇਅਰਾਂ ਦਾ ਪ੍ਰਬੰਧ ਵੀ ਦਿਵਿਆਂਗਾ ਦੀ ਸਹਾਇਤ ਲਈ ਕੀਤਾ ਜਾਵੇਗਾ।

# ਸੁਤੰਤਰਤਾ ਸੰਗਰਾਮੀ ਦਲੀਪ ਸਿੰਘ ਟਪਿਆਲਾ ਦੀ ਬਰਸੀ ਮੌਕੇ ਰਾਜਸੀ ਕਾਨਫਰੰਸ



**ਟਪਿਆਲਾ (ਚੋਗਾਵਾਂ), (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ ਐੱਮ ਪੀ ਆਈ) ਵੱਲੋਂ ਬੇਜੋੜ ਸੁਤੰਤਰਤਾ ਸੰਗਰਾਮੀ ਤੇ ਕਿਸਾਨੀ ਘੋਲਾਂ ਦੇ ਨਾਇਕ ਕਾਮਰੇਡ ਦਲੀਪ ਸਿੰਘ ਟਪਿਆਲਾ ਦੀ 33 ਬਰਸੀ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਟਪਿਆਲਾ ਦੇ ਖੇਡ ਮੈਦਾਨ ਵਿੱਚ ਵਿਸ਼ਾਲ ਰਾਜਸੀ ਕਾਨਫਰੰਸ ਆਯੋਜਿਤ ਕੀਤੀ ਗਈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਟੀ ਕਾਰਕੁੰਨ ਤੇ ਹੋਰ ਮਿਹਨਤਕਸ਼ ਲੋਕ ਹੱਥਾਂ ਚੇ ਝੰਡੇ ਲੈਕੇ ਜਥਿਆਂ ਦੇ ਰੂਪ 'ਚ ਨਾਅਰੇ ਮਾਰਦੇ ਸ਼ਾਮਿਲ ਹੋਏ ਕਾਨਫਰੰਸ ਦੇ ਪ੍ਰਧਾਨਗੀ ਮੰਡਲ ਵਿਚ ਵਿਰਸਾ ਸਿੰਘ ਟਪਿਆਲਾ,ਗੁਰਨਾਮ ਸਿੰਘ ਉਮਰਪੁਰਾ, ਦੇਸਾ ਸਿੰਘ ਭਿੰਡੀ ਔਲਖ, ਸਤਵਿੰਦਰ ਸਿੰਘ ਓਠੀਆਂ, ਅਜੀਤ ਕੌਰ ਕੋਟ ਰਜ਼ਾਦਾ, ਅਮਰਜੀਤ ਸਿੰਘ ਭੀਲੋਵਾਲ, ਪ੍ਰੋ: ਮਾਲਕ ਸਿੰਘ ਗੁਰਾਲਾ ਸ਼ਾਮਿਲ ਸਨ! ਠਾਠਾਂ ਮਾਰਦੇ ਇਕੱਠ ਨੂੰ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਦੇਸ਼ ਭਗਤਾਂ ਕਾਮਰੇਡ ਦਲੀਪ ਸਿੰਘ ਟਪਿਆਲਾ, ਫੌਜਾ ਸਿੰਘ ਭੁੱਲਰ ਤੇ ਕਾ. ਹਜਾਰਾ ਸਿੰਘ ਜੱਸੜ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਅੱਜ ਦੇਸ਼ ਅੰਦਰ ਆਰਐੱਸਐੱਸ ਦੀ ਫਿਰਕੂ-ਫਾਸ਼ੀ ਵਿਚਾਰਧਾਰਾ ਤੇ ਕੰਮ ਕਰਦੀ ਬੀਜੇਪੀ ਦੀ ਮੋਦੀ ਸਰਕਾਰ ਵੱਲੋਂ ਘੱਟ ਗਿਣਤੀ ਲੋਕਾਂ, ਦਲਿਤਾਂ, ਆਦਿਵਾਸੀਆਂ ਤੇ ਔਰਤਾਂ ਤੇ ਜ਼ੁਲਮ ਢਾਹੇ ਜਾ ਰਹੇ ਹਨ ਅਤੇ ਇਨ੍ਹਾਂ ਵਿਰੁੱਧ ਆਵਾਜ਼ ਚੁੱਕਣ ਤੇ ਲਿਖਣ ਵਾਲੇ ਲੋਕਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ! ਉਨ੍ਹਾਂ ਅੱਗੇ ਕਿਹਾ ਕਿ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨਵ-ਉਦਾਰਵਾਦੀ ਨੀਤੀਆਂ ਕਾਰਨ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ ਜਿਸ ਕਾਰਨ ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ ਅਤੇ ਜਿਸ ਕਾਰਨ ਸਮਾਜ ਖਾਸਕਰ ਨੌਜਵਾਨ ਨਸ਼ੇ ਦੀ ਦਲ-ਦਲ ਵਿੱਚ ਧਸੇ ਜਾ ਰਹੇ ਹਨ ! ਅਜਿਹੀ ਅਵਸਥਾ ਵਿੱਚ ਗੈਂਗਸਟਰਵਾਦ ਭਾਰੂ ਹੋ ਰਿਹਾ ਹੈ ਤੇ ਲੋਕਾਂ ਨੂੰ ਜਾਨ ਮਾਲ ਦਾ ਖਤਰਾ ਬਣ ਗਿਆ ਹੈ। ਇਸ ਸਮੇਂ ਪਾਰਟੀ ਦੇ ਸੂਬਾ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਮਨਰੇਗਾ ਸਕੀਮ ਤਹਿਤ ਜਿਹੜਾ ਪੇਂਡੂ ਖੇਤਰ ਚ ਗਰੀਬਾਂ ਨੂੰ ਜੋ ਮਾੜਾ ਮੋਟਾ ਨੂੰ ਰੁਜ਼ਗਾਰ ਮਿਲਦਾ ਸੀ ਇਸ ਸਕੀਮ ਤੇ ਮੋਦੀ ਸਰਕਾਰ ਨੇ ਬੁਲਡੋਜ਼ਰ ਫੇਰ ਦਿੱਤਾ ਹੈ ਅਤੇ ਇੱਥੇ ਹੀ ਬੱਸ ਨਹੀਂ ਇਸ ਫਿਰਕੂ-ਫਾਸ਼ੀਵਾਦ ਸਰਕਾਰ ਨੇ ਸਨਅਤੀ ਮਜ਼ਦੂਰਾਂ ਵੱਲੋਂ ਜੋ 100 ਸਾਲ ਲੜ ਕੇ ਜਿਹੜੇ 29 ਲੇਵਰ ਪੱਖੀਂ ਕਨੂੰਨ ਬਣਾਏ ਸਨ ਉਹ ਮੋਦੀ ਵੱਲੋਂ ਤੋੜ ਕੇ ਮਜ਼ਦੂਰ ਵਿਰੋਧੀ ਗਲਘੋਟੂ ਚਾਰ ਕੋਡਾਂ ਲਾਗੂ ਕਰ ਦਿੱਤੀਆਂ ਅਤੇ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਦੀ ਬਜਾਏ 12 ਘੰਟੇ ਕਰ ਦਿੱਤੀ ਹੈ। ਸਮਾਗਮ ਚ ਬੋਲਦਿਆਂ ਆਰ.ਐਮ.ਪੀ.ਆਈ. ਦੇ ਸੂਬਾ ਪ੍ਰਧਾਨ ਰਤਨ ਸਿੰਘ ਰੰਧਾਵਾ ਤੇ ਪਾਰਟੀ ਸਕੱਤਰੇਤ ਮੈਂਬਰ ਤੇ ਜਮੂਹਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ -2025 ਲਿਆ ਕੇ ਗਰੀਬਾਂ ਤੇ ਆਮ ਲੋਕਾਂ ਨੂੰ ਹਨੇਰੇ ਦੀ ਕੋਠੜੀ ਵਿੱਚ ਸੁੱਟਿਆ ਜਾ ਰਿਹਾ ਹੈ, ਬਿਜਲੀ ਬੋਰਡ ਵਰਗੇ ਵੱਡੇ ਅਦਾਰੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਕੇ ਖਤਮ ਕੀਤਾ ਜਾ ਰਿਹਾ ਹੈ ਇਸ ਤਰ੍ਹਾਂ ਇਹਨਾਂ ਆਗੂਆਂ ਨੇ ਅੱਗੇ ਦੱਸਿਆ ਕਿ ਇਸ ਲੋਕ ਵਿਰੋਧੀ ਸਰਕਾਰ ਨੇ ਕਿਸਾਨ ਵਿਰੋਧੀ ਬੀਜ ਬਿੱਲ 2025 ਲਿਆ ਕੇ ਬੀਜਾਂ ਤੋਂ ਕਿਸਾਨਾਂ ਦਾ ਅਧਿਕਾਰ ਖ਼ਤਮ ਕੀਤਾ ਜਾ ਰਿਹਾ ਹੈ ਤੇ ਬੀਜ ਖੋਜ ਤੇ ਵੰਡ ਦੇਸੀ ਤੇ ਵਿਦੇਸ਼ੀ ਦਿਓ ਕੱਦ ਕੰਪਨੀਆਂ ਦੇ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ।ਉਕਤ ਆਗੂਆਂ ਨੇ ਅੱਗੇ ਦੱਸਿਆ ਕਿ ਭਾਰਤ - ਪਾਕ ਸਰੱਹਦ ਤੇ ਵੱਸਦੇ ਲੋਕਾਂ ਦੀ ਨਾਂ ਕੇਂਦਰ ਤੇ ਨਾਂ ਹੀ ਪੰਜਾਬ ਸਰਕਾਰ ਸਾਰ ਲੈ ਰਹੀ ਹੈ, ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨੀ ਬੀ. ਐੱਸ. ਐੱਫ. ਨੇ ਔਖੀ ਕੀਤੀ ਹੋਈ ਹੈ, ਕਈ ਥਾਵਾਂ ਤੇ ਵੀ ਤਾਰ ਲਗਾਈ ਕਿਸਾਨਾਂ ਦੀਆਂ ਜਮੀਨਾਂ ਚ ਜਮੀਨਾਂ ਤੇ ਬੇਲੋੜੀ ਕੰਢਿਆਲੀ ਤਾਰ ਲਗਾਈ ਹੋਈ ਹੈ! ਦੋਹਾਂ ਆਗੂਆਂ ਨੇ ਅੱਗੇ ਖੁਲਾਸਾ ਕੀਤਾ ਕਿ ਇਸ ਸਾਲ ਜਿਹੜੇ ਹੜ੍ਹ ਆਏ ਹਨ ਉਹ ਕੁਦਰਤੀ ਕਰੋਪੀ ਨਹੀਂ ਸਗੋਂ ਮੈਨ ਮੇਡ ਹਨ।

ਜਿਹਨਾਂ ਕਾਰਨ ਮਾਰੀਆਂ ਗਈਆਂ ਫਸਲਾਂ, ਮਾਰੇ ਗਏ ਵਿਅਕਤੀਆਂ, ਮਰਗੇ ਡੰਗਰਾਂ ਤੇ ਢਹਿ ਗਏ ਘਰਾਂ ਦਾ ਬਹੁਤਿਆਂ ਨੂੰ ਅਜੇ ਮੁਆਵਜ਼ਾ ਨਹੀਂ ਮਿਲਿਆ ਪ੍ਰੰਤੂ ਜਿਨ੍ਹਾਂ ਨੂੰ ਮਿਲਿਆ ਉਹ ਵੀ ਨਿਗੂਣਾ ਹੈ, ਜ਼ਮੀਨ ਮਾਲਕੀ ਵਾਲੇ ਕਿਸਾਨਾਂ ਨੂੰ ਛੱਡ ਕੇ ਹੋਰ ਹਜ਼ਾਰਾਂ ਕਾਸ਼ਤਕਾਰਾਂ ਨੂੰ ਅਜੇ ਤੱਕ ਟਕਾ ਨਹੀਂ ਮਿਲਿਆ।ਕਾਨਫਰੰਸ ਵਿੱਚ ਹੋਕਾ ਦਿੱਤਾ ਗਿਆ ਕਿ ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਆਓ ਇਕੱਠੇ ਹੋ ਕੇ ਦੇਸ਼ ਵਿਆਪੀ ਜੁਝਾਰੂ ਲਹਿਰ ਖੜ੍ਹੀ ਕਰੀਏ।ਇਸ ਮੌਕੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਤੋਂ ਇਲਾਵਾ ਜੱਗਾ ਸਿੰਘ ਡੱਲਾ, ਸੁੱਚਾ ਸਿੰਘ ਘੋਗਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਾਬਾ ਅਰਜਨ ਸਿੰਘ, ਜਗਤਾਰ ਸਿੰਘ ਕਰਮਪੁਰਾ, ਮਾਸਟਰ ਹਰਭਜਨ ਸਿੰਘ ਟਰਪਈ, ਅਵਤਾਰ ਸਿੰਘ ਠੱਠਾ, ਵਿਸਾਖਾ ਸਿੰਘ ਭੰਗਵਾਂ, ਹਰਜੀਤ ਸਿੰਘ ਕੱਕੜ, ਚਰਨਜੀਤ ਸਿੰਘ ਤਲਵੰਡੀ, ਬਲਦੇਵ ਸਿੰਘ ਧਾਰੀਵਾਲ, ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰ, ਪ੍ਰਧਾਨ ਲਖਬੀਰ ਸਿੰਘ ਤੇੜਾਂ, ਸੁਰਜੀਤ ਸਿੰਘ ਦੁਹਰਾਏ, ਟਹਿਲ ਸਿੰਘ ਚੇਤਨਪੁਰਾ, ਸੁਰਜੀਤ ਸਿੰਘ ਭੂਰੇ ਗਿੱਲ, ਸਰਪੰਚ ਲਖਬੀਰ ਸਿੰਘ ਤੇੜਾਂ ਰਾਜਪੂਤਾਂ, ਬਲਕਾਰ ਸਿੰਘ ਗੁਲਗੜ੍ਹ, ਸਰਬਜੀਤ ਕੌਰ ਜਸਰਾਊਰ, ਬਿਕਰਮਜੀਤ ਸਿੰਘ ਕੁਹਾਲੀ, ਸਾਹਿਬ ਸਿੰਘ ਠੱਠੀ, ਬਲਕਾਰ ਸਿੰਘ ਜੋਸ਼, ਜਰਨੈਲ ਸਿੰਘ ਭਿੰਡੀ ਸੈਦਾਂ, ਨੌਜਵਾਨ ਆਗੂ ਸ਼ਮਸ਼ੇਰ ਸਿੰਘ ਡੱਲਾ ਹੋਣਾ ਨੇ ਵੀ ਦੇਸ਼ ਭਗਤਾਂ ਦੀ ਬਰਸੀ ਤੇ ਵੱਡਮੁੱਲੇ ਵਿਚਾਰ ਪੇਸ਼ ਕੀਤੇ।

# ਸਥਾਨਕ ਉਦਯੋਗਾਂ ਨੂੰ ਦਰਪੇਸ਼ ਚੁਣੌਤੀਆਂ 'ਤੇ ਸੰਸਦੀ ਸਥਾਈ ਕਮੇਟੀ ਵੱਲੋਂ ਅਹਿਮ ਵਿਚਾਰ-ਵਟਾਂਦਰਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਉਦਯੋਗਾਂ ਨਾਲ ਸੰਬੰਧਤ ਸੰਸਦੀ ਸਥਾਈ ਕਮੇਟੀ ਵੱਲੋਂ ਅੰਮ੍ਰਿਤਸਰ ਵਿਖੇ ਉਦਯੋਗਿਕ ਵਿਕਾਸ, ਮੌਜੂਦਾ ਚੁਣੌਤੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਸਿੱਧੀ ਜਾਣਕਾਰੀ ਪ੍ਰਾਪਤ ਕਰਨ ਲਈ ਅਤੇ ਜੋ ਜ਼ਮੀਨੀ ਪੱਧਰ ਦੀ ਸਥਿਤੀ ਦੇ ਆਧਾਰ 'ਤੇ ਨੀਤੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ ਸਬੰਧੀ ਦੌਰਾ ਕੀਤਾ ਗਿਆ।ਇਸ ਕਮੇਟੀ ਚੇਅਰਪਰਸਨ ਤਿਰੁਚੀ ਸ਼ਿਵਾ ਮੈਂਬਰ ਰਾਜ ਸਭਾ ਵੱਲੋਂ ਪੰਜਾਬ ਦੇ ਵੱਖ-ਵੱਖ ਉਦਯੋਗਪਤੀਆਂ ਨਾਲ ਉਦਯੋਗਾਂ ਸਬੰਧੀ ਜਾਣਕਾਰੀ ਵੀ ਪ੍ਰਾਪਤ ਕੀਤੀ।ਇਸ ਮੌਕੇ ਕਮੇਟੀ ਦੇ ਮਾਨਯੋਗ ਮੈਂਬਰਾਂ ਨਾਲ ਸਥਾਨਕ ਉਦਯੋਗਪਤੀ, ਵੱਖ-ਵੱਖ ਉਦਯੋਗਿਕ ਸੰਘਾਂ ਦੇ ਪ੍ਰਤੀਨਿਧੀ, ਜ਼ਿਲ੍ਹਾ ਪ੍ਰਸ਼ਾਸਨ ਦੇ ਉਚ ਅਧਿਕਾਰੀ ਅਤੇ ਬੈਂਕਿੰਗ ਖੇਤਰ ਦੇ ਅਧਿਕਾਰੀ ਹਾਜ਼ਰ ਰਹੇ।ਮੀਟਿੰਗ ਦੌਰਾਨ ਅੰਮ੍ਰਿਤਸਰ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਚੱਲ ਰਹੇ ਛੋਟੇ, ਦਰਮਿਆਨੇ ਅਤੇ ਵੱਡੇ ਉਦਯੋਗਾਂ ਦੀ ਸਥਿਤੀ 'ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਚੇਅਰਪਰਸਨ ਸ਼ਿਵਾ ਨੇ ਸਥਾਨਕ ਉਦਯੋਗਪਤੀਆਂ ਵੱਲੋਂ ਉਦਯੋਗਿਕ ਨੀਤੀਆਂ ਦੇ ਅਮਲ, ਬਿਜਲੀ, ਕੱਚਾ ਮਾਲ, ਬੁਨਿਆਦੀ ਢਾਂਚਾ, ਟਰਾਂਸਪੋਰਟ, ਨਿਰਯਾਤ ਸਹੂਲਤਾਂ, ਮਜ਼ਦੂਰ ਸੰਬੰਧੀ ਮਸਲੇ ਅਤੇ ਵਿੱਤੀ ਸਹਾਇਤਾ ਸਬੰਧੀ ਮੁੱਖ ਚੁਣੌਤੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ।ਉਨ੍ਹਾਂ ਕਿਹਾ ਕਿ ਉਦਯੋਗਾਂ ਲਈ ਕਰਜ਼ਾ ਪ੍ਰਕਿਰਿਆ ਨੂੰ ਸਰਲ ਬਣਾਉਣ, ਵਿਆਜ ਦਰਾਂ ਵਿੱਚ ਰਾਹਤ ਅਤੇ ਸਮੇਂ-ਸਿਰ ਵਿੱਤੀ ਸਹਾਇਤਾ ਪ੍ਰਦਾਨ ਕਰਨ ਸਬੰਧੀ ਬੈਂਕਾਂ ਨੂੰ ਇਸ ਸਬੰਧੀ ਨੀਤੀ ਬਣਾਉਣ ਬਾਰੇ ਕਿਹਾ।ਮੀਟਿੰਗ ਵਿੱਚ ਹਾਜ਼ਰ ਬੈਂਕਿੰਗ ਖੇਤਰ ਦੇ ਅਧਿਕਾਰੀਆਂ ਵੱਲੋਂ ਉਦਯੋਗਾਂ ਲਈ ਉਪਲਬਧ ਵੱਖ-ਵੱਖ ਕਰਜ਼ਾ ਯੋਜਨਾਵਾਂ, ਕੇਂਦਰ ਅਤੇ ਰਾਜ ਸਰਕਾਰ ਦੀਆਂ ਵਿੱਤੀ ਸਕੀਮਾਂ, ਮੁਦਰਾ ਲੋਨ, ਐੱਮਐੱਸਐੱਮਈ ਸੈਕਟਰ ਲਈ ਖਾਸ ਨੀਤੀਆਂ ਅਤੇ ਕਰਜ਼ਾ ਸਹਾਇਤਾ ਮੈਕੇਨਿਜ਼ਮ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ।ਬੈਂਕ ਅਧਿਕਾਰੀਆਂ ਨੇ ਉਦਯੋਗਪਤੀਆਂ ਨੂੰ ਬੈਂਕਿੰਗ ਨੀਤੀਆਂ ਅਨੁਸਾਰ ਦਸਤਾਵੇਜ਼ੀ ਪ੍ਰਕਿਰਿਆ ਪੂਰੀ ਕਰਨ ਲਈ ਵੀ ਅਗਾਹ ਕੀਤਾ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਸਕੱਤਰ ਪੰਜਾਬ ਕੇ.




ਕੇ. ਯਾਦਵ ਨੇ ਕਿਹਾ ਕਿ ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਮਜ਼ਬੂਤ ਨੀਤੀਕ ਸਹਿਯੋਗ, ਸਧਾਰਣ ਅਤੇ ਸਮੇਂ-ਬੱਧ ਨਿਯਮਕ ਪ੍ਰਕਿਰਿਆਵਾਂ ਅਤੇ ਇਨਵੈਸਟ ਪੰਜਾਬ ਰਾਹੀਂ ਸਰਗਰਮ ਹੈਂਡਹੋਲਡਿੰਗ ਵਰਗੇ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਪ੍ਰੋਜੈਕਟਾਂ ਨੂੰ ਤੇਜ਼ ਮਨਜ਼ੂਰੀਆਂ ਮਿਲ ਸਕਣ ਤੇ ਉਨ੍ਹਾਂ ਦੀ ਸੁਚੱਜੀ ਕਾਰਗੁਜ਼ਾਰੀ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਉਦਯੋਗ ਪੰਜਾਬ ਦੀ ਉਦਯੋਗਿਕ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਰੋਜ਼ਗਾਰ ਸਿਰਜਣਾ, ਨਵੀਨਤਾ ਅਤੇ ਸੰਤੁਲਿਤ ਖੇਤਰੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਸ਼੍ਰੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਉਦਯੋਗਕ ਹਿੱਸੇਦਾਰਾਂ ਨਾਲ ਸੰਪਰਕ ਵਿੱਚ ਹੈ ਤਾਂ ਜੋ ਉਨ੍ਹਾਂ ਦੀਆਂ ਲੋੜਾਂ ਅਤੇ ਚੁਣੌਤੀਆਂ ਨੂੰ ਸਮਝਿਆ ਜਾ ਸਕੇ।ਸਰਕਾਰ ਦੀ ਕੋਸ਼ਿਸ਼ ਹੈ ਕਿ ਉਦਯੋਗਪਤੀਆਂ ਨੂੰ ਕਾਰਵਾਈਆਂ ਦੀਆਂ ਜਟਿਲਤਾਵਾਂ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਵਿਕਾਸ ਅਤੇ ਉਤਪਾਦਕਤਾ 'ਤੇ ਧਿਆਨ ਕੇਂਦਰਿਤ ਕਰਨ ਲਈ ਸਹਾਇਕ ਸ਼ਾਸਨ ਪ੍ਰਦਾਨ ਕੀਤਾ ਜਾਵੇ। ਸੰਸਦੀ ਸਥਾਈ ਕਮੇਟੀ ਦੇ ਮੈਂਬਰਾਂ ਨੇ ਸਾਰੇ ਹਿੱਸੇਦਾਰਾਂ ਵੱਲੋਂ ਦਿੱਤੇ ਗਏ ਸੁਝਾਅ ਅਤੇ ਮਸਲਿਆਂ ਨੂੰ ਧਿਆਨ ਨਾਲ ਸੁਣਦੇ ਹੋਏ ਕਿਹਾ ਕਿ ਇਹ ਅਧਿਐਨ ਦੌਰੇ ਨੀਤੀ ਨਿਰਧਾਰਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਕਮੇਟੀ ਨੇ ਭਰੋਸਾ ਦਿਵਾਇਆ ਕਿ ਅੰਮ੍ਰਿਤਸਰ ਸਮੇਤ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਮਜ਼ਬੂਤ ਕਰਨ ਲਈ ਪ੍ਰਾਪਤ ਸੁਝਾਅ ਨੂੰ ਕੇਂਦਰ ਸਰਕਾਰ ਦੇ ਸਤਰ 'ਤੇ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਵੇਗਾ।ਕਮੇਟੀ ਨੇ ਕਿਹਾ ਕਿ ਉਦਯੋਗਿਕ ਵਿਕਾਸ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਖੇਤਰ ਦੀ ਆਰਥਿਕਤਾ ਨੂੰ ਹੋਰ ਗਤੀ ਮਿਲੇਗੀ।ਮੀਟਿੰਗ ਦੌਰਾਨ ਵੱਖ -ਵੱਖ ਉਦਯੋਂਗਪਤੀਆਂ ਵਲੋਂ ਚੇਅਰਪਰਸਨ ਸ਼ਿਵਾ ਅਤੇ ਕਮੇਟੀ ਦੇ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਾਮਿਤ ਵੀ ਕੀਤਾ ਗਿਆ।ਇਸ ਮੀਟਿੰਗ ਵਿੱਚ ਕਮੇਟੀ ਦੇ ਹੋਰ ਮੈਂਬਰ ਸਮਿਤਾ ਉਦੈ ਵਾਗ, ਦਰੋਗਾ ਪ੍ਰਸ਼ਾਦ ਸਰੋਜ, ਨੀਰਜ ਦਾਂਗੀ, ਸੁਲਾਤੋ ਦਿਓ, ਅਫਜ਼ਲ ਅੰਨਸਾਰੀ, ਹਨੂਮਾਨ ਬੇਨੀਵਾਲ, ਵੀਨਾ ਦੇਵੀ, ਹਸਮੁੱਖ ਭਾਈ, ਸੋਮਾ ਬਾਈ ਪਟੇਲ, ਕੇ.ਐਮ. ਸੁਧਾ ਆਰ. , ਡਾ. ਮੱਲੂ ਰਵੀ, ਵਿਭੂ ਪ੍ਰਸਾਦ ਤਰਾਈ, ਡੀਸੀ ਦਲਵਿੰਦਰਜੀਤ ਸਿੰਘ, ਏਡੀਸੀ ਰੋਹਿਤ ਗੁਪਤਾ ਤੋਂ ਇਲਾਵਾ ਉਦਯੋਗ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਨੇ ਹਾੜ੍ਹੀ ਦੀਆਂ ਫਸਲਾਂ ਅਤੇ ਸਹਾਇਕ ਧੰਦਿਆਂ ਸੰਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ

**ਪੱਟੀ/ਤਰਨ ਤਾਰਨ, (ਬਲਦੇਵ ਸਿੰਘ ਸੰਧੂ)**

'ਫਸਲੀ ਵਿਭਿੰਨਤਾ ਅਪਣਾਈਏ, ਨਵੀਆਂ ਖੇਤੀ ਤਕਨੀਕਾਂ ਅਪਣਾ ਕੇ ਰੰਗਲਾ ਪੰਜਾਬ ਬਣਾਈਏ' ਦੇ ਸੰਦੇਸ਼ ਨੂੰ ਮੁੱਖ ਰੱਖਦਿਆਂ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ ਅਤੇ ਖੇਤੀ ਦੇ ਸਹਾਇਕ ਧੰਦਿਆਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਐਗਰੀਕਲਚਰ ਐਕਸਟੈਂਸ਼ਨ ਸਕੀਮ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤਰਨ ਤਾਰਨ ਵੱਲੋਂ ਭੱਠਲ ਫਾਰਮ, ਨੌਸ਼ਹਿਰਾ ਪਨੂੰਆਂ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਦਾ ਉਦਘਾਟਨ ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਰਕੀਟ ਕਮੇਟੀ ਹਰੀਕੇ ਦੇ ਚੇਅਰਮੈਨ ਅਤੇ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੇ ਪੀ. ਏ. ਸ. ਦਿਲਬਾਗ ਸਿੰਘ ਵੱਲੋਂ ਕੀਤਾ ਗਿਆ।ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਦਾ ਉਦਘਾਟਨ ਕਰਨ ਮੌਕੇ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਹੁੰਦਿਆਂ ਚੇਅਰਮੈਨ ਸ. ਦਿਲਬਾਗ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਖੁਸ਼ਹਾਲ ਵੇਖਣਾ ਚਾਹੁੰਦੀ ਹੈ ਅਤੇ ਇਸ ਲਈ ਨਿਰੰਤਰ ਕਾਰਜ ਕਰ ਰਹੀ ਹੈ। ਉਨਾਂ ਦੱਸਿਆ ਕਿ ਭਵਿੱਖ ਵਿੱਚ ਪਾਣੀ ਪੱਧਰ ਨਾ ਘਟੇ ਇਸ ਲਈ ਸਰਕਾਰ ਬਣਦਿਆਂ ਹੀ ਕਿਸਾਨਾਂ ਦੇ ਹਰ ਖੇਤ ਵਿੱਚ ਨਹਿਰੀ ਪਾਣੀ ਪਹੁੰਚਾਉਣ ਲਈ ਯਤਨ ਆਰੰਭੇ ਉਥੇ ਪਾਣੀ ਰਿਚਾਰਜ ਕਰਨ ਵਾਲੀ ਤਕਨੀਕ ਝੋਨੇ ਦੀ ਸਿੱਧੀ ਬਿਜਾਈ ਨੂੰ ਅਪਣਾਉਣ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਜਿਸ ਤਹਿਤ ਇਸ ਸਾਲ ਤਰਨ ਤਰਨ ਦੇ ਕਿਸਾਨਾਂ ਨੂੰ ਲਗਭਗ 39 ਲੱਖ ਰੁਪਏ ਦੀ ਰਕਮ



ਸਿੱਧੀ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ।ਇਸ ਸਾਲ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਦਰਦ ਨੂੰ ਘਟਾਉਣ ਲਈ ਪਹਿਲੀ ਵਾਰ ਪੰਜਾਬ ਸਰਕਾਰ ਨੇ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਉਥੇ ਜ਼ਿਲ੍ਹਾ ਤਰਨ ਤਾਰਨ ਵਿੱਚ 20 ਹਜਾਰ ਏਕੜ ਤੋਂ ਵੱਧ ਕਣਕ ਦਾ ਬੀਜ ਮੁਫਤ ਕਿਸਾਨਾਂ ਨੂੰ ਦਿੱਤਾ ਗਿਆ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਰਨ ਡਾ. ਤੇਜਬੀਰ ਸਿੰਘ ਭੰਗੂ ਨੇ ਮਹਿਕਮੇ ਦੁਆਰਾ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਦੱਸਿਆ ਅਤੇ ਜਾਗਰੂਕ ਕੀਤਾ ਕਿ ਕਿਸਾਨ ਆਪਣੀ ਲੋੜ ਅਨੁਸਾਰ ਸਹਾਇਕ ਧੰਦਿਆਂ ਦੀ ਸਿਖਲਾਈ ਪ੍ਰਾਪਤ ਕਰਨ ਲਈ ਖੇਤੀਬਾੜੀ ਵਿਭਾਗ ਅਤੇ ਯੂਨੀਵਰਸਿਟੀ ਦੇ ਅਦਾਰਿਆਂ ਨਾਲ ਤਾਲਮੇਲ ਬਣਾਉਣ ਤਾਂ ਜੋ ਖੇਤੀ ਨੂੰ ਲਾਹੇਵੰਦ ਬਣਾਇਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਦੇਣ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਉਥੇ ਵਾਤਾਵਰਨ ਪ੍ਰਦੂਸ਼ਿਤ ਹੋਣ ਨਾਲ ਬਹੁਤ ਸਾਰੀਆਂ ਭਿਆਨਕ ਬਿਮਾਰੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।ਇਸ ਸਮੱਸਿਆ ਦੇ ਹੱਲ ਲਈ ਜਿੱਥੇ ਸਰਕਾਰ ਨੇ ਕਿਸਾਨਾਂ ਦੀ ਮਜਬੂਰੀ ਨੂੰ ਸਮਝਦਿਆਂ ਝੋਨੇ ਦੀ ਅਗੇਤੀ ਲਵਾਈ ਦੀ ਖੁੱਲ੍ਹ ਦਿੱਤੀ ਉਥੇ ਇਸ ਲਈ ਲੋੜੀਂਦੀ ਮਸ਼ੀਨਰੀ ਤੇ ਲਗਭਗ 10 ਕਰੋੜ ਰੁਪਏ ਦੀ ਸਬਸਿਡੀ ਦਾ ਪ੍ਰਬੰਧ ਕੀਤਾ।ਇਸ ਦੇ ਨਾਲ ਹੀ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਪਿੰਡ ਪੱਧਰ, ਬਲਾਕ ਪੱਧਰ ਅਤੇ ਜਿਲ੍ਹਾ ਪੱਧਰ 'ਤੇ ਮਾਹਿਰਾਂ ਨੇ ਕੈਂਪ ਲਗਾ ਕੇ ਜਾਗਰੂਕ ਕੀਤਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਉਪਰਾਲਿਆਂ ਸਦਕਾ ਇਸ ਵਾਰ ਪਿਛਲੇ ਸਾਲ ਨਾਲੋਂ ਅਗਜਨੀ ਦੀਆਂ ਘਟਨਾਵਾਂ ਘਟੀਆਂ ਜੋ ਕਿ ਸਾਡੇ ਚੰਗੇ ਭਵਿੱਖ ਲਈ ਵਧੀਆ ਉਪਰਾਲਾ ਹੈ।ਇਸੇ ਤਰ੍ਹਾਂ ਜ਼ਮੀਨ ਸੁਧਾਰ ਲਈ ਲਗਭਗ 12 ਲੱਖ ਦੀ ਸਬਸਿਡੀ ਤੇ ਜਿਪਸਮ ਦਿੱਤੀ ਗਈ।ਸਟੇਜ ਸੰਚਾਲਨ ਦੌਰਾਨ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫ਼ਸਰ ਪੱਟੀ ਨੇ ਹਾਜ਼ਰੀਨ ਨੂੰ ਭੂਮੀ ਦੀ ਸਿਹਤ ਬਣਾਈ ਰੱਖਣ ਲਈ ਮਿੱਟੀ ਪਰਖ ਅਨੁਸਾਰ ਖਾਦਾਂ ਦੀ ਵਰਤੋਂ ਅਤੇ ਪਰਾਲੀ ਪ੍ਰਬੰਧਨ ਤਕਨੀਕਾਂ ਨੂੰ ਅਪਣਾਉਣ ਦੀ ਸਲਾਹ ਦਿੱਤੀ।ਕੈਂਪ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਜ਼ਿਲ੍ਹਾ ਪਸਾਰ ਮਾਹਿਰ, ਕ੍ਰਿਸ਼ੀ ਵਿਗਿਆਨ ਕੇਂਦਰ, ਬੂਹ, ਬਾਗਬਾਨੀ ਵਿਭਾਗ, ਭੂਮੀ ਰੱਖਿਆ ਵਿਭਾਗ, ਮੱਛੀ ਪਾਲਣ ਵਿਭਾਗ, ਖ਼ਾਲਸਾ ਕਾਲਜ ਸਿਖਲਾਈ ਕੇਂਦਰ ਦੇ ਮਾਹਿਰਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ।ਇਸ ਮੌਕੇ ਜ਼ਿਲ੍ਹਾ ਸਿਖਲਾਈ ਅਫ਼ਸਰ ਡਾ. ਬਲਜਿੰਦਰ ਸਿੰਘ ਭੁੱਲਰ, ਡਾ. ਹਰਦੀਪ ਕੌਰ ਸਹਾਇਕ ਮੰਡੀਕਰਨ ਅਫ਼ਸਰ, ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਵਿਕਰਮ ਸੂਦ, ਬਲਾਕ ਖੇਤੀਬਾੜੀ ਅਫ਼ਸਰ ਪੱਟੀ ਡਾ. ਭੁਪਿੰਦਰ ਸਿੰਘ, ਖੇਤੀਬਾੜੀ ਅਫ਼ਸਰ ਗੰਡੀਵਿੰਡ ਡਾ. ਗੁਰਿੰਦਰਜੀਤ ਸਿੰਘ, ਖੇਤੀਬਾੜੀ ਅਫ਼ਸਰ ਨੌਸ਼ਹਿਰਾ ਪਨੂੰਆਂ ਅਤੇ ਤਰਨ ਤਰਨ ਡਾ. ਮਲਵਿੰਦਰ ਸਿੰਘ, ਖੇਤੀਬਾੜੀ ਅਫ਼ਸਰ ਚੋਹਲਾ ਸਾਹਿਬ, ਵਲਟੋਹਾ ਡਾ. ਅਮਰਬੀਰ ਸਿੰਘ, ਡਾ. ਹਰਮੀਤ ਸਿੰਘ ਏਡੀਓ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਿਰਕਤ ਕੀਤੀ।ਇਸ ਮੌਕੇਂ ਡਾ. ਹਰਪਾਲ ਸਿੰਘ ਪੰਨੂ, ਡਾ. ਜਗਵਿੰਦਰ ਸਿੰਘ ਸਾਬਕਾ ਮੁੱਖ ਖੇਤੀਬਾੜੀ ਅਫ਼ਸਰ, ਗਿਆਨ ਸਿੰਘ ਕੋਟ ਬੁੱਢਾ, ਰਣਜੀਤ ਸਿੰਘ ਸਰਪੰਚ ਕੋਟ ਬੁੱਢਾ, ਵਾਇਸ ਚੇਅਰਮੈਨ ਠੇਕੇਦਾਰ ਸਤਨਾਮ ਸਿੰਘ, ਬਲਾਕ ਪ੍ਰਧਾਨ ਅਵਤਾਰ ਸਿੰਘ ਸਭਰਾ ਅਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਤਕਨੀਕੀ ਸੈਸ਼ਨ ਅਤੇ ਸਟਾਲਾਂ 'ਤੇ ਜਾਣਕਾਰੀ ਪ੍ਰਾਪਤ ਕੀਤੀ।

# ਬਾਬਾ ਮੋਤੀ ਰਾਮ ਮਹਿਰਾ, ਮਾਤਾ ਗੁਜਰ ਕੌਰ ਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇੱਥੋਂ ਨਜ਼ਦੀਕ ਗੁਰਦੁਆਰਾ ਕਲਗੀਧਰ ਸਿੰਘ ਸਭਾ ਪਿੰਡ ਖੁੰਡਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਮੋਤੀ ਰਾਮ ਮਹਿਰਾ, ਮਾਤਾ ਗੁਜਰ ਕੌਰ ਅਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ। ਉਪਰੰਤ ਰਾਗੀ ਜਥੇ ਨੇ ਕੀਰਤਨ ਕੀਤਾ। ਢਾਡੀ ਭਾਈ ਸਚਨਦੀਪ ਸਿੰਘ ਸੋਹਲ ਦੇ ਜਥੇ ਵੱਲੋਂ ਸ਼ਹੀਦਾਂ ਦੀਆਂ ਵਾਰਾਂ ਪੇਸ਼ ਕਰਦਿਆਂ ਗੁਰ-ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਵਰਿੰਦਰ ਸਿੰਘ ਸੋਨੂੰ, ਗੁਰਨਾਮ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ, ਦਰਸ਼ਨ ਸਿੰਘ, ਗੁਰਵਿੰਦਰ ਸਿੰਘ, ਗ੍ਰੰਥੀ ਸਿੰਘ ਬਾਬਾ ਸੁਵਿੰਦਰ ਸਿੰਘ, ਬਾਬਾ ਬਲਦੇਵ ਸਿੰਘ, ਬਲਵਿੰਦਰ ਸਿੰਘ ਆਦਿ ਸਮੇਤ ਸੰਗਤਾਂ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਢਾਡੀ ਜਥਾ ਸਚਨਦੀਪ ਸਿੰਘ ਸੋਹਲ, ਹੋਰ ਰਾਗੀਆਂ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਦੁੱਧ ਦਾ ਲੰਗਰ ਵੀ ਲਗਾਇਆ ਗਿਆ।

# ਬੀਬੀ ਰਮਨਦੀਪ ਕੌਰ ਖਹਿਰਾ ਨੂੰ ਭਰਪੂਰ ਸ਼ਰਧਾਂਜਲੀਆਂ






**ਸ਼ਾਹਕੋਟ (ਗਿਆਨ ਸੈਦਪੁਰੀ)**- ਸ਼ੇਰੋਵਾਲੀਆ/ ਖਹਿਰਾ ਪਰਿਵਾਰ ਦੀ ਹੋਣਹਾਰ ਨੂੰਹ ਅਤੇ ਚੋਹਲਾ ਸਾਹਿਬ (ਤਰਨ ਤਾਰਨ)ਦੀ ਲਾਡਲੀ ਧੀ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਵੱਖ ਵੱਖ ਆਗੂਆਂ ਨੇ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ। ਰਮਨਦੀਪ ਕੌਰ ਖਹਿਰਾ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਰਿਸ਼ਤੇ ਚੋਂ ਲੱਗਦੇ ਚਚੇਰੇ ਭਰਾ ਸੰਦੀਪ ਸਿੰਘ ਖਹਿਰਾ ਦੀ ਜੀਵਨ ਸਾਥਣ ਸਨ। ਕੁਝ ਸਮਾਂ ਬਿਮਾਰ ਰਹਿਣ ਪਿੱਛੋਂ ਉਹ ਪਿਛਲੇ ਦਿਨੀਂ ਅਮਰੀਕਾ ਦੇ ਕੈਲੀਫੋਰਨੀਆ ਸਟੇਟ ਦੇ ਫਰੀਮਾਉਂਟ ਸ਼ਹਿਰ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ। ਮੰਗਲਵਾਰ ਨੂੰ ਖਹਿਰਾ ਪਰਵਾਰ ਦੇ ਗ੍ਰਹਿ ਵਿਖੇ ਹੋਈ ਅੰਤਿਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਨੇ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਖਹਿਰਾ ਪਰਿਵਾਰ ਨਾਲ ਆਪਣੀਆਂ ਸੰਵੇਦਨਾਵਾਂ ਪ੍ਰਗਟ ਕਰਦਿਆਂ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਵੱਡਿਆਂ ਦੇ ਅਕਾਲ ਚਲਾਣੇ ਦਾ ਦੁੱਖ ਤਾਂ ਹੁੰਦਾ ਹੀ ਹੈ, ਪਰ ਇਸ ਮੌਤ ਨੂੰ ਜਰਨਾ ਸੌਖਾ ਨਹੀਂ ਹੁੰਦਾ ਹੈ। ਕਦੇ ਕਦੇ ਅਜਿਹੇ ਤਰ੍ਹਾਂ ਪੈ ਜਾਂਦੇ ਹਨ। ਅਜਿਹੀ ਮੌਤ ਦਾ ਦਰਦ ਬੜਾ ਹੀ ਤੀਬਰ ਹੁੰਦਾ ਹੈ। ਇਹੋ ਸਮਾਂ ਹੁੰਦਾ ਹੈ, ਜਦੋਂ ਪਰਮਾਤਮਾ ਨੂੰ ਆਪਣਾ ਫੈਸਲਾ ਬਦਲਣ ਦੀ ਅਰਜੋਈ ਕਰਨ ਨੂੰ ਦਿਲ ਕਰਦਾ ਹੈ। ਅਕਾਲੀ ਦਲ (ਪੁਨਰ ਸੁਰਜੀਤ ) ਦੇ ਆਗੂ ਅਤੇ ਸਾਬਕਾ ਵਿਧਾਇਕ ਹਲਕਾ ਨਕੋਦਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬੀਬੀ ਰਮਨਦੀਪ ਕੌਰ ਖਹਿਰਾ ਦੀ ਮੌਤ 'ਤੇ ਦੁੱਖ ਪ੍ਰਗਟ ਕਰਨ ਲਈ ਸ਼ਬਦਾਂ ਦੀ ਚੋਣ ਕਰਨੀ ਔਖੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਸਿੱਖਿਆ ਦਿੰਦਾ ਹੈ, ਉੱਥੇ ਸਬਰ ਕਰਨ ਲਈ ਵੀ ਪ੍ਰੇਰਦਾ ਹੈ। ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਬੀਬੀ ਰਮਨਦੀਪ ਕੌਰ ਖਹਿਰਾ ਦੀ ਕੋਮਲ, ਭਾਵੀ ਅਤੇ ਸਿਆਣਪਾ ਭਰੀ ਸ਼ਖ਼ਸ਼ੀਅਤ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਖਹਿਰਾ ਪਰਿਵਾਰ ਅਤੇ ਚੋਹਲਾ ਸਾਹਿਬ ਦੇ ਪਰਿਵਾਰ ਵੱਲੋਂ ਸਮਾਜ ਵਿੱਚ ਪ੍ਰਾਪਤ ਕੀਤੇ ਉੱਚ ਦੁਮਾਲੜੇ ਰੁਤਬੇ ਦਾ ਜ਼ਿਕਰ ਵੀ ਕੀਤਾ। ਇਸ ਤੋਂ ਪਹਿਲਾਂ ਖਹਿਰਾ ਗ੍ਰਹਿ ਵਿਖੇ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਭਾਈ ਆਗਿਆਕਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਅੰਤਿਮ ਅਰਦਾਸ ਵਿੱਚ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਤਰਮਿੰਦਰ ਸਿੰਘ ਕਾਹਨਾ ਢੇਸੀਆਂ, ਕੁਲਵੰਤ ਸਿੰਘ ਚੋਹਲਾ ਸਾਹਿਬ ਸਾਬਕਾ ਚੇਅਰਮੈਨ, ਹੀਰਾ ਸਿੰਘ ਖਹਿਰਾ, ਡਾ. ਨਵਜੋਤ ਸਿੰਘ ਦਹੀਆ ਕਾਂਗਰਸ ਹਲਕਾ ਇੰਚਾਰਜ ਨਕੋਦਰ, ਸੰਤੋਖ ਸਿੰਘ ਭਲਾਈਪੁਰ ਸਾਬਕਾ ਵਿਧਾਇਕ, ਰਜਿੰਦਰ ਸਿੰਘ ਹਲਕਾ ਇੰਚਾਰਜ ਕਰਤਾਰਪੁਰ, ਅੰਮ੍ਰਿਤਪਾਲ ਸਿੰਘ ਡੀ ਏ ਅੰਮ੍ਰਿਤਸਰ, ਰਾਣਾ ਰਾਜਬੀਰ ਕੌਰ ਸਾਬਕਾ ਵਿਧਾਇਕ, ਅਜਮੇਰ ਸਿੰਘ ਖਾਲਸਾ, ਰਮੇਸ਼ਵਰ ਸਿੰਘ ਚੇਅਰਮੈਨ ਜਲੰਧਰ ਵੇਰਕਾ ਪਲਾਂਟ, ਅਰਵਿੰਦਰਪਾਲ ਸਿੰਘ ਖਹਿਰਾ ਸਾਬਕਾ ਚੇਅਰਮੈਨ ਸ਼ੂਗਰ ਮਿੱਲ, ਬਲਰਾਜ ਸਿੰਘ ਖਹਿਰਾ, ਜਗਮਿੰਦਰ ਸਿੰਘ ਖਹਿਰਾ (ਅਮਰੀਕਾ), ਜਥੇਦਾਰ ਸੁਲੱਖਣ ਸਿੰਘ ਨਿਮਾਜ਼ੀਪੁਰ ਹਲਕਾ ਇਨਚਾਰਜ ਸ਼੍ਰੋਮਣੀ ਅਕਾਲੀ ਦਲ(ਅੰਮ੍ਰਿਤਸਰ), ਗੁਲਜ਼ਾਰ ਸਿੰਘ ਥਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਅਮਰਜੀਤ ਸਿੰਘ ਸੰਧਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ, ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ, ਹਰਦੇਵ ਸਿੰਘ ਪੀਟਾ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਅਮਰਜੀਤ ਸਿੰਘ ਈਦਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਗਰੇਟਾ ਦਲ, ਮਹਿੰਦਰਪਾਲ ਸਿੰਘ ਟੁਰਨਾ ਬਲਾਕ ਪ੍ਰਧਾਨ ਮਹਿਤਪੁਰ, ਦਲਬੀਰ ਸਿੰਘ ਸੰਬੜਵਾਲ, ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਗੁਰਿੰਦਰ ਸਿੰਘ ਬਹੁਗੁਣ, ਸੁਖਦੀਪ ਸਿੰਘ ਕੰਗ ਪੀਏ, ਸੁਖਦੇਵ ਸਿੰਘ ਸੁੱਖਾ ਬਲਾਕ ਸੰਮਤੀ ਮੈਂਬਰ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋਆਪਰੇਟਿਵ ਸੁਸਾਇਟੀ ਢੰਡੋਵਾਲ, ਪਹਿਲਵਾਨ ਨਛੱਤਰ ਸਿੰਘ ਸੱਤੀ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਪਵਨ ਅਗਰਵਾਲ ਸਾਬਕਾ ਮੈਂਬਰ ਨਗਰ ਸ਼ਾਹਕੋਟ,ਡਾ. ਗਿੱਲ ਸਾਬਕਾ ਮੈਂਬਰ ਸ਼ਾਹਕੋਟ, ਗੁਰਜੀਤ ਸਿੰਘ ਕੰਗ ਮੈਂਬਰ ਨਗਰ ਪੰਚਾਇਤ ਲੋਹੀਆਂ, ਅੰਗਰੇਜ਼ ਸਿੰਘ ਤਲਵੰਡੀ ਬੂਟੀਆਂ, ਮੇਜਰ ਸਿੰਘ ਸਰਪੰਚ ਤਲਵੰਡੀ ਬੂਟੀਆਂ, ਜਗਜੀਤ ਸਿੰਘ ਸਿੱਧਪੁਰ, ਕੁਲਬਲ ਸਿੰਘ ਨਵਾਂ ਪਿੰਡ ਅਕਾਲੀਆਂ, ਪਹਿਲਵਾਨ ਲਹਿੰਬਰ ਸਿੰਘ ਨਵਾਂ ਪਿੰਡ ਅਕਾਲੀਆਂ, ਅਜ਼ੀਜ਼ ਮਸੀਹ, ਪਿੰਦਰ ਜੋਸਨ, ਗੁਰਦੀਪ ਸਿੰਘ ਜੱਕੋਪੁਰ ਕਲਾਂ ਜ਼ਿਲ੍ਹਾ ਪਰਿਸ਼ਦ ਮੈਂਬਰ, ਰਿਕਕਾ ਰਾਣੀ ਮੰਡਿਆਲਾ ਜ਼ਿਲ੍ਹਾ ਪਰਿਸ਼ਦ ਮੈਂਬਰ, ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਬਲਵੰਤ ਸਿੰਘ ਮਲਸੀਆਂ, ਅਮਨ ਬਾਗਪੁਰ, ਮਾਸਟਰ ਗੁਰਚਰਨ ਸਿੰਘ ਚਾਹਲ ਕਿਸਾਨ ਆਗੂ, ਟਿੱਪੀ ਕੁਮਾਰ, ਬੰਟੀ ਬੱਠਲਾ, ਲਛਮਣ ਸੋਬਤੀ ਬਿੱਟੂ ਖੈਹਿਰਾ ਸਾਬਕਾ ਸਰਪੰਚ, ਅਮਰਜੀਤ ਸਿੰਘ ਸਾਬਕਾ ਸਰਪੰਚ ਕੋਹਾੜ ਕਲਾਂ, ਹਰਭਜਨ ਸਿੰਘ ਸਾਬਕਾ ਸਰਪੰਚ ਪਰਜੀਆਂ ਕਲਾਂ ਆਦਿ ਮੌਜੂਦ ਸਨ।

# ਰਾਜ ਕੁਮਾਰੀ ਤੇ ਨਾਟਕਕਾਰ

ਇਕ ਸੀ ਰਾਜਾ, ਉਸ ਦੀ ਇੱਕੋ-ਇੱਕ ਇਕਲੌਤੀ ਬੇਟੀ ਸੀ। ਉਹ ਜਦੋਂ ਮੁਟਿਆਰ ਹੋਈ ਤਾਂ ਰਾਜੇ ਨੇ ਉਸ ਲਈ ਕੋਈ ਵਰ ਭਾਲਣਾ ਸ਼ੁਰੂ ਕਰ ਦਿੱਤਾ। ਉਸ ਨੇ ਹਰ ਰੋਜ਼ ਆਪਣੀ ਮੰਤਰੀ ਚਾਰੇ ਦਿਸ਼ਾਵਾਂ ਵਿੱਚ ਭੇਜਣੇ ਸ਼ੁਰੂ ਕਰ ਦਿੱਤੇ ਤਾਂ ਕਿ ਉਹ ਕੋਈ ਚੰਗਾ ਵਰ ਲੱਭਣ, ਪਰ ਲੜਕੀ ਹੋਰ ਵਰ ਨੂੰ ਠੁਕਰਾਅ ਦਿੰਦੀ।



ਮੰਤਰੀ ਹੁਣ ਵਰ ਲੱਭਦੇ ਥੱਕ ਗਏ ਤੇ ਲੜਕੀ ਦੀ ਪਸੰਦ ਤੋਂ ਤੰਗ ਆ ਗਏ। ਉਨ੍ਹਾਂ ਨੇ ਹੁਣ ਘਟੀਆ ਵਰ ਲਿਆਉਣ ਬਾਰੇ ਫੈਸਲਾ ਕੀਤਾ। ਇੱਕ ਦਿਨ ਉਹ ਕਿਸੇ ਪਾਸੇ ਨੂੰ ਜਾ ਰਹੇ ਸਨ।

ਉਨ੍ਹਾਂ ਨੂੰ ਰਸਤੇ ਵਿੱਚ ਇੱਕ ਲੱਕੜਹਾਰਾ ਦਰੱਖਤ ਉੱਤੇ ਲੱਕੜਾਂ ਵੱਢਦਾ ਦਿਖਿਆ। ਉਹ ਲੱਕੜ ਵੱਢਦਾ ਹੇਠ ਵਾਰ ਤੇ ਆਪ ਲੱਕੜ ਦੇ ਉਪਰ ਵਾਰ ਬੈਠਾ ਸੀ। ਵਜ਼ੀਰਾਂ ਨੇ ਦੇਖ ਕੇ ਅੰਦਾਜ਼ਾ ਲਾਇਆ ਕਿ ਇਹ ਕੋਈ ਮੂਰਖ ਬੰਦਾ ਹੈ, ਜੋ ਲੱਕੜ ਵੱਢਦਾ ਹੇਠਾਂ ਤੇ ਬੈਠਾ ਉਪਰਲੇ ਪਾਸੇ ਹੈ।

ਉਨ੍ਹਾਂ ਨੇ ਉਸ ਨੂੰ ਦਰੱਖਤ ਤੋਂ ਥੱਲੇ ਆਉਣ ਲਈ ਕਿਹਾ। ਜਦੋਂ ਉਹ ਉਨ੍ਹਾਂ ਕੋਲ ਆਇਆ ਤਾਂ ਉਨ੍ਹਾਂ ਨੇ ਉਸ ਨੂੰ ਵਿਆਹ ਕਰਾਉਣ ਲਈ ਪੁੱਛਿਆ। ਉਹ ਝੱਟਪਟ ਮੰਨ ਗਿਆ। ਵਜ਼ੀਰਾਂ ਨੇ ਉਸ ਨੂੰ ਹੱਸ ਕੇ ਨਵੇਂ ਕੱਪੜੇ ਪਾਉਣ ਲਈ ਕਿਹਾ ਤੇ ਉਹ ਪ੍ਰਸ਼ਨ ਦਾ ਉੱਤਰ ਵੀ ਦੱਸ ਦਿੱਤਾ, ਜੋ ਰਾਜ ਕੁਮਾਰੀ ਨੇ ਪੁੱਛਣਾ ਸੀ।

ਜਦੋਂ ਲੱਕੜਹਾਰੇ ਨੂੰ ਸਜਾ ਸੁਆਰ ਕੇ ਰਾਜ ਕੁਮਾਰੀ ਸਾਹਮਣੇ ਲਿਆਂਦਾ ਤਾਂ ਰਾਜ ਕੁਮਾਰੀ ਨੇ ਪ੍ਰਸ਼ਨ ਕੀਤਾ ਕਿ ਕੌਣ ਜਗਤ ਮੇਂ ਏਕ ਹੈ। ਕੌਣ ਜਗ ਮੈ, ਦੋ ਕੌਣ ਜਗਤ ਮੈਂ ਜਾਗਤਾ ਕੌਣ ਜਹਾਨ ਮੈਂ। ਲੱਕੜਹਾਰੇ ਨੇ ਕਿਹਾ ਪ੍ਰਭਜਗਤ ਮੇਂ ਏਕ ਹੈ ਸੂਰਜਰਾ ਚੰਦਰਮਾ ਦੋ ਪਾਪਜਗਤ ਮੇਂ ਜਾਗਤਾ ਪੁੰਨ ਜਗਤ ਮੇ ਸੌਂ।

ਰਾਜ ਕੁਮਾਰੀ ਨੇ ਇਸ ਵਰ ਨੂੰ ਸਵੀਕਾਰ ਕਰ ਲਿਆ, ਪਰ ਬਾਅਦ ਵਿੱਚ ਉਸ ਲੱਕੜਹਾਰੇ ਦੀ ਬੋਲਚਾਲ ਤੋਂ ਪਤਾ ਲੱਗਾ ਕਿ ਉਹ ਤਾਂ ਮੂਰਖ ਹੈ। ਰਾਜ ਕੁਮਾਰੀ ਨੇ ਮਾਰ ਕੇ ਉਸ ਨੂੰ ਬਾਹਰ ਸੁੱਟ ਦਿੱਤਾ। ਉਹ ਕਾਲੀ ਮਾਈ ਦੇ ਮੰਦਰ ਦੇ ਵਿਹੜੇ ਵਿੱਚ ਜਾ ਡਿੱਗਾ। ਉਸ ਰਾਜ ਕੁਮਾਰੀ ਦਾ ਨਾਮ ਵੀ ਕਾਲੀ ਸੀ। ਲੱਕੜਹਾਰਾ ਡਿੱਗ ਕੇ ਚੀਕਿਆ-ਹਾਏ ਕਾਲੀ ਪਰ ਰਾਜਕੁਮਾਰੀ ਦੀ ਥਾਂ ਕਾਲੀ ਮਾਈ ਮੰਦਰ ਵਿੱਚੋਂ ਨਿਕਲ ਕੇ ਉਸ ਵੱਲ ਆਈ ਤੇ ਉਸ ਨੂੰ ਵਰ ਦਿੱਤਾ ਕਿ ਉਹ ਸਭ ਤੋਂ ਵੱਡਾ ਵਿਦਵਾਨ ਨਾਟਕਕਾਰ ਬਣੇਗਾ।

ਉਹ ਉੱਠਿਆ ਤੇ ਰਾਜ ਕੁਮਾਰੀ ਦੇ ਕਮਰੇ ਵਿੱਚ ਜਾਣ ਲਈ ਪੌੜੀਆਂ ਚੜ੍ਹਨ ਲੱਗਾ। ਹਰ ਪੌੜੀ 'ਤੇ ਇੱਕ ਸਲੋਕ ਲਿਖਦਾ ਗਿਆ। ਹੁਣ ਰਾਜ ਕੁਮਾਰੀ ਨੇ ਉਸ ਨੂੰ ਪਸੰਦ ਕਰ ਸਵੀਕਾਰ ਕਰ ਲਿਆ। ਇਹੀ ਲੱਕੜਹਾਰਾ ਭਾਰਤ ਦਾ ਮਹਾਨ ਕਾਲੀਦਾਸ ਹੋਇਆ ਹੈ, ਜਿਸ ਨੇ ਸੰਸਕ੍ਰਿਤ ਵਿੱਚ ਭਾਰਤ ਦੇ ਅਨੇਕਾਂ ਸਲੋਕਾਂ 'ਤੇ ਨਾਟਕ ਰਚੇ ਹਨ।



ਡਾ: ਨਵਪ੍ਰੀਤ ਕੌਰ
ਐੱਸ.ਐੱਸ. ਮਿਸਟ੍ਰੈਸ
82839-59199

## ਜਾਪਾਨ ਦੌਰਾ ਨਿਵੇਸ਼ ਦੀ ਦ੍ਰਿਸ਼ਟੀ ਰਾਹੀਂ ਸਫਲ ਰਿਹਾ : ਰਾਓ ਨਰਬੀਰ ਸਿੰਘ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਅਕਤੂਬਰ ਮਹੀਨੇ ਵਿੱਚ ਕੀਤਾ ਗਿਆ ਜਾਪਾਨ ਦੌਰਾ ਨਿਵੇਸ਼ ਦੀ ਦ੍ਰਿਸ਼ਟੀ ਰਾਹੀਂ ਬਹੁਤਾ ਸਫਲ ਰਿਹਾ ਹੈ। ਇਸ ਦੌਰੇ ਦੇ ਨਤੀਜੇ ਵੱਜੋਂ ਹਰਿਆਣਾ ਵਿੱਚ ਲਗਭਗ 5000 ਕਰੋੜ ਰੁਪਏ ਦੇ ਨਿਵੇਸ਼ ਸਮਝੌਤੇ ਹੋਏ ਹਨ, ਜਿਨ੍ਹਾਂ ਵਿੱਚੋਂ ਸੂਬੇ ਵਿੱਚ ਖੇਤੀਬਾੜੀ, ਵਾਤਾਵਰਨ ਅਤੇ ਉਦਯੋਗਿਕ ਵਿਕਾਸ ਦੇ ਖੇਤਰ ਵਿੱਚ ਇੱਕ ਨਵੇਂ ਯੁਗ ਦੀ ਸ਼ੁਰੂਆਤ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਹਰਿਆਣਾ ਸਰਕਾਰ ਐਮਓਯੂ ਅਨੁਸਾਰ ਜਾਪਾਨੀ ਕੰਪਨਿਆਂ ਨੂੰ ਜਲਦ ਹੀ ਜਮੀਨ ਅਤੇ ਹੋਰ ਜਰੂਰੀ ਡੋਕਯੂਮੈਂਟਸ ਸੌਂਪੇਗੀ। ਇਸ ਪ੍ਰਕਿਰਿਆ ਨੂੰ ਗਤੀ ਦੇਣ ਲਈ ਸਰਕਾਰ ਦਾ ਇੱਕ ਵਫ਼ਦ ਜਲਦ ਹੀ ਜਾਪਾਨ ਜਾਵੇਗਾ। ਜਾਪਾਨੀ ਕੰਪਨਿਆਂ ਦੇ ਵਫ਼ਦ ਨੇ ਕੱਲ੍ਹ ਹੀ ਵਰਚੁਅਲ ਮੀਡੀਅਮ ਨਾਲ ਹਰਿਆਣਾ ਸਰਕਾਰ ਦੇ ਅਧਿਕਾਰਿਆਂ ਨਾਲ ਵਿਸਥਾਰ ਚਰਚਾ ਕੀਤੀ ਹੈ।

## ਹਰਜੋਤ ਕੌਰ ਲੋਹਟੀਆ ਮਹਿਲਾ ਵਿੰਗ ਦੋਆਬਾ ਜ਼ੋਨ ਦੇ ਇੰਚਾਰਜ ਬਣੇ

**ਬੰਗਾ (ਅਵਤਾਰ ਕਲੇਰ)** ਮਿਹਨਤੀ ਤੇ ਟਕਸਾਲੀ ਵਰਕਰ ਹਰਜੋਤ ਲੋਹਟੀਆ ਨੂੰ 2017 ਵਿੱਚ ਹਲਕਾ ਬੰਗਾ ਦੀ ਜਨਤਾ ਵੱਲੋਂ 43,500 ਵੋਟਾਂ ਦੇ ਕੇ ਭਰਪੂਰ ਮਾਣ ਅਤੇ ਸਨਮਾਨ ਦਿੱਤਾ ਗਿਆ ਸੀ। ਪਾਰਟੀ ਹਾਈ ਕਮਾਨ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਪਾਰਟੀ ਨੂੰ ਜੜਾਂ ਤੋਂ ਮਜ਼ਬੂਤ ਕਰਨ ਅਤੇ ਮਹਿਲਾ ਵਿੰਗ ਦੀ ਸਰਗਰਮੀ ਨੂੰ ਹੋਰ ਤੇਜ਼ ਕਰਨ ਦੇ ਉਦੇਸ਼ ਨਾਲ ਪਾਰਟੀ ਵੱਲੋਂ ਮਹਿਲਾ ਵਿੰਗ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ ਹਰਜੋਤ ਕੌਰ ਲੋਹਟੀਆ ਨੂੰ ਮਹਿਲਾ ਵਿੰਗ ਦੇ ਦੋਆਬਾ ਜ਼ੋਨ ਕੋਆਰਡੀਨੇਟਰ ਲਗਾਇਆ ਗਿਆ ਹੈ। ਕੁਲਵੀਰ ਕੌਰ ਨੂੰ ਜ਼ਿਲ੍ਹਾ ਕੋਆਰਡੀਨੇਟਰ ਮਹਿਲਾ ਵਿੰਗ ਅਤੇ ਗੁਰਪ੍ਰੀਤ ਕੌਰ ਨੂੰ ਹਲਕਾ ਕੋਆਰਡੀਨੇਟਰ ਮਹਿਲਾ ਵਿੰਗ ਵਜੋਂ ਨਵੀਂ ਜ਼ਿੰਮੇਵਾਰੀ ਸੌਂਪੀ ਗਈ ਹੈ। ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਤਿੰਨਾਂ ਨਵ-ਨਿਯੁਕਤ ਅਹੁਦੇਦਾਰਾਂ ਨੂੰ ਦਿਲੋਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਉਮੀਦ ਜਤਾਈ ਕਿ ਉਹ ਆਪਣੀ ਮਿਹਨਤ, ਇਮਾਨਦਾਰੀ ਅਤੇ ਸਮਰਪਣ ਨਾਲ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕਰਨਗੀਆਂ। ਹਰਜੋਤ ਲੋਹਟੀਆ ਨੇ ਕਿਹਾ ਕਿ ਮਹਿਲਾ ਵਿੰਗ ਦੀ ਭੂਮਿਕਾ ਪਾਰਟੀ ਦੀ ਤਾਕਤ ਹੈ ਅਤੇ ਇਹ ਨਵੀਆਂ ਨਿਯੁਕਤੀਆਂ ਪਾਰਟੀ ਨੂੰ ਗਰਾਊਂਡ ਲੈਵਲ 'ਤੇ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਉਣਗੀਆਂ। ਮੀਡੀਆ ਇੰਚਾਰਜ ਮਨਜੀਤ ਸਿੰਘ ਨਾਮਧਾਰੀ ਨੇ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰਜੋਤ ਕੌਰ ਲੋਹਟੀਆ ਨੇ ਜੜ੍ਹੀ ਪੱਧਰ ਤੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕਰਕੇ ਮਿਹਨਤ ਕੀਤੀ।



## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਨ ਦੀ ਨਿੰਦਾ

**ਜਲੰਧਰ (ਨ ਜ ਸ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਨੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਪੰਜਾਬ ਪੁਲਿਸ ਦੇ ਸਪੈਸ਼ਲ ਸੁਰੱਖਿਆ ਬਰਾਂਚ ਵਲੋਂ ਦਿੱਲੀ ਦੇ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਪ੍ਰਮੁੱਖ ਆਗੂ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ ਨੂੰ ਗ੍ਰਿਫ਼ਤਾਰ ਕਰਨ ਨਾਲ ਸਰਕਾਰ ਦੋਗਲਾ ਚਿਹਰਾ ਨੰਗਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਗ੍ਰਿਫ਼ਤਾਰੀ ਜੀਂਦ ਦੇ ਰਾਜੇ ਦੀ ਸੰਗਰੂਰ ਸਥਿਤ ਜ਼ਮੀਨ ਉੱਪਰ ਬੇਜ਼ਮੀਨੇ ਲੋਕਾਂ ਲਈ ਬੇਗ਼ਮਪੁਰਾ ਵਸਾਉਣ ਅਤੇ ਉਹਨਾਂ ਦੇ ਮਾਨ ਸਨਮਾਨ ਵਾਸਤੇ ਜਥੇਬੰਦੀ ਵਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਅਸਫ਼ਲ ਬਣਾਉਣ ਲਈ ਬੁਖਲਾਹਟ ਵਿੱਚ ਆ ਕੇ ਕੀਤੀ ਗਈ ਹੈ। ਯੂਨੀਅਨ ਮੁਕੇਸ਼ ਮਲੌਦ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਤੋਂ ਇਲਾਵਾ ਮਜ਼ਦੂਰਾਂ ਨੂੰ ਉਹਨਾਂ ਦੇ ਬਣਦੇ ਹੱਕ ਦੇਣ ਦੀ ਮੰਗ ਕਰਦੀ ਹੈ।



## ਕੰਗ ਵੱਲੋਂ ਮਨਰੇਗਾ ਦਾ ਨਾਂਅ ਬਦਲਣ ਦੀ ਆਲੋਚਨਾ

### ਕਿਹਾ-ਯੋਜਨਾ ਦਾ ਮੂਲ ਉਦੇਸ਼ ਕੀਤਾ ਗਿਆ ਖ਼ਤਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਮਨਰੇਗਾ ਯੋਜਨਾ ਦਾ ਨਾਂਅ ਬਦਲਣ ਦੇ ਫ਼ੈਸਲੇ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਯੋਜਨਾ ਦਾ ਮੂਲ ਮਕਸਦ ਹੀ ਖ਼ਤਮ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਐੱਸ ਏ ਐੱਸ ਨਗਰ ਵਿਖੇ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨ ਕਮੇਟੀ (ਦਿਸ਼ਾ) ਦੀ ਮੀਟਿੰਗ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਐਮ ਪੀ ਕੰਗ ਨੇ ਕਿਹਾ ਕਿ ਮਨਰੇਗਾ ਦਾ ਸਿਰਫ਼ ਨਾਂ ਬਦਲਣ ਨਾਲ ਇਸ ਯੋਜਨਾ ਨਾਲ ਜੁੜੀਆਂ ਅਸਲ ਸਮੱਸਿਆਵਾਂ ਦਾ ਹੱਲ ਨਹੀਂ ਨਿਕਲਦਾ। ਉਨ੍ਹਾਂ ਕਿਹਾ, ਨਾਮ ਬਦਲਣ ਜਿਹੀਆਂ ਤਬਦੀਲੀਆਂ ਦੀ ਥਾਂ ਮੌਜੂਦਾ ਢਾਂਚੇ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਧੇਰੇ ਲੋਕਾਂ ਅਤੇ ਰਾਜਾਂ ਨੂੰ ਲਾਭ ਮਿਲ ਸਕੇ। ਨਵਾਂ ਮਾਡਲ ਰਾਜਾਂ 'ਤੇ ਵਿੱਤੀ ਬੋਝ ਵਧਾ ਰਿਹਾ ਹੈ, ਜਦਕਿ ਕਈ ਰਾਜ ਪਹਿਲਾਂ ਹੀ ਸੀਮਿਤ ਸਰੋਤਾਂ ਨਾਲ ਜੂਝ ਰਹੇ ਹਨ।



## ਨਸ਼ਾ ਛੁਡਾਊ ਕੇਂਦਰ ਵਿਖੇ ਸ਼ੁਕਰਾਨਾ ਸਮਾਗਮ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਹੁਸ਼ਿਆਰਪੁਰ ਵਿਖੇ ਟਾਂਡਾ ਬਾਈਪਾਸ ਰੋਡ ਸਥਿਤ ਚਲਾਏ ਜਾ ਰਹੇ ਆਸ ਕਿਰਨ ਡਰੱਗ ਕਾਊਂਸਲਿੰਗ ਅਤੇ ਮੁੜ ਵਸੇਬਾ ਕੇਂਦਰ ਦੀ ਪ੍ਰਬੰਧਕੀ ਕਮੇਟੀ ਬਦਲਣ ਤੇ ਕੇਂਦਰ ਵਿਖੇ 'ਸ਼ੁਕਰਾਨਾ ਸਮਾਗਮ' ਦਾ ਆਯੋਜਨ ਕਰਵਾਇਆ ਗਿਆ। ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਜਸਪ੍ਰੀਤ ਸਿੰਘ ਬਾਬਕ ਵਾਲਿਆਂ ਦੇ ਜਥੇ ਵਲੋਂ ਕੀਰਤਨ ਅਤੇ ਹਰਵਿੰਦਰ ਸਿੰਘ ਨੰਗਲ ਈਸ਼ਰ, ਬਲਵਿੰਦਰ ਸਿੰਘ ਢਿੱਲੋਂ, ਸੁਖਵੀਰ ਸਿੰਘ ਝੂਟੀ, ਡਾ ਜਸਵਿੰਦਰ ਸਿੰਘ ਡੋਗਰਾ ਵਲੋਂ ਵਿਚਾਰਾਂ ਦੀ ਸਾਂਝ ਪਾਈ। ਇਸ ਸਮੇਂ ਜਾਣਕਾਰੀ ਦਿੰਦਿਆਂ ਡਾਕਟਰ ਜਸਵਿੰਦਰ ਸਿੰਘ ਡੋਗਰਾ ਨੇ ਦੱਸਿਆ ਕਿ ਕੁਝ ਕਾਰਣਾਂ ਕਰਕੇ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸੰਨ 2001 ਤੋਂ ਹੁਸ਼ਿਆਰਪੁਰ ਵਿਖੇ ਚਲਾਏ ਜਾ ਰਹੇ ਇਸ ਆਸ ਕਿਰਨ ਡਰੱਗ ਕਾਊਂਸਲਿੰਗ ਅਤੇ ਮੁੜ ਵਸੇਬਾ ਕੇਂਦਰ ਦੀ ਪ੍ਰਬੰਧਕੀ ਕਮੇਟੀ ਬਦਲੀ ਗਈ ਹੈ ਅਤੇ ਹੁਣ ਇਸ ਕੇਂਦਰ ਦਾ ਸਮੁੱਚਾ ਪ੍ਰਬੰਧ 'ਆਸ ਕਿਰਨ ਸੋਸ਼ਲ ਵੈਲਫੇਅਰ ਸੁਸਾਇਟੀ' ਚਲਾਏਗੀ। ਉਨ੍ਹਾਂ ਕਿਹਾ ਕਿ ਅੱਜ ਦਾ ਸਮਾਗਮ ਪ੍ਰਬੰਧਕ ਕਮੇਟੀ ਬਦਲਣ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਹੀ ਕਰਵਾਇਆ ਗਿਆ ਹੈ। ਸਮਾਗਮ ਵਿੱਚ ਸ ਰਸ਼ਪਾਲ ਸਿੰਘ ਬੂਰੇ ਜੱਟਾਂ, ਡਾਕਟਰ ਅਰਬਿੰਦ ਸਿੰਘ ਧੂਤ, ਭਾਈ ਕਮਲਜੀਤ ਸਿੰਘ ਕਬੀਰਪੁਰ, ਸੁਖਜੀਤ ਸਿੰਘ, ਗੁਰਮੀਤ ਸਿੰਘ ਆਹੂਜਾ, ਭੁਪਿੰਦਰ ਸਿੰਘ, ਗੁਰਮੁਖ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ, ਹਰਪ੍ਰੀਤ ਸਿੰਘ, ਦਲਜੀਤ ਸਿੰਘ, ਬਲਵੀਰ ਸਿੰਘ, ਰਾਜ ਕੁਮਾਰ ਹਾਜ਼ਰ ਸਨ।



## ਸੀਨੀਅਰ ਮੈਡੀਕਲ ਅਫਸਰ ਨੇ ਅਹੁਦਾ ਸੰਭਾਲਿਆ

**ਬਲਾਚੌਰ (ਜਸਵਿੰਦਰ ਬੈਂਸ)**- ਡਾ. ਸਤਿੰਦਰਜੀਤ ਕੌਰ ਨੇ ਲੈਫ਼. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਵਿਖੇ ਬਤੌਰ ਸੀਨੀਅਰ ਮੈਡੀਕਲ ਅਫਸਰ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੌਕੇ ਹਸਪਤਾਲ ਦੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ਼ ਵੱਲੋਂ ਉਨ੍ਹਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਡਾ. ਸਤਿੰਦਰਜੀਤ ਕੌਰ ਨੇ ਹਸਪਤਾਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਪਲੇਠੀ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਸਮੇਂ ਸਿਰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕੀਤਾ ਜਾਵ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਹਸਪਤਾਲ ਵਿੱਚ ਇਲਾਜ ਕਰਾਉਣ ਸਮੇਂ ਮਰੀਜ਼ਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਲਾਜ ਲਈ ਮੁਫਤ ਦਵਾਈਆਂ ਸਮੇਤ ਸਾਰੀਆਂ ਲੋੜੀਂਦੀਆਂ ਸਹੂਲਤਾਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਹੀ ਮਿਲ ਜਾਣ।



## ਸਤਿਸੰਗ ਸਮਾਗਮ ਅੱਜ

**ਹੁਸ਼ਿਆਰਪੁਰ (ਓ ਪੀ ਰਾਣਾ)**- ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਆਦਿ ਧਰਮ ਮੰਡਲ ਦੇ ਸੰਸਥਾਪਕ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ ਅਤੇ ਨਵੇਂ ਸਾਲ ਦੀ ਆਮਦ ਤੇ 31 ਦਸੰਬਰ ਨੂੰ ਸ਼ਾਮ 7 ਵਜੇ ਤੋਂ ਮਹਾਨ ਸਤਿਸੰਗ ਸਮਾਗਮ ਆਰੰਭ ਹੋਣਗੇ,ਜਿਸ ਵਿੱਚ ਪ੍ਰਸਿੱਧ ਰਾਗੀ, ਢਾਡੀ ਅਤੇ ਮਿਸ਼ਨਰੀ ਗਾਇਕ ਸੰਗਤਾਂ ਨੂੰ ਕੌਮ ਦੇ ਮਹਾਨ ਰਹਿਬਰਾਂ ਦੇ ਕ੍ਰਾਂਤੀਕਾਰੀ ਮਿਸ਼ਨ ਰਾਹੀਂ ਜਾਗਰੂਕ ਕਰਨਗੇ। ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਨੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਖੁੱਲਾ ਸੱਦਾ ਪੱਤਰ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਵਿਖੇ ਹਰ ਸਾਲ ਦੀ ਤਰਾਂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ ਤੇ ਸਾਲਾਨਾ ਸਮਾਗਮ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ ਜਿਸ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਖੁੱਲਾ ਸੱਦਾ ਪੱਤਰ ਦਿਤਾ ਗਿਆ ਹੈ। ਉਨਾਂ ਦੱਸਿਆ ਕਿ 31 ਦਸੰਬਰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਕੌਮ ਦੇ ਪ੍ਰਸਿੱਧ ਰਾਗੀ, ਢਾਡੀ , ਮਿਸ਼ਨਰੀ ਗਾਇਕ ਦੇਸ਼ ਵਿਦੇਸ਼ ਤੋਂ ਸੱਚਖੰਡ ਬੇਗਮਪੁਰਾ ਵਿਖੇ ਪਹੁੰਚ ਰਹੀਆਂ ਹਜ਼ਾਰਾਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਕੌਮ ਦੇ ਸਮਾਜਿਕ ਕ੍ਰਾਂਤੀਕਾਰੀ ਰਹਿਬਰਾਂ ਦੇ ਮਿਸ਼ਨ ਰਾਹੀਂ ਜਾਗਰੂਕ ਕਰਨਗੇ। ਸੰਤ ਹੀਰਾ ਜੀ ਨੇ ਕਿਹਾ ਸੰਗਤਾਂ ਲਈ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵੱਖ ਵੱਖ ਸ਼ਰਧਾਵਾਨ ਗੁਰੂ ਪ੍ਰੇਮੀਆਂ ਵਲੋਂ ਲਗਾਏ ਜਾ ਰਹੇ ਹਨ।



## ਇੱਕੋ ਪਰਵਾਰ ਦੇ ਪੰਜ ਮੈਂਬਰਾਂ ਵੱਲੋਂ ਮਰਨ ਉਪਰੰਤ ਸਰੀਰ ਦਾਨ ਕਰਨ ਦਾ ਐਲਾਨ

**ਜਲੰਧਰ (ਸ਼ੈਲੀ ਐਲਬਰਟ)**- ਇੱਕ ਮ੍ਰਿਤਕ ਦਾ ਸਰੀਰ ਸਾੜਨਾ ਇੱਕ ਅਮੀਰ ਲਾਇਬਰੇਰੀ ਸਾੜਨ ਤੁੱਲ ਹੈ ਅਤੇ ਮਨੁੱਖੀ ਕਦਰਾਂ ਕੀਮਤਾਂ ਵਿਰੋਧੀ ਅਤੇ ਨੈਤਿਕ ਅਪਰਾਧ ਵੀ ਹੈ ਅਤੇ ਇਸ ਜਾਗਰੂਕ ਵਿਚਾਰ ਨੂੰ ਵਿਹਾਰ ਵਿੱਚ ਲਿਆਉਣਾ ਸਮੇ ਦੀ ਲੋੜ ਹੈ । ਭਾਰਤੀ ਜੀਵਨ ਬੀਮਾ ਨਿਗਮ ਦੇ ਸਾਬਕਾ ਸੀਨੀਅਰ ਅਧਿਕਾਰੀ ਸੁਖਵਿੰਦਰ ਸਿੰਘ ਮੱਲ੍ਹੀ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਇਰਵਿੰਦਰ ਕੌਰ ਮੱਲ੍ਹੀ, ਲੈਕਚਰਾਰ ਨੇ ਇਹ ਵਿਚਾਰ ਜਲੰਧਰ ਦੇ ਪ੍ਰੈਸ ਕਲੱਬ ਵਿੱਚ ਪ੍ਰਗਟਾਏ ਜਿੱਥੇ ਉਨ੍ਹਾਂ ਨੇ ਮਰਨ ਉਪਰੰਤ ਆਪਣਾ ਸਰੀਰ ਅਤੇ ਆਪਣੇ ਪਿਤਾ ਸਰਦਾਰ ਸੋਹਨ ਸਿੰਘ ਮੱਲ੍ਹੀ ਸਿੰਘ, ਭੁਪਿੰਦਰ ਕੌਰ ਸੰਧੂ ਅਤੇ ਬਖਸ਼ੀਸ਼ ਸਿੰਘ ਸੰਧੂ ਜੋ ਕਿ ਇਰਵਿੰਦਰ ਕੌਰ ਮੱਲੀ ਦੇ ਮਾਤਾ ਪਿਤਾ ਹਨ ,ਉਨ੍ਹਾਂ ਨੇ ਵੀ ਸੰਕਲਪ ਪੱਤਰ ਭਰਕੇ ਬਹੁਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ਼ ਲਾਇਨ ਐੱਸ ਐਮ ਸਿੰਘ ਅਤੇ ਹੋਰ ਹਾਜ਼ਰ ਅਹੁਦੇਦਾਰਾਂ ਐਮ ਪੀ ਸਿੰਘ ਸਰਪ੍ਰਸਤ , ਸਰਬਜੀਤ ਕੌਰ, ਚੇਅਰਮੈਨ ਇਸਤਰੀ ਵਿੰਗ, ਕੈਪਟਨ ਜਸਵਿੰਦਰ ਸਿੰਘ, ਚੇਅਰਮੈਨ, ਸਕੱਤਰ ਸੁਰਿੰਦਰ ਭਾਰਤੀ , ਐੱਸ ਪੀ ਸਿੰਘ, ਚੇਅਰਮੈਨ ਨੇਤਰ ਦਾਨ ਤਰਸੇਮ ਜਲੰਧਰੀ, ਕਿਰਨ ਨਾਗਪਾਲ ਪ੍ਰਧਾਨ ਨਿਸ਼ਕਾਮ ਸੇਵਾ ਸੁਸਾਇਟੀ, ਸੁਰਿੰਦਰ ਸੈਣੀ, ਪ੍ਰਧਾਨ, ਜਲੰਧਰ ਵੈੱਲਫੇਅਰ ਸੁਸਾਇਟੀ, ਰਮੇਸ਼ ਲਖਨਪਾਲ ( ਉਪ ਚੇਅਰਮੈਨ) ਨੂੰ ਸੌਂਪੇ। ਮੱਲ੍ਹੀ ਨੇ ਕਿਹਾ ਕਿ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਮਰਨ ਉਪਰੰਤ ਸਾਡੇ ਪਰਿਵਾਰ ਦੇ ਮੈਂਬਰਾਂ ਦਾ ਦੇਹ ਸੰਸਕਾਰ ਕਰਕੇ ਉਨ੍ਹਾਂ ਚਾਲੀ ਲੋਕਾਂ ਦੀਆਂ ਆਸਾਂ ਅਤੇ ਖੁਸ਼ੀਆਂ ਅਤੇ ਉਮੀਦਾਂ ਦਾ ਕਤਲ ਹੋਵੇ ਜੋ ਅੰਗਦਾਨ ਦੇ ਸਾਡੇ ਫ਼ੈਸਲੇ ਦੀ ਉਡੀਕ ਵਿੱਚ ਚੰਗੇਰੇ ਅਤੇ ਰੌਸ਼ਨ ਜੀਵਨ ਦੀ ਆਸ ਵਿੱਚ ਜੀਵਨ ਬਤੀਤ ਕਰ ਰਹੇ ਹਨ ।




## 'ਆਪ' ਦੇ ਸਰਪੰਚ ਸਮੇਤ ਕਈ ਸਰਗਰਮ ਆਗੂ ਕਾਂਗਰਸ 'ਚ ਸ਼ਾਮਿਲ

**ਮੋਹਾਲੀ (ਗੁਰਜੀਤ ਬਿੱਲਾ)**- ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਵਿੱਚ ਬਲੌਂਗੀ ਪਿੰਡ ਦੇ ਮੌਜੂਦਾ ਆਮ ਆਦਮੀ ਪਾਰਟੀ ਦੇ ਸਰਪੰਚ ਮੱਖਣ ਸਿੰਘ ਸਮੇਤ ਕਈ ਸਰਗਰਮ ਆਗੂ ਡਾ. ਹਰਬੰਸ ਸਿੰਘ ਰੰਧਾਵਾ, ਕ੍ਰਿਸ਼ਨ ਕੁਮਾਰ, ਰਾਮ ਕਰਨ, ਸੁਭਾਸ਼ ਚੰਦ ਅਤੇ ਅਮਰਜੀਤ ਕੌਰ ਨੇ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਰਾਜਨੀਤਕ ਸ਼ਮੂਲੀਅਤ ਨੂੰ ਆਮ ਆਦਮੀ ਪਾਰਟੀ ਲਈ ਇੱਕ ਵੱਡਾ ਸਿਆਸੀ ਝਟਕਾ ਅਤੇ ਕਾਂਗਰਸ ਪਾਰਟੀ ਲਈ ਜ਼ਮੀਨੀ ਪੱਧਰ 'ਤੇ ਵਧਦੀ ਮਜ਼ਬੂਤੀ ਵਜੋਂ ਦੇਖਿਆ ਜਾ ਰਿਹਾ ਹੈ। ਇਨ੍ਹਾਂ ਆਗੂਆਂ ਦੀ ਲੋਕਾਂ ਵਿੱਚ ਮਜ਼ਬੂਤ ਪਕੜ ਕਾਰਨ ਇਹ ਸ਼ਮੂਲੀਅਤ ਖਾਸ ਅਹਿਮੀਅਤ ਰੱਖਦੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੇ ਹੱਕਾਂ ਅਤੇ ਭਲਾਈ ਲਈ ਕੰਮ ਕਰਦੀ ਆਈ ਹੈ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਆਗੂਆਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ।



## ਜ਼ਿਲ੍ਹਾ ਪੱਧਰੀ ਧਰਨਿਆਂ 'ਚ ਮਜ਼ਦੂਰ ਤੇ ਕਿਸਾਨ ਸ਼ਮੂਲੀਅਤ ਕਰਨਗੇ

**ਬਲਾਚੌਰ (ਜਸਵਿੰਦਰ ਬੈਂਸ)**- ਇੱਥੇ ਬਾਬਾ ਵਤਨ ਸਿੰਘ ਟੱਪਰੀਆਂ ਭਵਨ ਵਿਖੇ ਸਨਅਤੀ ਮਜ਼ਦੂਰਾਂ, ਪੇਂਡੂ ਮਜ਼ਦੂਰਾਂ, ਮਨਰੇਗਾ ਮਜ਼ਦੂਰਾਂ ਅਤੇ ਕਿਸਾਨਾਂ ਵਲੋਂ ਕਨਵੈਨਸ਼ਨ ਪ੍ਰੇਮ ਰੱਕੜ ਦੀ ਪ੍ਰਧਾਨਗੀ ਹੇਠ ਕੀਤੀ ਗਈ।ਸੀ ਆਈ ਟੀ ਯੂ (ਸੀਟੂ) ਪੰਜਾਬ ਦੇ ਪ੍ਰਧਾਨ ਸਾਥੀ ਚੰਦਰ ਸ਼ੇਖਰ ਕਨਵੈਨਸ਼ਨ ਵਿੱਚ ਮੁੱਖ ਬੁਲਾਰੇ ਸਨ। ਚੰਦਰ ਸ਼ੇਖਰ ਨੇ ਕਨਵੈਨਸ਼ਨ ਵਿੱਚ ਸ਼ਾਮਲ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ ਲਗਾਤਾਰ ਮਜ਼ਦੂਰਾਂ, ਕਿਸਾਨਾਂ ਅਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਸੰਸਦ ਵਿੱਚ ਨਿੱਤ ਨਵੇਂ ਦਿਨ ਮਿਹਨਤਕਸ਼ ਅਵਾਮ ਵਿਰੁੱਧ ਬਿਲ ਲਿਆਕੇ ਕਾਨੂੰਨ ਬਣਾਏ ਜਾ ਰਹੇ ਹਨ। ਇਸੇ ਕੜੀ ਵਿੱਚ ਬਿਜਲੀ ਬਿੱਲ 2025 ,ਬੀਜ ਬਿਲ 2025 ,ਵਿਕਸਤ ਭਾਰਤ ਜੀ ਰਾਮ ਜੀ , ਮਜ਼ਦੂਰ ਪੱਖੀ 51 ਕਿਰਤ ਕਾਨੂੰਨਾਂ ਨੂੰ ਰੱਦ ਕਰਕੇ 4 ਮਜ਼ਦੂਰ ਵਿਰੋਧੀ ਕੋਡਾਂ ਨੂੰ ਲਾਗੂ ਕਰਨਾ ਅਤੇ ਹੋਰ ਲੋਕ ਵਿਰੋਧੀ ਸੰਸਦ ਅਤੇ ਕੇਂਦਰੀ ਕੈਬਨਿਟ ਵਿੱਚ ਲਗਾਤਾਰ ਮਜ਼ਦੂਰ ਕਿਸਾਨ ਵਿਰੋਧੀ ਫ਼ੈਸਲੇ ਲਏ ਜਾ ਰਹੇ ਹਨ। ਇਹਨਾਂ ਫੈਸਲਿਆਂ ਅਤੇ ਨੀਤੀਆਂ ਵਿਰੁੱਧ 12 ਫਰਵਰੀ 2026 ਨੂੰ ਦੇਸ਼ ਦੀਆਂ 10 ਟਰੇਡ ਯੂਨੀਅਨਾਂ, ਅਜ਼ਾਦ ਫੈਡਰੇਸ਼ਨਾਂ ਵਲੋਂ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਦੀ ਸੁਰੱਖਿਆ ਲਈ, ਮਜ਼ਦੂਰ ਕਿਸਾਨਾਂ ਦੀ ਅਧਿਕਾਰਾਂ ਦੀ ਰਾਖੀ ਲਈ ਇਸ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਇਆ ਜਾਵੇ। ਰੌੜੀ ਤੇ ਰੱਕੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 16 ਜਨਵਰੀ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇ।ਇਸ ਕਨਵੈਨਸ਼ਨ ਵਿੱਚ 3 ਦਰਜਨ ਤੋਂ ਵੱਧ ਕਿਸਾਨਾਂ ਮਜ਼ਦੂਰਾਂ ਦੇ ਨੁਮਾਇੰਦੇ ਸ਼ਾਮਲ ਸਨ, ਜਿਹਨਾਂ ਵਿੱਚ ਮੁੱਖ ਸਾਥੀ ਜਸਵੰਤ ਸਿੰਘ ਸੈਣੀ, ਅਜੇ ਕੁਮਾਰ, ਅਤੁਲ ਸੈਣੀ, ਸਰਬਜੀਤ ਸਿੰਘ, ਪਰਮਜੀਤ ਕੰਗ, ਬਿਕਰਮਜੀਤ ਸਿੰਘ,ਹਲਵਿੰਦਰ ਸਿੰਘ, ਪਰਮਜੀਤ ਰੌੜੀ, ਦਿਲਬਾਗ ਸਿੰਘ ਕੰਗਣਾ ਬੇਟ, ਹੁਸਨ ਮਝੋਟ ਆਦਿ ਸ਼ਾਮਲ ਸਨ, ਕਨਵੈਨਸ਼ਨ ਉਪਰੰਤ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਦੀਆਂ ਕਾਪੀਆਂ ਸਾੜੀਆਂ ਗਈਆਂ। ਕਨਵੈਨਸ਼ਨ ਦੇ ਅੰਤ ਵਿੱਚ ਪ੍ਰੇਮ ਰੱਕੜ ਵੱਲੋਂ ਕਨਵੈਨਸ਼ਨ ਵਿੱਚ ਸ਼ਾਮਲ ਸਾਥੀਆਂ ਦਾ ਧੰਨਵਾਦ ਕੀਤਾ।



## ਗੁਰਦੁਆਰਾ ਤਾਲਮੇਲ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਉਣ ਦਾ ਫੈਸਲਾ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਗੁਰਦੁਆਰਾ ਤਾਲਮੇਲ ਕਮੇਟੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੀ ਵਿਸ਼ੇਸ਼ ਮੀਟਿੰਗ ਜੋਗਿੰਦਰ ਸਿੰਘ ਸੋਂਧੀ ਦੀ ਅਗਵਾਈ ਹੇਠ 10 ਦਸੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ 1 ਮੋਹਾਲੀ ਵਿਖੇ ਹੋਈ ਸੀ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ 2 ਜਨਵਰੀ ਨੂੰ ਸਜਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਜੱਥੇਦਾਰ ਮਨਜੀਤ ਸਿੰਘ ਮਾਨ ਨੇ ਦੱਸਿਆ ਨਗਰ ਕੀਰਤਨ ਗੁਰਦੁਆਰਾ ਫੇਜ਼ 1 ਤੋਂ ਸਵੇਰੇ 10 ਵਜੇ ਅਰੰਭ ਹੋ ਕੇ ਗੁਰੂ ਨਾਨਕ ਮਾਰਕੀਟ ਫੇਜ਼ 1 ਤੋਂ ਪੁਰਾਣਾ ਡੀ ਸੀ ਦਫ਼ਤਰ, ਸੈਕਟਰ 55-56 ਦੀਆਂ ਲਾਈਟਾ ਤੋਂ ਵਾਪਸ ਮੁੜ ਕੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸੈਕਟਰ 55 ਬੈਰੀਅਰ ਤੋਂ ਫਰੈਂਕੋ ਹੋਟਲ, ਡਿਪਲਾਸਟ ਚੌਂਕ ਤੋਂ ਮਦਨਪੁਰ ਚੌਂਕ, ਰਾਮਗੜ੍ਹੀਆ ਭਵਨ ਫੇਜ਼ 3ਬੀ1 ਵਾਇਆ ਐਚ ਐੱਮ ਮਕਾਨਾਂ 3ਬੀ2 ਮਾਰਕੀਟ ਗੁਰਦੁਆਰਾ ਸਾਚਾ ਧਨੁ ਸਾਹਿਬ, ਫੇਜ਼ 7 ਲਾਈਟਾਂ ਵਾਲੇ ਵਾਲ ਚੌਂਕ, ਗੁਰਦੁਆਰਾ ਅੰਬ ਸਾਹਿਬ ਫੇਜ਼ 8, ਫਜ਼ 9-10, ਦੀ ਮਾਰਕੀਟ ਤੋਂ ਹੁੰਦੇ ਹੋਏ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ 11, ਫੇਜ਼ 11 ਦੇ ਕੁਆਟਰਾਂ ਤੋਂ ਹੁੰਦੇ ਹੋਏ ਸੈਕਟਰ 66 ਪੰਜਾਬ ਮੰਡੀ ਬੋਰਡ ਦੇ ਮਕਾਨ ਤੋਂ ਹੁੰਦੇ ਹੋਏ ਗੁਰਦੁਆਰਾ ਨਾਨਕ ਦਰਬਾਰ ਸੈਕਟਰ 66 ਵਿਖੇ ਰਾਤ ਤਕਰੀਬਨ 8 ਵਜੇ ਦੇ ਕਰੀਬ ਸਸੰਪੂਰਨ ਹੋਵੇਗਾ। ਮੀਟਿੰਗ ਵਿੱਚ ਕਰਮ ਸਿੰਘ ਬਬਰਾ, ਪ੍ਰੀਤਮ ਸਿੰਘ, ਹਰਪਾਲ ਸਿੰਘ ਖਾਲਸਾ, ਹਰਜੀਤ ਸਿੰਘ, ਜਗਦੀਸ਼ ਸਿੰਘ, ਸੁਰਜੀਤ ਸਿੰਘ ਮਗਰੂ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਸੁਰਿੰਦਰ ਸਿੰਘ, ਗੁਰਨਾਮ ਸਿੰਘ, ਅਮਰਜੀਤ ਸਿੰਘ, ਨਿਰਮਲ ਸਿੰਘ, ਜਰਨੈਲ ਸਿੰਘ, ਪਦਮਜੀਤ ਸਿੰਘ, ਹਰਫੂਲ ਸਿੰਘ, ਇੰਦਰਜੀਤ ਸਿੰਘ, ਸੁਰਿੰਦਰ ਸਿੰਘ, ਜਗਜੀਤ ਸਿੰਘ, ਹਰਦੀਪ ਸਿੰਘ, ਮੋਹਨ ਸਿੰਘ, ਜਸਵੰਤ ਸਿੰਘ ਤੋਂ ਇਲਾਵਾ ਕਈ ਮੈਂਬਰਾਂ ਨੇ ਹਾਜਰੀ ਭਰੀ। ਇਹ ਜਾਣਕਾਰੀ ਗੁਰਦੁਆਰਾ ਤਾਲਮੇਲ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਸੋਂਧੀ ਵੱਲੋਂ ਦਿੱਤੀ ਗਈ।



## ਲਾਇਨ ਅਰਵਿੰਦਰ ਪਾਲ ਸਿੰਘ ਦਾ ਜਨਮ ਦਿਨ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਸਵਰਨ ਸਿੰਘ ਖਾਲਸਾ ਦੀ ਦਿਸ਼ਾ ਨਿਰਦੇਸ਼ ਅਨੁਸਾਰ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਲਾਇਨਜ ਕਲੱਬ ਇੰਟਰਨੈਸ਼ਨਲ ਪ੍ਰਧਾਨ ਲਾਇਨ ਅਰਵਿੰਦਰ ਪਾਲ ਸਿੰਘ ਦਾ ਜਨਮ ਦਿਨ ਮਨਾਇਆ ਗਿਆ ਅਤੇ ਕਲੱਬ ਮੀਟਿੰਗ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਸਵਰਨ ਸਿੰਘ ਖਾਲਸਾ ਜੀ ਸ਼ਾਮਲ ਹੋਏ। ਲਾਇਨ ਸਵਰਨ ਸਿੰਘ ਖਾਲਸਾ ਵਲੋਂ ਕਲੱਬ ਦੇ ਸਮੂਹ ਲਾਇਨ ਮੈਂਬਰਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਕਲੱਬ ਵਿੱਚ ਨਵੇਂ ਚਾਰ ਮੈਂਬਰ ਲਾਇਨਜ ਕਲੱਬ ਇੰਟਰਨੈਸ਼ਨਲ ਪ੍ਰਧਾਨ ਲਾਇਨ ਅਰਵਿੰਦਰ ਪਾਲ ਸਿੰਘ ਦੇ ਜਨਮਦਿਨ ਨੂੰ ਮੁੱਖ ਰਖਦੇ ਹੋਏ ਗਿਫਟ ਵਜੋਂ ਦਰਜ ਕਰਵਾਏ ਅਤੇ ਨਵੇਂ ਬਣੇ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਵਲੋਂ ਲਾਇਨ ਸਵਰਨ ਸਿੰਘ ਖਾਲਸਾ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਅਗਲੇ ਛੇ ਮਹੀਨ ਵਿਚ ਤਕਰੀਬਨ ਦਸ ਹੋਰ ਨਵੇਂ ਲਾਇਨ ਕਲੱਬ ਇੰਟਰਨੈਸ਼ਨਲ ਦੇ ਮੈਂਬਰ ਇਸ ਕਲੱਬ ਵਲੋਂ ਬਣਾਏ ਜਾਣਗੇ। ਇਸ ਮੌਕੇ ਕਲੱਬ ਦੇ ਸਮੂਹ ਲਾਇਨ ਮੈਂਬਰ ਵੀ ਸ਼ਾਮਲ ਹੋਏ।

## ਪ੍ਰਯੋਗੀ ਪ੍ਰੀਖਿਆਵਾਂ 2 ਤੋਂ 12 ਫਰਵਰੀ ਤੱਕ

**ਐੱਸ.ਏ.ਐਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਦਸਵੀਂ ਅਤੇ ਬਾਰ੍ਹਵੀਂ ਦੀਆਂ ਸਾਲਾਨਾ ਪ੍ਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪ੍ਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ, ਦਰਜਾ/ਕਾਰਗੁਜ਼ਾਰੀ ਵਧਾਉਣ ਲਈ ਅਤੇ ਵੋਕੇਸ਼ਨਲ/ਐਨ.ਐਸ.ਕਿਊ.ਐਫ ਵਿਸ਼ੇ ਦੀਆਂ ਪ੍ਰਯੋਗੀ ਪ੍ਰੀਖਿਆਵਾਂ 2 ਫਰਬਰੀ ਤੋਂ 12 ਫਰਬਰੀ 2026 ਤੱਕ ਹੋਣੀਆਂ ਹਨ। ਸਬੰਧਤ ਸਕੂਲ ਮੁਖੀ ਇਹਨਾਂ ਵਿਸ਼ਿਆਂ ਦੇ ਪ੍ਰੀਖਿਆਰਥੀਆਂ ਨੂੰ ਨੋਟ ਕਰਵਾ ਦੇਣ ਤਾਂ ਜੋ ਕੋਈ ਪ੍ਰੀਖਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ। ਡੇਟਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in 'ਤੇ ਉਪਲੱਬਧ ਹੈ ਅਤੇ ਲੋੜ ਪੈਣ 'ਤੇ Email: conductpseb@gmail.com 'ਤੇ ਸੰਪਰਕ ਕੀਤਾ ਜਾਵੇ।

## ਜਸਪ੍ਰੀਤ ਕੌਰ ਦਾ ਕਾਵਿ ਸੰਗ੍ਰਹਿ 'ਵਜੂਦ' ਲੋਕ ਅਰਪਣ



**ਜਲੰਧਰ (ਰਾਜੇਸ਼ ਥਾਪਾ)**- ਪੰਜਾਬੀ ਸਾਹਿਤ ਸਭਾ ਬੰਡਾਲਾ ਮੰਜਕੀ ਦੀ ਮੀਟਿੰਗ ਪ੍ਰਧਾਨ ਬਲਵੀਰ ਕੌਰ ਬਾਸਲ ਦੀ ਪ੍ਰਧਾਨਗੀ ਹੇਠ ਲਾਇਬਰੇਰੀ ਬੰਡਾਲਾ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਕੌਮਾਂਤਰੀ ਭਾਸ਼ਾ ਦਿਵਸ ਸਬੰਧੀ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਵਿੱਚ ਪੰਜਾਬੀ ਬੋਲੀ ਨੂੰ ਸਮਰਪਿਤ ਕੌਮਾਂਤਰੀ ਪੰਜਾਬੀ ਬੋਲੀ ਦਿਵਸ 21 ਫਰਵਰੀ 2026 ਨੂੰ ਮਹਿਲਾ ਮੰਡਲ ਬੰਡਾਲਾ ਵਿਖੇ ਮਨਾਉਣ ਦਾ ਫੈਸਲਾ ਕੀਤਾ ਗਿਆ। ਦੂਸਰੇ ਮਤੇ ਰਾਹੀਂ ਕੌਮਾਂਤਰੀ ਇਸਤਰੀ ਦਿਵਸ 08 ਮਾਰਚ 2026 ਨੂੰ ਮਹਿਲਾ ਮੰਡਲ ਬੰਡਾਲਾ ਵਿਖੇ ਵੱਡੀ ਗਿਣਤੀ ਵਿੱਚ ਮਨਾਉਣ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਦੀ ਰੂਪ ਰੇਖਾ 21 ਫਰਵਰੀ 2026 ਨੂੰ ਕੀਤੀ ਜਾ ਰਹੀ ਪੰਜਾਬੀ ਸਹਿਤ ਸਭਾ ਦੀ ਜਨਰਲ ਬਾਡੀ ਮੀਟਿੰਗ ਵਿੱਚ ਉਲੀਕੀ ਜਾਵੇਗੀ। ਇਸ ਮੌਕੇ ਪੰਜਾਬੀ ਸਹਿਤ ਸਭਾ ਬੰਡਾਲਾ ਦੀ ਜੁਆਇੰਟ ਸਕੱਤਰ ਜਸਪ੍ਰੀਤ ਕੌਰ ਦਾ ਲਿਖਿਆ ਕਾਵਿ ਸੰਗ੍ਰਹਿ 'ਵਜੂਦ' ਵੀ ਪੰਜਾਬੀ ਸਾਹਿਤ ਸਭਾ ਵੱਲੋਂ ਰਿਲੀਜ਼ ਕੀਤਾ ਗਿਆ । ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਜਨਰਲ ਸਕੱਤਰ ਬਲਵਿੰਦਰ ਸਿੰਘ ਬਾਸੀ, ਮੀਤ ਪ੍ਰਧਾਨ ਕੁਲਦੀਪ ਸਿੰਘ ਸਰਪੰਚ, ਜੁਆਇੰਟ ਸਕੱਤਰ ਜਸਪ੍ਰੀਤ ਕੌਰ,ਕੈਸ਼ੀਅਰ ਸਰਜੀਵਨ ਕੁਮਾਰ ਤੋਂ ਇਲਾਵਾ ਸ਼ਮਿੰਦਰ ਕੁਮਾਰ ਬਿੰਦੀ, ਹਰਦੀਪ ਸਿੰਘ,ਕੁਲਦੀਪ ਸਿੰਘ ਟਿੱਕਾ, ਸ਼ਮਿੰਦਰ ਸਿੰਘ, ਬਰਿੰਦਰ, ਮਹਿੰਦਰ ਕੌਰ ਅਤੇ ਦਲਬੀਰੋ ਵੀ ਹਾਜ਼ਰ ਸਨ।

## ਸਾਲਾਨਾ ਫੁੱਟਬਾਲ ਟੂਰਨਾਮੈਂਟ ਕਰਵਾਇਆ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਸ਼ਹੀਦ ਮੁਖਤਿਆਰ ਸਿੰਘ ਸਪੋਰਟਸ ਕਲੱਬ ਪਿੰਡ ਤਾਜੇਵਾਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਦੇ ਸਹਿਯੋਗ ਨਾਲ ਸਾਲਾਨਾ ਫੁੱਟਬਾਲ ਟੂਰਨਾਮੈਂਟ ਬਹੁਤ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਇਲਾਕੇ ਦੀਆਂ ਪ੍ਰਸਿੱਧ 32 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੁਕਾਬਲੇ ਵਿੱਚ ਪਿੰਡ ਪਰਸੋਵਾਲ ਦੀ ਟੀਮ ਨੇ ਤਾਜੇਵਾਲ ਨੂੰ ਹਰਾ ਕੇ ਸ਼ਾਨਦਾਰ ਟਰਾਫੀ ਤੇ ਕਬਜ਼ਾ ਕੀਤਾ। ਪ੍ਰਬੰਧਕਾਂ ਵੱਲੋਂ ਪਰਸੋਵਾਲ ਦੀ ਟੀਮ ਨੂੰ ਨਕਦ ਰਾਸ਼ੀ ਅਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਨੇ ਸ਼ਿਰਕਤ ਕੀਤੀ। ਉਹਨਾਂ ਨੇ ਆਪਣੇ ਸੰਬੋਧਨ ਵਿੱਚ ਖਿਡਾਰੀਆਂ ਨੂੰ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣ ਲਈ ਕਿਹਾ। ਇਸ ਮੌਕੇ ਸੰਤ ਮਹਾਂਵੀਰ ਸਿੰਘ ਤਾਜੇਵਾਲ ਡੇਰਾ ਬੁੰਗਾ ਸਾਹਿਬ ਅਤੇ ਸੰਤ ਬਲਵੀਰ ਸਿੰਘ ਟਿੱਬਾ ਸਾਹਿਬ ਵਾਲੇ ਵੀ ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ ਤੇ ਹਾਜ਼ਰ ਹਾਜ਼ਰ ਹੋਏ। ਉਨ੍ਹਾਂ ਖੇਡ ਪ੍ਰੇਮੀਆਂ ਨੂੰ ਆਪਣੇ ਵਚਨਾਂ ਨਾਲ ਨਿਹਾਲ ਕਰਦੇ ਹੋਏ ਕਿਹਾ ਕਿ ਖੇਡਾਂ ਜਿੱਥੇ ਸਾਡੀ ਸਰੀਰਕ ਤੰਦਰੁਸਤੀ ਨੂੰ ਕਾਇਮ ਰੱਖਦੀਆਂ ਹਨ ਉਸ ਦੇ ਨਾਲ ਹੀ ਸਾਨੂੰ ਮਾਨਸਿਕ ਤੌਰ ਤੇ ਸਕੂਨ ਦੇਣ ਵਿੱਚ ਵੀ ਸਹਾਇਕ ਸਿੱਧ ਹੁੰਦੀਆਂ ਹਨ। ਇਸ ਸਮਾਗਮ ਵਿੱਚ ਦਰਵੀਰ ਰਾਜ ਭਟੋਆ ਕਮਿਸ਼ਨਰ ਸਾਹਿਬ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਨਗਦ ਰਾਸ਼ੀ ਦੇ ਕੇ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ। ਇਸ ਮੌਕੇ ਐੱਨ ਆਰ ਆਈ ਬਚਿੱਤਰ ਸਿੰਘ, ਪੰਚ ਸੁੱਚਾ ਸਿੰਘ, ਰਣਜੀਤ ਸਿੰਘ ਫੌਜੀ, ਹਰਮੀਤ ਸਿੰਘ ਫੌਜੀ, ਕੁਲਜੀਤ ਸਿੰਘ ਸੋਢੀ, ਡਾਕਟਰ ਜਸਵੀਰ ਸਿੰਘ ਅਤੇ ਹੋਰ ਪਿੰਡ ਨਿਵਾਸੀਆਂ ਨੇ ਵੀ ਇਸ ਟੂਰਨਾਮੈਂਟ ਦੌਰਾਨ ਹਰ ਤਰ੍ਹਾਂ ਦਾ ਸਹਿਯੋਗ ਕੀਤਾ। ਇਸ ਮੌਕੇ ਸਾਬਕਾ ਸਰਪੰਚ ਦਿਲਬਾਗ ਸਿੰਘ ਬੱਧਣਾ, ਫੌਜੀ ਹਰਭਜਨ ਰਾਮ, ਐਨ.ਵੀ.ਟੀ. ਸਪੋਰਟਸ ਕਲੱਬ ਦੇ ਸਮੂਹ ਮੈਂਬਰ ਸਾਹਿਬਾਨ, ਸਰਪੰਚ ਹਰਨੇਕ ਸਿੰਘ ਜਿਆਣ, ਬਲਾਕ ਪ੍ਰਧਾਨ ਨਰੇਸ਼, ਚਰਨਜੀਤ ਸਿੰਘ ਬੰਟੀ, ਜ਼ਿਲ੍ਹਾ ਪ੍ਰਧਾਨ ਬਾਗੀ ਚੱਕ ਸਾਧੂ, ਸਰਪੰਚ ਅਮਰਜੀਤ ਸਿੰਘ, ਟੀਮ ਕੈਪਟਨ ਜੋਤੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਟੂਰਨਾਮੈਂਟ ਦੇਖਣ ਆਏ ਖੇਡ ਪ੍ਰੇਮੀਆਂ ਨੇ ਇਸ ਮੈਚ ਦਾ ਖੂਬ ਆਨੰਦ ਮਾਣਿਆ ਅਤੇ ਪ੍ਰਬੰਧਕਾਂ ਨੂੰ ਇਸ ਟੂਰਨਾਮੈਂਟ ਲਈ ਸ਼ਾਬਾਸ਼ ਦਿੱਤੀ।



## ਸੰਤ ਬਾਬਾ ਜੋਗਾ ਸਿੰਘ ਯਾਦਗਾਰੀ ਸਮਾਗਮ 2 ਨੂੰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸੱਚਖੰਡ ਵਾਸੀ ਸੰਤ ਬਾਬਾ ਜੋਗਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਾਲਾਨਾ ਧਾਰਮਿਕ ਸਮਾਗਮ 2 ਜਨਵਰੀ ਨੂੰ ਗੁਰਦੁਆਰਾ ਤੱਪ ਅਸਥਾਨ ਦਸਮੇਸ਼ ਨਗਰ ਟਾਂਡਾ ਵਿਖੇ ਕਰਵਾਇਆ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਮੁੱਖ ਸੇਵਾਦਾਰ ਸੰਤ ਬਾਬਾ ਜਸਪ੍ਰੀਤ ਸਿੰਘ ਜੀ ਦੀ ਦੇਖ-ਰੇਖ ਹੇਠ ਹੋਣ ਵਾਲੇ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਇਸ ਮੌਕੇ 2 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ। ਉਪਰੰਤ 2 ਵਜੇ ਤੱਕ ਸਜਾਏ ਜਾ ਰਹੇ ਕੀਰਤਨ ਦਰਬਾਰ ਵਿੱਚ ਭਾਈ ਪ੍ਰਿਤਪਾਲ ਸਿੰਘ ਦਸੂਹਾ ਅਤੇ ਭਾਈ ਮਨਵੀਰ ਸਿੰਘ ਭੁੱਚੋ ਸਾਹਿਬ ਵਾਲੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ। ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ ਇਸ ਮੌਕੇ ਬਾਬਾ ਜੋਗਾ ਸਿੰਘ ਡਿਸਪੈਂਸਰੀ ਵੱਲੋਂ ਮੁਫਤ ਮੈਡੀਕਲ ਚੈੱਕ ਅਪ ਕੈਂਪ ਵੀ ਲਗਾਇਆ ਜਾਵੇਗਾ ਤੇ ਜ਼ਰੂਰਤ ਮੰਦ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।

